@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Saturday, 24 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 24 ਫਰਵਰੀ 2024, 9 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 85, qpatrika@gmail.com ਫੋਨ : 9971359517 www.qaumipatrika.org

## ਭਾਜਪਾ ਨੇਤਾ ਅਸ਼ੋਕ ਚੌਹਾਨ ਦੀ ਸੁਰੱਖਿਆ ਵਧਾ ਕੇ 'ਵਾਈ ਪਲੱਸ' ਸ਼੍ਰੇਣੀ ਕੀਤੀ ਗਈ

ਮੁੰਬਈ 23 ਫਰਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਅਤੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚੌਹਾਨ ਦੀ ਸੁਰੱਖਿਆ ਵਧਾ ਕੇ 'ਵਾਈ ਪਲੱਸ' ਸ਼੍ਰੇਣੀ ਕੀਤੀ ਗਈ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਰਾਜ ਪੁਲਸ ਨੇ ਮੁੰਬਈ ਅਤੇ ਗ੍ਰਹਿ ਨਗਰ ਨਾਂਦੇੜ 'ਚ ਸਥਿਤ ਚੌਹਾਨ ਦੇ ਘਰ ਵੀ ਸੁਰੱਖਿਆ ਵਧਾ ਦਿੱਤੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਰਾਜ ਪੁਲਸ ਨੇ ਮੁੰਬਈ ਅਤੇ ਗ੍ਰਹਿ ਨਗਰ ਨਾਂਦੇੜ ਸਥਿਤ ਚੌਹਾਨ ਦੇ ਘਰ ਵੀ



ਸੁਰੱਖਿਆ ਵਧਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਚੌਹਾਨ ਨੂੰ 'ਵਾਈ' ਸ਼੍ਰੇਣੀ ਦੀ ਸੁਰੱਖਿਆ ਮਿਲੀ ਹੋਈ ਸੀ। 'ਵਾਈ ਪਲੱਸ' ਸ਼੍ਰੇਣੀ ਦੀ ਸੁਰੱਖਿਆ 'ਚ 2 ਸੁਰੱਖਿਆ ਕਰਮੀ ਸ਼ਾਮਲ ਹੁੰਦੇ ਹਨ। ਅਧਿਕਾਰੀ ਨੇ ਕਿਹਾ ਕਿ ਖਤਰੇ ਦੇ ਸ਼ੱਕ ਨੂੰ ਧਿਆਨ 'ਚ ਰੱਖਦੇ ਹੋਏ ਰਾਜ ਪੁਲਸ ਦੇ ਵੀ.ਆਈ.ਪੀ. ਸੁਰੱਖਿਆ ਵਿਭਾਗ ਨੇ ਚੌਹਾਨ ਨੂੰ ਦਿੱਤੀ ਜਾ ਰਹੀ ਸੁਰੱਖਿਆ ਦੀ ਸ਼੍ਰੇਣੀ ਵਧਾ ਕੇ 'ਵਾਈ ਪਲੱਸ' ਕਰ ਦਿੱਤੀ ਹੈ।

### ਮੈਂ 'ਇੰਡੀਆ' ਗੱਠਜੋੜ 'ਚ ਸ਼ਾਮਲ ਨਹੀਂ ਹੋ ਰਿਹਾ : ਕਮਲ ਹਾਸਨ

ਚੇਨਈ 23 ਫਰਵਰੀ। ਅਭਿਨੇਤਾ ਤੋਂ ਸਿਆਸਤਦਾਨ ਬਣੇ ਕਮਲ ਹਾਸਨ ਨੇ ਕਿਹਾ ਕਿ ਮੈਂ ਵਿਰੋਧੀ ਗਠਜੋੜ 'ਇੰਡੀਆ' 'ਚ ਸਾਮਲ ਨਹੀਂ ਹੋਇਆ ਹਾਂ। ਮੇਰੀ ਪਾਰਟੀ ਮੱਕਲ ਨਿਧੀ ਮਯਮ (ਐੱਮ. ਐੱਨ. ਐੱਮ.) ਵੀ ਸ਼ਾਮਲ ਨਹੀਂ ਹੋਈ ਹੈ। ਮੈਂ ਦੇਸ਼ ਬਾਰੇ ਬਿਨਾ ਕਿਸੇ ਸਵਾਰਥ ਤੋਂ ਸੋਚਣ ਵਾਲੇ ਕਿਸੇ ਵੀ ਗਠਜੋੜ ਦਾ ਸਮਰਥਨ ਕਰਾਂਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਸਿਆਸੀ ਗੱਠਜੋੜ ਲਈ ਕਈਆਂ ਨਾਲ ਗੱਲਬਾਤ ਚੱਲ ਰਹੀ ਹੈ, ਪਰ ਅਸੀਂ 'ਜਗੀਰੂ ਸਿਆਸਤ' ਦਾ ਹਿੱਸਾ ਬਣਨ ਤੋਂ ਬਚਾਂਗੇ। ਆਪਣੀ ਪਾਰਟੀ ਦੀ ਸੱਤਵੀਂ ਵਰ੍ਹੇਗੰਢ ਦੇ ਮੌਕੇ ਇੱਕ ਸਮਾਗਮ ਤੋਂ ਬਾਅਦ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਾਸਨ ਨੇ ਮਸ਼ਹੂਰ ਤਾਮਿਲ ਅਭਿਨੇਤਾ ਵਿਜੇ ਦੇ ਸਿਆਸਤ ਵਿੱਚ ਦਾਖਲੇ ਦਾ ਵੀ ਸਵਾਗਤ ਕੀਤਾ।

# ਦਿੱਲੀ, ਗੁਜਰਾਤ, ਹਰਿਆਣਾ 'ਚ ਮਿਲ ਕੇ ਚੋਣਾਂ ਲੜਨਗੇ ਕਾਂਗਰਸ ਤੇ 'ਆਪ': ਸੂਤਰ

**ਸਿਮੀ ਕੌਰ ਬੱਬਰ**

ਨਵੀਂ ਦਿੱਲੀ, 23 ਫਰਵਰੀ। ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਆਗਾਮੀ ਲੋਕ ਸਭਾ ਚੋਣਾਂ ਦਿੱਲੀ, ਗੁਜਰਾਤ ਅਤੇ ਹਰਿਆਣਾ 'ਚ ਮਿਲ ਕੇ ਲੜਨ ਦੀ ਤਿਆਰੀ 'ਚ ਹਨ ਅਤੇ ਦੋਵੇਂ ਪਾਰਟੀਆਂ ਜਲਦ ਹੀ ਸੀਟਾਂ ਦੀ ਵੰਡ ਨੂੰ ਲੈ ਕੇ ਐਲਾਨ ਕਰ ਸਕਦੀਆਂ ਹਨ। ਸੂਤਰਾਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਦੋਵੇਂ ਪਾਰਟੀਆਂ ਵਿਚਾਲੇ ਦਿੱਲੀ ਅਤੇ ਕੁਝ ਹੋਰ ਸੂਬਿਆਂ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਅੰਤਿਮ ਪੜਾਅ 'ਚ ਹੈ ਅਤੇ ਦੋਵੇਂ ਪਾਰਟੀਆਂ ਜਲਦ ਹੀ ਇਸ ਸਬੰਧ 'ਚ ਐਲਾਨ ਕਰ ਸਕਦੀਆਂ ਹਨ। ਸੂਤਰਾਂ ਅਨੁਸਾਰ ਦੋਵੇਂ ਪਾਰਟੀਆਂ ਇਸ ਨੂੰ ਲੈ ਕੇ ਸਹਿਮਤ ਹੋ ਗਈਆਂ ਹਨ ਕਿ ਕਿਹੜੀ ਸੀਟ 'ਤੇ ਕਿਹੜੀ ਪਾਰਟੀ ਚੋਣ ਲੜੇਗੀ। 'ਆਪ' ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ 'ਆਪ' ਦੱਖਣੀ ਦਿੱਲੀ, ਪੱਛਮੀ ਦਿੱਲੀ, ਉੱਤਰ ਪੱਛਮੀ ਦਿੱਲੀ ਅਤੇ ਨਵੀਂ ਦਿੱਲੀ ਲੋਕ ਸਭਾ ਸੀਟਾਂ ਤੋਂ ਉਮੀਦਵਾਰ ਖੜ੍ਹੇ ਕਰੇਗੀ, ਜਦਕਿ ਕਾਂਗਰਸ ਚਾਂਦਨੀ ਚੌਕ, ਪੂਰਬੀ ਦਿੱਲੀ ਅਤੇ ਉੱਤਰ ਪੂਰਬੀ ਦਿੱਲੀ ਸੀਟਾਂ 'ਤੇ ਚੋਣ ਲੜੇਗੀ। ਸੂਤਰਾਂ ਮੁਤਾਬਕ ਕਾਂਗਰਸ ਨੇ 'ਆਪ' ਨੂੰ ਹਰਿਆਣਾ 'ਚ 1 ਅਤੇ ਗੁਜਰਾਤ 'ਚ 2 ਸੀਟਾਂ ਦੇਣ ਦਾ



ਫੈਸਲਾ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਹਰਿਆਣਾ 'ਚ 'ਆਪ' ਗੁਰੂਗ੍ਰਾਮ ਜਾਂ ਫਰੀਦਾਬਾਦ 'ਚੋਂ ਕਿਸੇ ਇਕ ਸੀਟ 'ਤੇ ਚੋਣ ਲੜ ਸਕਦੀ ਹੈ, ਜਦਕਿ ਗੁਜਰਾਤ 'ਚ ਭਰੂਚ ਅਤੇ ਭਾਵਨਗਰ ਲੋਕ ਸਭਾ ਸੀਟਾਂ 'ਆਪ' ਕੋਲ ਜਾ ਸਕਦੀਆਂ ਹਨ।

## ਫਾਰੂਕ ਅਬਦੁੱਲਾ ਨੇ ਕਸ਼ਮੀਰ 'ਚ ਇਲੈਕਟ੍ਰਿਕ ਰੇਲ ਸ਼ੁਰੂ ਕਰਨ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਕੀਤੀ ਤਾਰੀਫ

ਸ੍ਰੀਨਗਰ 23 ਫਰਵਰੀ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਫਾਰੂਕ ਅਬਦੁੱਲਾ ਨੇ ਮੰਗਲਵਾਰ ਨੂੰ ਕਸ਼ਮੀਰ ਘਾਟੀ ਦੀ ਪਹਿਲੀ ਇਲੈਕਟ੍ਰਿਕ ਰੇਲ ਗੱਡੀ ਸਮਰਪਿਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਧਾਈ ਦਿੱਤੀ। ਜੰਮੂ ਕਸ਼ਮੀਰ ਦੇ ਦੌਰੇ 'ਤੇ ਆਏ ਸ੍ਰੀ ਮੋਦੀ ਨੇ ਮੰਗਲਵਾਰ ਨੂੰ ਸ੍ਰੀਨਗਰ ਦੇ ਨੌਗਾਮ ਰੇਲਵੇ ਸਟੇਸ਼ਨ 'ਤੇ ਆਭਾਸੀ ਮਾਧਿਅਮ ਨਾਲ ਰਾਮਬਨ ਜ਼ਿਲ੍ਹੇ ਦੇ ਬਾਰਾਮੂਲਾ-ਸ੍ਰੀਨਗਰ-ਬਨਿਹਾਲ-ਸੰਗਲਦਾਨ 'ਤੇ ਪਹਿਲੀ ਇਲੈਕਟ੍ਰਿਕ ਰੇਲ ਗੱਡੀ ਨੂੰ ਹਰੀ ਝੰਡੀ ਦਿਖਾਈ। ਸ੍ਰੀ ਅਬਦੁੱਲਾ ਨੇ ਨੌਗਾਮ ਸਟੇਸ਼ਨ 'ਤੇ ਕਿਹਾ,"ਇਹ ਇਕ ਬਹੁਤ ਵੱਡੀ ਉਪਲੱਬਧੀ ਹੈ ਕਿ ਅਜਿਹੀ ਪਹਿਲ ਕੀਤੀ ਗਈ ਹੈ। ਮੈਂ ਪ੍ਰਧਾਨ ਮੰਤਰੀ ਅਤੇ ਰੇਲ ਮੰਤਰਾਲਾ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਇਸ 'ਚ ਯੋਗਦਾਨ ਦਿੱਤਾ।" ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਰੇਲਵੇ ਦੇ ਉਨ੍ਹਾਂ ਕਰਮਚਾਰੀਆਂ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਨੇ ਕਸ਼ਮੀਰ 'ਚ ਰੇਲ ਲਿਆਉਣ ਲਈ ਅਥੱਕ ਕੋਸ਼ਿਸ਼ ਕੀਤੀ ਅਤੇ ਉਮੀਦ ਜਤਾਈ ਕਿ ਇਹ ਕਸ਼ਮੀਰ ਦੇ ਲੋਕਾਂ ਲਈ ਫਲਦਾਈ ਹੋਵੇਗਾ। ਉਨ੍ਹਾਂ ਕਿਹਾ,"ਮੈਨੂੰ ਉਮੀਦ ਹੈ ਕਿ ਕੱਟੜਾ ਤੋਂ ਰੇਲ ਗੱਡੀ ਜਲਦ ਹੀ ਸੰਗਲਦਾਨ ਨਾਲ ਜੁੜ ਜਾਵੇਗੀ।" ਉਨ੍ਹਾਂ ਕਿਹਾ ਕਿ ਜਦੋਂ ਮੌਸਮ ਦੀ ਮਾਰ ਕਾਰਨ ਸੜਕਾਂ ਬੰਦ ਹੋ ਜਾਂਦੀਆਂ ਹਨ, ਜਿਸ ਨਾਲ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ ਅਤੇ ਸੈਰ-ਸਪਾਟਾ ਖੇਤਰ ਪ੍ਰਭਾਵਿਤ ਹੁੰਦਾ ਹੈ, ਉਦੋਂ ਰੇਲ ਗੱਡੀਆਂ ਦੀ ਕਨੈਕਟੀਵਿਟੀ, ਜਿਸ ਦੀ ਕਸ਼ਮੀਰ 'ਚ ਬੇਹੱਦ ਲੋੜ ਸੀ, ਸਗੋਂ ਲੋਕ ਬਿਨਾਂ ਕਿਸੇ ਕਠਿਨਾਈ ਅਤੇ ਬਿਨਾਂ ਕਿਸੇ ਰੁਕਾਵਟ ਦੇ ਦੇਸ਼ ਦੇ ਹੋਰ ਹਿੱਸਿਆਂ ਦੀ ਯਾਤਰਾ ਕਰ ਸਕਣਗੇ।" ਇਕ ਸਵਾਲ ਦੇ ਜਵਾਬ 'ਚ ਅਬਦੁੱਲਾ ਨੇ ਕਿਹਾ,"ਪਿਛਲੇ ਕਈ ਸਾਲਾਂ ਤੋਂ ਅਸੀਂ ਉਮੀਦ ਕਰ ਰਹੇ ਸੀ ਕਿ 2007 'ਚ ਰੇਲ ਗੱਡੀ ਘਾਟੀ ਨੂੰ ਜੋੜੇਗੀ ਪਰ ਕਠਿਨ ਇਲਾਕਾ ਹੋਣ ਕਾਰਨ ਰੇਲਵੇ ਨੂੰ ਇਸ ਨੂੰ ਜੋੜਨ ਲਈ ਸੁਰੰਗਾਂ ਦਾ ਨਿਰਮਾਣ ਕਰਨਾ ਪਿਆ।" ਉਨ੍ਹਾਂ ਕਿਹਾ ਕਿ ਘਾਟੀ ਤੱਕ ਰੇਲ ਗੱਡੀਆਂ ਨੂੰ ਜੋੜਨ 'ਚ ਕਾਫੀ ਕਠਿਨਾਈਆਂ ਸਨ ਪਰ ਰੇਲਵੇ ਇਨ੍ਹਾਂ ਕਠਿਨਾਈਆਂ ਨੂੰ ਪਾਰ ਕਰਨ 'ਚ ਕਾਮਯਾਬ ਰਿਹਾ ਅਤੇ ਅੱਜ ਪਹਿਲਾ ਕਦਮ ਚੁੱਕਿਆ ਗਿਆ। ਉਮੀਦ ਹੈ ਕਿ ਜੂਨ ਜਾਂ ਜੁਲਾਈ ਤੱਕ ਰੇਲ ਦੇਸ਼ ਦੇ ਬਾਕੀ ਹਿੱਸਿਆਂ ਨਾਲ ਪੂਰੀ ਤਰ੍ਹਾਂ ਜੁੜ ਜਾਵੇਗੀ।

## ਸ਼ਸ਼ੀ ਥਰੂਰ ਨੂੰ ਫਰਾਂਸ ਦੇ ਸਰਵਉੱਚ ਨਾਗਰਿਕ ਸਨਮਾਨ ਨਾਲ ਕੀਤਾ ਗਿਆ ਸਨਮਾਨਿਤ

ਨਵੀਂ ਦਿੱਲੀ 23 ਫਰਵਰੀ। ਮਸ਼ਹੂਰ ਲੇਖਕ ਅਤੇ ਡਿਪਲੋਮੈਟ ਤੋਂ ਸਿਆਸਤਦਾਨ ਬਣੇ ਸਸ਼ੀ ਥਰੂਰ ਨੂੰ ਮੰਗਲਵਾਰ ਨੂੰ ਇੱਥੇ ਇਕ ਸਮਾਰੋਹ 'ਚ ਫਰਾਂਸ ਦੇ ਸਰਵਉੱਚ ਨਾਗਰਿਕ ਸਨਮਾਨ 'ਨਾਈਟ ਆਫ ਦਿ ਲੀਜਨ ਆਫ ਆਨਰ' ਨਾਲ ਸਨਮਾਨਿਤ ਕੀਤਾ ਗਿਆ। ਕਈ ਕਿਤਾਬਾਂ ਦੇ ਲੇਖਕ ਅਤੇ ਤਿਰੂਵਨੰਤਪੁਰਮ ਤੋਂ ਕਾਂਗਰਸ ਦੇ ਸੰਸਦ ਮੈਂਬਰ ਥਰੂਰ ਨੂੰ ਫਰਾਂਸੀਸੀ ਦੂਤਾਵਾਸ ਵਿੱਚ ਫਰਾਂਸ ਦੇ ਸੈਨੇਟ ਦੇ ਸਪੀਕਰ ਜੇਰਾਰਡ ਲਾਰਚਰ ਨੇ ਵੱਕਾਰੀ ਸਨਮਾਨ ਦਿੱਤਾ। ਫਰਾਂਸ ਸਰਕਾਰ ਨੇ ਅਗਸਤ



2022 ਵਿੱਚ ਸਾਬਕਾ ਕੇਂਦਰੀ ਮੰਤਰੀ ਥਰੂਰ ਲਈ ਇਸ ਪੁਰਸਕਾਰ ਦਾ ਐਲਾਨ ਕੀਤਾ ਸੀ, ਪਰ ਉਨ੍ਹਾਂ ਨੂੰ ਮੰਗਲਵਾਰ ਨੂੰ ਇਹ ਪੁਰਸਕਾਰ ਦਿੱਤਾ ਗਿਆ। ਫਰਾਂਸੀਸੀ ਦੂਤਾਵਾਸ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਸਰਵਉੱਚ ਫਰਾਂਸੀਸੀ ਨਾਗਰਿਕ ਪੁਰਸਕਾਰ ਭਾਰਤ-ਫਰਾਂਸ ਸਬੰਧਾਂ ਨੂੰ ਡੂੰਘਾ ਕਰਨ ਲਈ, ਅੰਤਰਰਾਸ਼ਟਰੀ ਸ਼ਾਂਤੀ ਅਤੇ ਸਹਿਯੋਗ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਅਤੇ ਫਰਾਂਸ ਦੇ ਲੰਬੇ ਸਮੇਂ ਦੇ ਦੋਸਤ ਵਜੋਂ ਡਾ: ਥਰੂਰ ਦੇ ਅਣਥੱਕ ਯਤਨਾਂ ਵਜੋਂ ਦਿੱਤਾ ਗਿਆ ਹੈ।" ਸਨਮਾਨ ਪ੍ਰਾਪਤ ਕਰਦੇ ਹੋਏ, ਥਰੂਰ ਨੇ ਕਿਹਾ ਕਿ ਉਹ ਸੇਵਾਲੀਅਰ ਡੇ ਲਾ ਲੀਜਿਅਨ ਡੀ 'ਹੋਨੁਰ' (ਨਾਇਟ ਆਫ ਦਿ ਲੀਜਨ ਆਫ ਆਨਰ) ਸਵੀਕਾਰ ਕਰਕੇ ਬਹੁਤ ਹੀ ਸਨਮਾਨਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ, "ਫਰਾਂਸ, ਉਨ੍ਹਾਂ ਦੇ ਲੋਕਾਂ, ਉਨ੍ਹਾਂ ਦੀ ਭਾਸ਼ਾ ਅਤੇ ਉਨ੍ਹਾਂ ਦੇ ਸੱਭਿਆਚਾਰ, ਖਾਸ ਕਰਕੇ ਉਨ੍ਹਾਂ ਦੇ ਸਾਹਿਤ ਅਤੇ ਸਿਨੇਮਾ ਦੀ ਪ੍ਰਸੰਸਾ ਕਰਨ ਵਾਲੇ ਵਿਅਕਤੀ ਵਜੋਂ, ਮੈਂ ਤੁਹਾਡੇ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ ਨਾਲ ਸਨਮਾਨਿਤ ਹੋਣ ਲਈ ਸ਼ੁਕਰਗੁਜ਼ਾਰ ਹਾਂ।"



# 4 ਕਰੋੜ ਰੁਪਏ ਤੋਂ ਵੱਧ ਕੀਮਤ ਦੇ ਲਗਜਰੀ ਘਰਾਂ ਦੀ ਵਿਕਰੀ 75 ਫੀਸਦੀ ਵਧੀ

ਨਵੀਂ ਦਿੱਲੀ 23 ਫਰਵਰੀ। ਉੱਚੀ ਆਰਥਿਕ ਹੈਸੀਅਤ ਵਾਲੇ ਲੋਕ (ਐੱਨ. ਐੱਚ. ਆਈ.) ਹੁਣ ਲਗਜਰੀ ਰਿਹਾਇਸ਼ੀ ਇਕਾਈਆਂ ਨੂੰ ਖਰੀਦਣ 'ਚ ਵਧੇਰੇ ਦਿਲਚਸਪੀ ਦਿਖਾ ਰਹੇ ਹਨ। ਇਹੀ ਕਾਰਨ ਹੈ ਕਿ ਪਿਛਲੇ ਸਾਲ ਦੇਸ਼ ਦੇ 7 ਪ੍ਰਮੁੱਖ ਸ਼ਹਿਰਾਂ ਵਿਚ 4 ਕਰੋੜ ਰੁਪਏ ਜਾਂ ਉਸ ਤੋਂ ਵੱਧ ਕੀਮਤ ਦੇ ਘਰਾਂ ਦੀ ਵਿਕਰੀ ਵਿਚ 75 ਫੀਸਦੀ ਦਾ ਭਾਰੀ ਵਾਧਾ ਦੇਖਿਆ ਗਿਆ। ਰੀਅਲ ਅਸਟੇਟ ਸਲਾਹਕਾਰ ਕੰਪਨੀ ਸੀ. ਬੀ. ਆਰ. ਈ. ਨੇ ਬੁੱਧਵਾਰ ਨੂੰ ਜਾਰੀ ਇਕ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਹੈ। ਇਸ ਦੇ ਮੁਤਾਬਕ 7 ਪ੍ਰਮੁੱਖ ਸ਼ਹਿਰਾਂ 'ਚੋਂ ਦਿੱਲੀ-ਐੱਨ. ਸੀ. ਆਰ. ਵਿਚ ਸਭ ਤੋਂ ਵੱਧ ਤੇਜੀ ਰਹੀ ਅਤੇ ਇੱਥੇ ਲਗਜਰੀ ਘਰਾਂ ਦੀ ਵਿਕਰੀ ਵਿਚ ਲਗਭਗ ਤਿੰਨ ਗੁਣਾ ਉਛਾਲ ਆਇਆ। ਇਸ ਰਿਪੋਰਟ ਮੁਤਾਬਕ ਵਿੱਤੀ ਸਾਲ 2023 ਵਿਚ 4 ਕਰੋੜ ਰੁਪਏ ਜਾਂ ਉਸ ਤੋਂ ਵੱਧ ਕੀਮਤ ਦੇ 12,935 ਘਰਾਂ ਦੀ ਵਿਕਰੀ ਹੋਈ ਜਦ ਕਿ ਸਾਲ 2022 ਵਿਚ ਇਹ ਗਿਣਤੀ 7,395 ਇਕਾਈ ਸੀ। ਇਸ ਤਰ੍ਹਾਂ ਲਗਜਰੀ ਘਰਾਂ ਦੀ ਵਿਕਰੀ ਵਿਚ 75 ਫੀਸਦੀ ਦਾ ਵੱਡਾ ਉਛਾਲ ਦੇਖਿਆ ਗਿਆ। ਸੀ. ਬੀ. ਆਰ. ਈ. ਦੇ ਚੇਅਰਮੈਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਭਾਰਤ, ਦੱਖਣ-ਪੂਰਬੀ ਏਸ਼ੀਆ, ਪੱਛਮੀ ਏਸ਼ੀਆ ਅਤੇ ਅਫਰੀਕਾ) ਅੰਸ਼ੁਮਾਨ ਮੈਗਜੀਨ ਨੇ ਕਿਹਾ ਕਿ ਬਦਲਦੇ ਦ੍ਰਿਸ਼ ਦਰਮਿਆਨ ਪ੍ਰੀਮੀਅਮ ਅਤੇ ਲਗਜਰੀ ਰਿਹਾਇਸ਼ੀ



ਖੇਤਰਾਂ ਦਾ ਆਕਰਸ਼ਣ ਬਣੇ ਰਹਿਣ ਦੀ ਉਮੀਦ ਹੈ, ਕਿਉਂਕਿ ਇਸ ਨੂੰ ਅਨੁਕੂਲ ਬਾਜਾਰ ਸਥਿਤੀਆਂ ਤੋਂ ਸਮਰਥਨ ਹਾਸਲ ਹੈ। ਰਿਪੋਰਟ ਮੁਤਾਬਕ ਦਿੱਲੀ-ਐੱਨ. ਸੀ. ਆਰ. ਵਿਚ ਲਗਜਰੀ ਘਰਾਂ ਦੀ ਵਿਕਰੀ ਇਕ ਸਾਲ ਪਹਿਲਾਂ ਦੀ 1,860 ਇਕਾਈ ਤੋਂ ਵਧ ਕੇ 2023 ਵਿਚ 5,530 ਇਕਾਈ ਹੋ ਗਈ। ਮੁੰਬਈ ਵਿਚ ਇਹ ਅੰਕੜਾ 3,390 ਇਕਾਈਆਂ ਤੋਂ ਵਧ ਕੇ 4,190 ਇਕਾਈ ਹੋ ਗਿਆ, ਜਦ ਕਿ ਹੈਦਰਾਬਾਦ ਵਿਚ ਲਗਜਰੀ ਘਰਾਂ ਦੀ ਵਿਕਰੀ 1,240 ਇਕਾਈਆਂ ਤੋਂ ਵਧ ਕੇ 2,030 ਇਕਾਈ ਹੋ ਗਈ। ਪੁਣੇ ਵਿਚ ਪਿਛਲੇ ਸਾਲ 450 ਇਕਾਈਆਂ ਦੀ ਵਿਕਰੀ ਦੇਖੀ ਗਈ, ਜਦ ਕਿ ਬੈਂਗਲੁਰੂ ਵਿਚ ਲਗਜਰੀ ਘਰਾਂ ਦੀ ਵਿਕਰੀ 265 ਇਕਾਈਆਂ 'ਤੇ ਸਥਿਰ ਰਹੀ। ਕੋਲਕਾਤਾ ਵਿਚ ਲਗਜਰੀ ਘਰਾਂ ਦੀ ਵਿਕਰੀ ਮਾਮੂਲੀ ਵਧ ਕੇ 310 ਇਕਾਈ ਹੋ ਗਈ, ਜਦਕਿ ਚੇਨਈ ਵਿਚ ਇਹ ਗਿਣਤੀ 160 ਇਕਾਈ 'ਤੇ ਪੁੱਜ ਗਈ। ਰੀਅਲਟੀ ਫਰਮ ਕ੍ਰਿਸੁਮੀ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਮੋਹਿਤ ਜੈਨ ਨੇ ਕਿਹਾ ਕਿ ਉੱਚ ਆਰਥਿਕ ਵਿਕਾਸ ਹੋਣ ਨਾਲ ਖਰਚੇ ਯੋਗ ਆਮਦਨ ਵਧੀ ਹੈ ਅਤੇ ਬਿਹਤਰੀ ਨੌਕਰੀ ਦੇ ਮੌਕੇ ਵੀ ਵਧ ਰਹੇ ਹਨ। ਇਸ ਨਾਲ ਬਿਹਤਰ ਜੀਵਨਸ਼ੈਲੀ ਤੱਕ ਕਈ ਲੋਕਾਂ ਦੀ ਪਹੁੰਚ ਹੋ ਗਈ ਹੈ। ਭਾਰਤ ਦੇ ਤੇਜ ਵਿਕਾਸ ਅਤੇ ਲਗਾਤਾਰ ਵਧਦੀ ਆਰਥਿਕ ਖੁਸ਼ਹਾਲੀ ਨਾਲ ਅੱਗੇ ਇਸ ਵਿਚ ਹੋਰ ਤੇਜੀ ਆਉਣ ਦੀ ਉਮੀਦ ਹੈ। ਸੀ. ਬੀ. ਆਰ. ਈ. ਦੇ ਅੰਕੜਿਆਂ ਮੁਤਾਬਕ ਸਾਲ 2023 ਵਿਚ ਵਿਕਣ ਵਾਲੇ ਕੁੱਲ ਘਰਾਂ ਦੀ ਗਿਣਤੀ 3,22,000 ਇਕਾਈ ਹੋ ਗਈ ਜੋ ਸਾਲਾਨਾ ਆਧਾਰ 'ਤੇ 9 ਫੀਸਦੀ ਵੱਧ ਹੈ।

## ਫਤਿਹਗੜ੍ਹ ਸਾਹਿਬ 'ਚ ਦਰਦਨਾਕ ਘਟਨਾ, ਚਾਕਲੇਟ ਖਾਣ ਨਾਲ ਤਿੰਨ ਸਾਲਾ ਬੱਚੇ ਦੀ ਮੌਤ

ਫਤਿਹਗੜ੍ਹ ਸਾਹਿਬ 23 ਫਰਵਰੀ। ਫਤਿਹਗੜ੍ਹ ਸਾਹਿਬ ਦੇ ਖੇੜੀ ਨੌਧ ਸਿੰਘ ਇਲਾਕੇ 'ਚ ਪੈਂਦੇ ਪਿੰਡ ਮੁਸਤਫਾਬਾਦ 'ਚ ਤਿੰਨ ਸਾਲਾ ਬੱਚੇ ਦੀ ਅਚਾਨਕ ਮੌਤ ਹੋ ਗਈ। ਪਰਿਵਾਰ ਨੇ ਬੱਚੇ ਦੀ ਮੌਤ ਦਾ ਕਾਰਨ ਚਾਕਲੇਟ ਦੱਸਿਆ ਹੈ। ਫਿਲਹਾਲ ਪੁਲਸ ਨੇ ਧਾਰਾ 174 ਤਹਿਤ ਕਾਰਵਾਈ ਕਰਕੇ



ਬੱਚੇ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਹੈ ਤਾਂ ਜੋ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ। ਬੱਚੇ ਦੀ ਪਿਤਾ ਮਲੇਸ਼ੀਆ ਗਏ ਹੋਏ ਹਨ ਅਤੇ ਉਨ੍ਹਾਂ ਦੇ ਆਉਣ ਤੋਂ ਬਾਅਦ ਹੀ ਫਤਿਹ ਸਿੰਘ ਦਾ ਸਸਕਾਰ ਕੀਤਾ ਜਾਵੇਗਾ। ਖੇੜੀ ਨੌਧ ਸਿੰਘ ਦੇ ਪਿੰਡ ਮੁਸਤਫਾਬਾਦ ਵਾਸੀ ਸਰਵਣ ਸਿੰਘ ਨੇ ਦੱਸਿਆ ਕਿ ਉਸ ਦਾ ਤਿੰਨ ਸਾਲਾ ਪੋਤਾ ਫਤਿਹ ਸਿੰਘ ਮੰਗਲਵਾਰ ਨੂੰ ਪਿੰਡ ਦੀ ਦੁਕਾਨ ਤੋਂ ਚਾਕਲੇਟ ਖਰੀਦਣ ਗਿਆ ਸੀ। ਇਸ ਚਾਕਲੇਟ ਨੂੰ ਖਾਣ ਤੋਂ ਕੁਝ ਸਮੇਂ ਬਾਅਦ ਬੱਚੇ ਦਾ ਸਰੀਰ ਨੀਲਾ ਹੋਣ ਲੱਗਾ। ਉਹ ਉਸ ਨੂੰ ਤੁਰੰਤ ਨਜਦੀਕੀ ਹਸਪਤਾਲ ਲੈ ਗਏ। ਉਥੋਂ ਉਸ ਨੂੰ ਫਤਿਹਗੜ੍ਹ ਸਾਹਿਬ ਰੈਫਰ ਕਰ ਦਿੱਤਾ ਗਿਆ। ਫਤਿਹਗੜ੍ਹ ਸਾਹਿਬ ਵਿਚ ਡਾਕਟਰਾਂ ਨੇ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ। ਦਾਦਾ ਸਰਵਣ ਸਿੰਘ ਨੇ ਨਮ ਅੱਖਾਂ ਨਾਲ ਕਿਹਾ ਕਿ ਉਸ ਦੇ ਬੱਚੇ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ ਪਰ ਉਸ ਨੇ ਹੋਰ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਚਾਕਲੇਟ ਜਾਂ ਹੋਰ ਗੈਰ-ਸਿਹਤਮੰਦ ਚੀਜਾਂ ਨਾ ਖਾਣ ਦੇਣ। ਸਰਵਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੋਸਟਮਾਰਟਮ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਚਾਕਲੇਟ ਵਿਚ ਕੀ ਸੀ ਜਿਸ ਕਾਰਨ ਉਨ੍ਹਾਂ ਦੇ ਪੋਤੇ ਦੀ ਮੌਤ ਹੋਈ ਹੈ।

## ਚਾਵਾਂ ਨਾਲ ਪਾਲੀ ਧੀ ਦੀ ਸ਼ੱਕੀ ਹਾਲਤ 'ਚ ਮੌਤ, ਅਜਿਹੀ ਹਾਲਤ 'ਚ ਲਾਸ਼ ਦੇਖ ਉੱਡੇ ਸਭ ਦੇ ਹੋਸ਼

ਨਾਭਾ 23 ਫਰਵਰੀ। ਨਾਭਾ ਬਲਾਕ ਦੇ ਪਿੰਡ ਸੁੱਖੇਵਾਲ ਦੇ ਪਸ਼ੂ ਹਸਪਤਾਲ ਦੇ ਪਿੱਛੇ ਰਣਦੀਪ ਕੌਰ (22) ਦੀ ਸ਼ੱਕੀ ਹਾਲਾਤ ਵਿਚ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਮ੍ਰਿਤਕ ਰਣਦੀਪ ਕੌਰ ਨਾਲ ਲੱਗਦੇ ਪਿੰਡ ਗੁਦਾਈਆਂ ਦੀ ਰਹਿਣ ਵਾਲੀ ਸੀ। ਰਣਦੀਪ ਦੇ ਸਿਰ 'ਤੇ ਡੂੰਘੀਆਂ ਸੱਟਾਂ ਦੇ ਨਿਸਾਨ ਪਾਏ ਗਏ। ਪੁਲਸ ਵੱਲੋਂ ਗੰਭੀਰਤਾ ਨਾਲ ਤਫਤੀਸ ਕੀਤੀ ਜਾ ਰਹੀ ਹੈ। ਮ੍ਰਿਤਕ ਰਣਦੀਪ ਕੌਰ ਘਰੋਂ ਕਦੋਂ ਲਾਪਤਾ ਹੋਈ ਇਹ ਕਿਸੇ ਨੂੰ ਹੀ ਪਤਾ ਅਤੇ ਇਸਦੀ ਲਾਸ ਇੱਥੇ ਕਿਵੇਂ ਪਹੁੰਚੀ ਇਸ ਦੀ ਵੀ ਪੁਲਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਮ੍ਰਿਤਕਾ ਦੇ ਦਾਦਾ ਨੇ ਕਿਹਾ ਕਿ ਰਣਦੀਪ ਨੇ ਬਾਰ੍ਹਵੀਂ ਪਾਸ ਕੀਤੀ ਸੀ ਅਤੇ ਇਹ ਘਰ 'ਚ ਹੀ



ਰਹਿੰਦੀ ਸੀ। ਇਸਦੀ ਇਹ ਹਾਲਤ ਕਿਸ ਨੇ ਕੀਤੀ ਹੈ ਸਾਨੂੰ ਕੁਝ ਨਹੀਂ ਪਤਾ ਪਰ ਇਸ ਨੂੰ ਅਸੀਂ ਬਹੁਤ ਹੀ ਚਾਵਾਂ ਨਾਲ ਪਾਲਿਆ ਸੀ। ਇਸ ਮੌਕੇ ਮਹਿਲਾ ਸਰਪੰਚ ਦੇ ਪਤੀ ਧਰਮਿੰਦਰ ਸਿੰਘ ਨੇ ਕਿਹਾ ਕਿ ਜਦੋਂ ਇਸ ਲੜਕੀ ਦੀ ਲਾਸ ਬਾਰੇ ਸਾਨੂੰ ਪਤਾ ਲੱਗਾ ਤਾਂ ਅਸੀਂ ਮੌਕੇ ਪਹੁੰਚੇ ਅਤੇ ਪੁਲਸ ਨੂੰ ਸੂਚਿਤ ਕੀਤਾ ਪਰ ਇਸਦੇ ਸਰੀਰ 'ਤੇ ਬਹੁਤ ਸੱਟਾਂ ਹਨ। ਇਸ ਮੌਕੇ ਪਿੰਡ ਸੁੱਖੇਵਾਲ ਦੇ ਡਿਸਪੈਂਸਰੀ ਦੇ ਡਾਕਟਰ ਨੇ ਕਿਹਾ ਕਿ ਜਦੋਂ ਮੈਂ ਡਿਊਟੀ 'ਤੇ ਆਇਆ ਤਾਂ ਮੈਨੂੰ ਵੀ ਉਦੋਂ ਪਤਾ ਲੱਗਿਆ ਕਿ ਲੜਕੀ ਦੀ ਲਾਸ ਪਿੱਛੇ ਪਈ ਹੈ ਅਤੇ ਅਸੀਂ ਮੌਕੇ 'ਤੇ ਸਰਪੰਚ ਨੂੰ ਸੂਚਿਤ ਕੀਤਾ। ਦੂਜੇ ਪਾਸੇ ਜਾਂਚ ਅਧਿਕਾਰੀ ਬਾਲੀ ਸਰਮਾ ਨੇ ਦੱਸਿਆ ਕਿ ਇਸ ਲੜਕੇ ਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਗੰਭੀਰ ਸੱਟਾਂ ਦੇ ਨਿਸਾਨ ਪਾਏ ਗਏ ਹਨ ਅਤੇ ਤਫਤੀਸ ਕੀਤੀ ਜਾ ਰਹੀ ਹੈ ਕਿ ਇਹ ਲਾਸ ਇਥੇ ਕਿਵੇਂ ਆਈ ਅਤੇ ਕਿਸ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਇਹ ਜਾਂਚ ਦਾ ਵਿਸ਼ਾ ਹੈ।

## ਭਾਰਤ-ਪੇਰੂ ਵਪਾਰ ਸਮਝੌਤੇ 'ਤੇ ਗੱਲਬਾਤ ਦਾ ਅਗਲਾ ਦੌਰ ਅਪ੍ਰੈਲ 'ਚ ਸ਼ੁਰੂ ਹੋਣ ਦੀ ਸੰਭਾਵਨਾ

ਨਵੀਂ ਦਿੱਲੀ 23 ਫਰਵਰੀ। ਭਾਰਤ ਅਤੇ ਦੱਖਣੀ ਅਮਰੀਕੀ ਦੇਸ ਪੇਰੂ ਵਿਚਾਲੇ ਮੁਕਤ ਵਪਾਰ ਸਮਝੌਤੇ (ਐਫ. ਟੀ. ਏ.) ਲਈ ਗੱਲਬਾਤ ਦਾ ਅਗਲਾ ਦੌਰ ਅਪ੍ਰੈਲ ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਵੀਰਵਾਰ ਨੂੰ ਅਧਿਕਾਰਤ ਬਿਆਨ 'ਚ ਦਿੱਤੀ ਗਈ। ਦੋਵਾਂ ਦੇਸਾਂ ਦੇ ਅਧਿਕਾਰੀਆਂ ਨੇ 14 ਫਰਵਰੀ ਨੂੰ ਲੀਮਾ (ਪੇਰੂ ਦੀ ਰਾਜਧਾਨੀ) ਵਿੱਚ ਗੱਲਬਾਤ ਦੇ ਛੇਵੇਂ ਦੌਰ ਦੀ ਸਮਾਪਤੀ ਕੀਤੀ। ਪ੍ਰਸਤਾਵਿਤ ਸਮਝੌਤੇ ਦਾ ਉਦੇਸ ਦੋਵਾਂ ਦੇਸਾਂ ਵਿਚਾਲੇ ਦੁਵੱਲੇ ਵਪਾਰ ਅਤੇ ਨਿਵੇਸ ਨੂੰ ਉਤਸਾਹਿਤ ਕਰਨਾ ਹੈ। ਅਜਿਹੇ ਸਮਝੌਤੇ ਦੋ ਵਪਾਰਕ ਭਾਈਵਾਲਾਂ ਨੂੰ ਸੇਵਾਵਾਂ ਵਿੱਚ ਵਪਾਰ ਨੂੰ ਉਤਸਾਹਿਤ ਕਰਨ ਲਈ ਨਿਯਮਾਂ ਨੂੰ ਸੌਖਾ ਕਰਨ ਦੇ ਨਾਲ-ਨਾਲ, ਉਹਨਾਂ ਵਿਚਕਾਰ ਵਪਾਰ ਕੀਤੇ ਜਾਣ ਵਾਲੇ ਵੱਧ ਤੋਂ ਵੱਧ ਵਸਤਾਂ 'ਤੇ ਕਸਟਮ ਡਿਊਟੀਆਂ ਨੂੰ ਮਹੱਤਵਪੂਰਨ ਤੌਰ 'ਤੇ ਘਟਾਉਣ ਜਾਂ ਖਤਮ ਕਰਨ ਦੀ ਇਜਾਜਤ ਦਿੰਦੇ ਹਨ। ਵਣਜ ਮੰਤਰਾਲੇ ਅਨੁਸਾਰ, "2017 ਵਿੱਚ ਸ਼ੁਰੂ ਕੀਤੀ ਗਈ ਗੱਲਬਾਤ ਵਿੱਚ ਪ੍ਰਗਤੀ ਲਈ ਭਾਰਤ-ਪੇਰੂ ਦੀ ਗੱਲਬਾਤ ਦਾ ਛੇਵਾਂ ਦੌਰ ਇੱਕ ਵਪਾਰਕ ਸਮਝੌਤੇ ਲਈ ਪੇਰੂ ਦੀ ਰਾਜਧਾਨੀ ਲੀਮਾ ਵਿੱਚ 12 ਤੋਂ 14 ਫਰਵਰੀ 2024 ਤੱਕ ਆਯੋਜਿਤ ਕੀਤਾ ਗਿਆ ਸੀ।" ਗੱਲਬਾਤ ਪ੍ਰਕਿਰਿਆ ਦੀ ਰਸਮੀ ਤੌਰ 'ਤੇ 2017 ਵਿੱਚ ਘੋਸਣਾ ਕੀਤੀ ਗਈ ਸੀ। ਇਸ ਦੌਰ ਵਿੱਚ ਨੌਂ ਕਾਰਜ ਸਮੂਹ ਮਾਲ ਦੇ ਵਪਾਰ, ਮੂਲ ਦੇ ਨਿਯਮਾਂ, ਸੇਵਾਵਾਂ ਵਿੱਚ ਵਪਾਰ, ਕਸਟਮ ਪ੍ਰਕਿਰਿਆਵਾਂ ਅਤੇ ਵਪਾਰ ਦੀ ਸਹੂਲਤ ਅਤੇ ਵਿਵਾਦ ਨਿਪਟਾਰੇ ਬਾਰੇ ਵਿਅਕਤੀਗਤ ਮੀਟਿੰਗਾਂ ਕਰਨਗੇ। ਮੰਤਰਾਲੇ ਨੇ ਕਿਹਾ, "ਇਸ ਤੋਂ



ਇਲਾਵਾ, ਇਸ ਹਫਤੇ ਅਤੇ ਅਗਲੇ ਹਫਤੇ, ਹੋਰ ਕਾਰਜਕਾਰੀ ਸਮੂਹ ਵਪਾਰ, ਸਹਿਯੋਗ, ਆਦਿ ਵਿੱਚ ਤਕਨਾਲੋਜੀ ਰੁਕਾਵਟਾਂ 'ਤੇ ਔਨਲਾਈਨ ਮੀਟਿੰਗਾਂ ਕਰਨਾ ਜਾਰੀ ਰੱਖਣਗੇ।" ਗੱਲਬਾਤ ਦਾ ਅਗਲਾ ਦੌਰ ਅਪ੍ਰੈਲ 2024 ਵਿੱਚ ਹੋਣ ਦੀ ਉਮੀਦ ਹੈ। ਸਮਝੌਤੇ ਲਈ ਗੱਲਬਾਤ 2017 ਵਿੱਚ ਸ਼ੁਰੂ ਹੋਈ ਸੀ। ਉਨ੍ਹਾਂ ਨੂੰ -19 ਮਹਾਮਾਰੀ ਦੇ ਕਾਰਨ ਰੋਕ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਅਕਤੂਬਰ 2023 ਵਿੱਚ ਇੱਕ ਔਨਲਾਈਨ ਫਾਰਮੈਟ ਵਿੱਚ ਗੱਲਬਾਤ ਮੁੜ ਸ਼ੁਰੂ ਕੀਤੀ ਗਈ ਸੀ। ਵਿੱਤੀ ਸਾਲ 2022-23 ਵਿੱਚ ਭਾਰਤ ਅਤੇ ਪੇਰੂ ਵਿਚਕਾਰ ਦੁਵੱਲਾ ਵਪਾਰ 3.12 ਅਰਬ ਅਮਰੀਕੀ ਡਾਲਰ ਰਿਹਾ। ਭਾਰਤ ਨੇ ਪੇਰੂ ਨੂੰ 865.91 ਅਰਬ ਅਮਰੀਕੀ ਡਾਲਰ ਦੀਆਂ ਵਸਤਾਂ ਦਾ ਨਿਰਯਾਤ ਕੀਤਾ ਅਤੇ ਉੱਥੋਂ 2.25 ਅਰਬ ਅਮਰੀਕੀ ਡਾਲਰ ਦੀਆਂ ਵਸਤਾਂ ਦੀ ਦਰਾਮਦ ਕੀਤੀ।

## ਉਸਨਾ ਚੌਲਾਂ 'ਤੇ 31 ਮਾਰਚ ਤੋਂ ਬਾਅਦ ਵੀ ਜਾਰੀ ਰਹੇਗੀ 20 ਫੀਸਦੀ ਐਕਸਪੋਰਟ ਡਿਊਟੀ: ਸਰਕਾਰ

ਨਵੀਂ ਦਿੱਲੀ 23 ਫਰਵਰੀ। ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਕਿਹਾ ਕਿ ਕੱਚੇ ਚੌਲਾਂ ਦੀ ਬਰਾਮਦ 'ਤੇ 20 ਫੀਸਦੀ ਡਿਊਟੀ 31 ਮਾਰਚ ਤੋਂ ਬਾਅਦ ਵੀ ਜਾਰੀ ਰਹੇਗੀ। ਸਥਾਨਕ ਪੱਧਰ 'ਤੇ ਢੁਕਵੇਂ ਭੰਡਾਰਨ ਨੂੰ ਯਕੀਨੀ ਬਣਾਉਣ ਅਤੇ ਘਰੇਲੂ ਕੀਮਤਾਂ ਨੂੰ ਕੰਟਰੋਲ ਕਰਨ ਲਈ, 25 ਅਗਸਤ, 2023 ਤੋਂ 16 ਅਕਤੂਬਰ, 2023 ਤੱਕ ਉਸਨਾ ਚੌਲਾਂ 'ਤੇ 20 ਫੀਸਦੀ ਨਿਰਯਾਤ ਡਿਊਟੀ ਲਗਾਈ ਗਈ ਸੀ। ਹਾਲਾਂਕਿ ਬਾਅਦ 'ਚ ਇਸ ਨੂੰ 31 ਮਾਰਚ 2024 ਤੱਕ ਵਧਾ ਦਿੱਤਾ ਗਿਆ। ਇਸ ਮਾਮਲੇ ਦੇ ਸਬੰਧ ਵਿਚ ਵਿੱਤ ਮੰਤਰਾਲੇ ਨੇ ਇੱਕ ਨੋਟੀਫਿਕੇਸਨ ਵਿੱਚ ਕਿਹਾ ਕਿ 20 ਫੀਸਦੀ ਨਿਰਯਾਤ ਡਿਊਟੀ 31 ਮਾਰਚ ਤੋਂ ਬਾਅਦ ਬਿਨਾਂ ਕਿਸੇ ਅੰਤਮ ਤਾਰੀਖ ਦੇ ਜਾਰੀ ਰਹੇਗੀ। ਇਸ ਤੋਂ ਇਲਾਵਾ ਪੀਲੇ ਮਟਰਾਂ ਦੀ ਡਿਊਟੀ ਮੁਕਤ ਦਰਾਮਦ 31 ਮਾਰਚ ਤੋਂ ਬਾਅਦ ਵੀ ਜਾਰੀ ਰਹੇਗੀ, ਬਸ਼ਰਤੇ ਕਿ ਉਸ ਦਾ ਬਿੱਲ 30 ਅਪ੍ਰੈਲ, 2024 ਨੂੰ ਜਾਂ ਇਸ ਤੋਂ ਪਹਿਲਾਂ ਜਾਰੀ ਕੀਤਾ ਗਿਆ ਹੋਵੇ।

## ਗਾਹਕਾਂ ਨੂੰ ਹੈਰੋਇਨ ਵੇਚ ਰਿਹਾ ਨਸ਼ਾ ਤਸਕਰ ਗ੍ਰਿਫਤਾਰ, ਖੁਦ ਵੀ ਨਸ਼ਾ ਕਰਨ ਦਾ ਹੈ ਆਦੀ

ਲੁਧਿਆਣਾ 23 ਫਰਵਰੀ। ਥਾਣਾ ਸਲੇਮ ਟਾਬਰੀ ਪੁਲਸ ਨੇ ਨਸ਼ਾ ਤਸਕਰਾਂ ਖ਼ਿਲਾਫ ਛੇੜੀ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਇਕ ਨਸ਼ਾ ਤਸਕਰ ਨੂੰ ਹੈਰੋਇਨ ਦੀ ਖੇਪ ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਹਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਮੁਖਬਰ ਖਾਸ ਨੇ ਸੂਚਨਾ ਦਿੱਤੀ ਕਿ ਮੁਹੱਲਾ ਅਜੀਤ ਨਗਰ ਕੋਲ ਇਕ ਖਾਲੀ ਪਲਾਟ 'ਚ ਇਕ ਵਿਅਕਤੀ ਗਾਹਕਾਂ ਨੂੰ ਹੈਰੋਇਨ ਵੇਚ ਰਿਹਾ ਹੈ, ਜਿਸ 'ਤੇ ਥਾਣਾ ਮੁਖੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਥਾਣੇਦਾਰ ਰਾਜ ਕੁਮਾਰ ਦੀ ਟੀਮ ਨੂੰ ਮੌਕੇ 'ਤੇ ਭੇਜਿਆ। ਜਦੋਂ ਪੁਲਸ ਮੌਕੇ 'ਤੇ ਪੁੱਜੀ ਤਾਂ ਉੱਥੇ ਖੜ੍ਹਾ ਵਿਅਕਤੀ ਪੁਲਸ ਨੂੰ ਦੇਖ ਕੇ ਪਿੱਛੇ ਮੁੜ ਕੇ ਭੱਜਣ ਲੱਗਾ ਪਰ ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਉਸ ਨੂੰ ਤੁਰੰਤ ਕਾਬੂ ਕਰ ਕੇ ਜਦੋਂ ਉਸ ਦੀ



ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਤੁਰੰਤ ਉਸ ਨੂੰ ਗ੍ਰਿਫਤਾਰ ਕਰ ਕੇ ਉਸ ਦੀ ਪਛਾਣ ਬਲਵਿੰਦਰ ਸਿੰਘ ਪੁੱਤਰ ਸੋਹਣ ਸਿੰਘ ਨਿਵਾਸੀ ਪਿੰਡ ਤਲਵੰਡੀ ਕਲਾਂ ਵਜੋਂ ਕੀਤੀ ਹੈ। ਪੁਲਸ ਨੇ ਮੁਲਜ਼ਮ ਖ਼ਿਲਾਫ ਥਾਣਾ ਸਲੇਮ ਟਾਬਰੀ 'ਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਹਰਜੀਤ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤਾ ਗਿਆ ਮੁਲਜ਼ਮ ਬਲਵਿੰਦਰ ਪਿਛਲੇ ਕਈ ਸਾਲਾਂ ਤੋਂ ਨਸ਼ਾ ਵੇਚਣ ਦਾ ਕੰਮ ਕਰ ਰਿਹਾ ਹੈ, ਜਿਸ 'ਤੇ ਪਹਿਲਾਂ ਵੀ ਥਾਣਾ ਸਲੇਮ ਟਾਬਰੀ 'ਚ 2 ਅਤੇ ਡਵੀਜ਼ਨ-3 'ਚ ਇਕ ਕੇਸ ਦਰਜ ਹੈ। ਮੁਲਜ਼ਮ ਖੁਦ ਵੀ ਨਸ਼ਾ ਕਰਨ ਦਾ ਆਦੀ ਹੈ। ਮੁਲਜ਼ਮ ਦਾ ਇਕ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਕਿ ਉਸ ਦੇ ਸਾਥੀਆਂ ਬਾਰੇ ਪੁੱਛਗਿੱਛ ਕੀਤੀ ਜਾ ਸਕੇ।

## ਤੇਜ ਰਫਤਾਰ ਕਾਰ ਨੇ 2 ਔਰਤਾਂ ਨੂੰ ਦਰੜਨ ਤੋਂ ਬਾਅਦ ਖੜ੍ਹੀ ਮਾਰੂਤੀ ਨੂੰ ਮਾਰੀ ਟੱਕਰ, 1 ਦੀ ਮੌਤ

ਦੀਨਾਨਗਰ 23 ਫਰਵਰੀ। ਦੀਨਾਨਗਰ ਨੈਸ਼ਨਲ ਹਾਈਵੇ ਦੀਨਾਨਗਰ ਪੁਲਸ ਸਟੇਸਨ ਤੋਂ ਥੋੜ੍ਹੀ ਦੂਰੀ 'ਤੇ ਇਕ ਕਰੇਟਾ ਕਾਰ ਸਵਾਰ ਨੌਜਵਾਨਾਂ ਵੱਲੋਂ ਪਹਿਲਾਂ ਸੜਕ 'ਤੇ ਜਾ ਰਹੀਆਂ ਦੋ ਮਹਿਲਾਂ ਨੂੰ ਆਪਣੀ ਚਪੇਟ 'ਚ ਲਿਆ। ਇਸ ਮਗਰੋਂ ਇੱਕ ਪ੍ਰਾਈਵੇਟ ਕਾਲਜ ਦੇ ਨੇੜੇ ਖੜੀ ਮਾਰੂਤੀ ਕਾਰ ਨੂੰ ਆਪਣੀ ਚਪੇਟ 'ਚ ਲੈਣ ਦੀ ਖਬਰ ਮਿਲੀ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਥਾਣਾ ਮੁਖੀ ਦੀਨਾਨਗਰ ਮਨਦੀਪ ਸੰਗੋਤਰਾ ਨੇ ਦੱਸਿਆ ਇਕ ਕਰੇਟਾ ਕਾਰ 'ਚ ਸਵਾਰ ਨੌਜਵਾਨਾਂ ਵੱਲੋਂ ਪਹਿਲਾਂ ਸੜਕ ਕਿਨਾਰੇ ਜਾ ਰਹੀਆਂ 2 ਮਹਿਲਾ ਨੂੰ ਗੰਭੀਰ ਰੂਪ 'ਚ ਜਖਮੀ ਕੀਤਾ ਅਤੇ ਬਾਅਦ 'ਚ ਖੜੀ ਮਾਰੂਤੀ ਕਾਰ 'ਚ ਟੱਕਰ ਮਾਰ ਦਿੱਤੀ। ਕਾਰ 'ਚ ਇਕ ਮਹਿਲਾ ਅਤੇ ਇਕ ਨੌਜਵਾਨ ਬੈਠੇ ਕਿਸੇ ਦੀ ਉਡੀਕ ਕਰ ਰਹੇ ਸਨ ਟੱਕਰ ਇੰਨੀ ਭਿਆਨਕ ਸੀ ਕਿ ਮਾਰੂਤੀ ਕਾਰ ਦੇ ਪਰਖੱਚੇ ਉੱਡ ਗਏ ਅਤੇ ਕਰੇਟਾ ਗੱਡੀ ਦੇ ਏਅਰ ਬੈਗ ਖੁੱਲਣ ਕਾਰਨ ਗੱਡੀ ਸਵਾਰ ਨੌਜਵਾਨਾਂ ਦਾ ਬਚਾਅ ਹੋਇਆ। ਘਟਨਾ ਦੀ ਸੂਚਨਾ ਮਿਲਦਿਆਂ ਹੀ



ਦੀਨਾਨਗਰ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਜਖਮੀਆ ਨੂੰ ਗੁਰਦਾਸਪੁਰ ਦੇ ਸਿਵਲ ਹਸਪਤਾਲ ਇਲਾਜ ਲਈ ਲਿਜਾਇਆ ਗਿਆ ਹੈ ਅਤੇ ਮਾਰੂਤੀ ਕਾਰ 'ਚ ਸਵਾਰ ਇੱਕ ਨੌਜਵਾਨ, ਜੋ ਇੱਕ ਫੌਜ ਦਾ ਜਵਾਨ ਹੋਣ ਕਾਰਨ ਉਸ ਨੂੰ ਪਠਾਨਕੋਟ ਦੇ ਮਿਲਟਰੀ ਹਸਪਤਾਲ 'ਚ ਇਲਾਜ ਲਈ ਭੇਜਿਆ ਗਿਆ ਹੈ। ਜਾਣਕਾਰੀ ਅਨੁਸਾਰ, ਇਹ ਗੱਲ ਸਾਹਮਣੇ ਆਈ ਹੈ ਕਿ ਜੋ ਮਾਰੂਤੀ ਕਾਰ 'ਚ ਇੱਕ ਔਰਤ ਸੀ, ਉਸ ਦੀ ਜੀਭ ਅੱਧ 'ਚੋਂ ਕੱਟਣ ਦੀ ਖਬਰ ਵੀ ਸਾਹਮਣੇ ਆ ਰਹੀ ਹੈ। ਜਿਹੜੀਆਂ 2 ਮਹਿਲਾਵਾਂ ਨੂੰ ਗੁਰਦਾਸਪੁਰ ਹਸਪਤਾਲ ਲਿਜਾਇਆ ਗਿਆ ਸੀ ਉਨ੍ਹਾਂ 'ਚੋਂ ਇਕ ਮਹਿਲਾ ਦੀ ਮੌਤ ਹੋ ਗਈ ਹੈ। ਮ੍ਰਿਕ ਮਹਿਲਾ ਦਾ ਨਾਂ ਕਿਰਨ ਦੱਸਿਆ ਗਿਆ ਹੈ। ਇਹ ਮਹਿਲਾ ਨੇਪਾਲ ਦੀ ਰਹਿਣ ਵਾਲੀ ਹੈ ਅਤੇ ਇਹ ਦੀਨਾਨਗਰ ਵਿਖੇ ਇਕ ਨਰਸਰੀ 'ਚ ਕੰਮਕਾਰ ਕਰਦੀ ਸੀ। ਇਸ ਘਟਨਾ ਸੰਬੰਧੀ ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਨੇ ਕਰੇਟਾ ਸਵਾਰ 2 ਨੌਜਵਾਨਾਂ ਨੂੰ ਮੌਕੇ 'ਤੇ ਹੀ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਅਣਪਛਾਤੇ ਚੋਰਾਂ ਨੇ ਘਰ ਨੂੰ ਬਣਾਇਆ ਨਿਸ਼ਾਨਾ, ਸੋਨੇ ਦੇ ਗਹਿਣੇ ਤੇ 2 ਲੱਖ ਰੁਪਏ ਦੀ ਨਕਦੀ ਚੋਰੀ

ਤਰਨਤਾਰਨ 23 ਫਰਵਰੀ। ਅਣਪਛਾਤੇ ਚੋਰਾਂ ਵਲੋਂ ਘਰ ਦੇ ਤਾਲੇ ਤੋੜ 2 ਲੱਖ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਥਾਣਾ ਹਰੀਕੇ ਪੱਤਣ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦਿਲਬਾਗ ਸਿੰਘ ਪੁੱਤਰ ਮਹਿੰਦਰ ਸਿੰਘ ਨੂੰ ਗੁਰਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਮਾੜੀ ਜ਼ਿਲ੍ਹਾ ਮੋਗਾ ਦੇ ਆਸਟਰੇਲੀਆ ਜਾਣ ਕਰਕੇ ਆਪਣੇ ਘਰ ਨੂੰ ਤਾਲਾ ਲਗਾ ਕੇ ਉੱਥੇ ਚਲੇ ਗਏ ਸਨ ਜਦੋਂ 18 ਫਰਵਰੀ ਨੂੰ ਉਹ ਘਰ ਵਾਪਿਸ ਪਰਤੇ ਤਾਂ ਘਰ ਦੇ ਤਾਲੇ ਟੁੱਟੇ ਹੋਏ ਸਨ ਅਤੇ ਘਰ ਅੰਦਰ ਪਿਆ ਸਾਰਾ ਸਾਮਾਨ ਖਿਲਰਿਆ ਪਿਆ ਸੀ। ਇਸ ਦੌਰਾਨ ਚੋਰਾਂ ਵਲੋਂ ਘਰ ਦੀ ਅਲਮਾਰੀ ਵਿਚ ਪਏ ਸੋਨੇ ਦੇ ਗਹਿਣੇ ਅਤੇ 2 ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਹਰੀਕੇ ਦੇ ਏ. ਐੱਸ. ਆਈ. ਤਰਸੇਮ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਅਣਪਛਾਤੇ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਉਸਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਬਟਾਲਾ ਦੇ ਨੌਜਵਾਨ ਨੇ ਛੋਟੇ ਹਾਥੀ 'ਤੇ ਬਣਾਇਆ ਚੱਲਦਾ-ਫਿਰਦਾ ਕਰਿਆਨਾ ਸਟੋਰ

ਬਟਾਲਾ 23 ਫਰਵਰੀ। ਪੰਜਾਬ ਦੇ ਨੌਜਵਾਨ ਇਹ ਗੱਲ ਆਖ ਕੇ ਕਿ ਪੰਜਾਬ ਵਿਚ ਰੁਜਗਾਰ ਨਹੀਂ ਹੈ, ਦਾ ਬਹਾਨਾ ਬਣਾ ਲੱਖਾਂ ਰੁਪਏ ਖਰਚ ਕਰ ਵਿਦੇਸ਼ਾ ਵੱਲ ਕੂਚ ਕਰ ਰਹੇ ਹਨ ਪਰ ਕਈ ਪੰਜਾਬੀ ਨੌਜਵਾਨ ਅਜਿਹੇ ਵੀ ਹਨ, ਜੋ ਪੰਜਾਬ ਵਿਚ ਆਪਣੀ ਮਿਹਨਤ ਕਰਕੇ ਆਪਣੇ ਘਰ ਦਾ ਖਰਚ ਚਲਾ ਰਹੇ ਹਨ। ਇਸ ਦੇ ਨਾਲ ਹੀ ਉਹ ਆਪ ਵੀ ਸਫਲ ਵੀ ਹੋ ਰਹੇ ਹਨ। ਇਸ ਦੀ ਇਕ ਮਿਸਾਲ ਬਟਾਲਾ ਵਿਖੇ ਵੇਖਣ ਨੂੰ ਮਿਲੀ, ਜਿੱਥੇ ਬਟਾਲਾ ਦੇ ਨੌਜਵਾਨ ਰਾਜੀਵ ਕੁਮਾਰ ਨੇ ਇਕ ਛੋਟੇ ਹਾਥੀ ਗੱਡੀ ਵਿਚ ਹੀ ਇਕ ਪੂਰੀ ਕਰਿਆਨੇ ਦੀ ਦੁਕਾਨ ਬਣਾ ਦਿੱਤੀ। ਛੋਟੇ ਹਾਥੀ ਦੀ ਇਸ ਗੱਡੀ ਵਿਚ ਘਰ ਦੀ ਰਸੋਈ ਦੇ ਸਾਮਾਨ ਤੋਂ ਇਲਾਵਾ ਬੱਚਿਆਂ ਲਈ ਸਟੇਸ਼ਨਰੀ, ਜਿਵੇਂ ਕਾਪੀਆਂ ਕਿਤਾਬਾਂ ਪੈੱਨ, ਪੈਂਸਿਲ ਅਤੇ ਹੋਰ ਲੋੜੀਂਦਾ ਸਾਮਾਨ ਅਤੇ ਸਬਜ਼ੀਆਂ ਰੱਖੀਆਂ ਹੋਈਆਂ ਹਨ। ਉਕਤ ਨੌਜਵਾਨ ਜਿੱਥੇ ਆਪਣੀ ਗੱਡੀ ਖੜ੍ਹੀ ਕਰਕੇ ਦੁਕਾਨ ਖੋਲ੍ਹਦਾ ਹੈ, ਉੱਥੇ ਇਸੇ ਗੱਡੀ ਵਿਚ ਚਾਹ ਬਣਾਉਣ ਦਾ ਸਟਾਲ ਵੀ ਦਾ ਖਰਚ ਚੁੱਕਣ ਲਈ ਉਸ ਨੇ ਆਪਣੀ ਪੜ੍ਹਾਈ ਛੱਡ ਇਕ ਚਾਹ ਦੀ ਰੇਹੜੀ ਲਗਾਈ। ਕੁਝ ਸਾਲਾਂ



ਲਾਉਂਦਾ ਹੈ। ਰਾਜੀਵ ਕੁਮਾਰ ਨੇ ਦੱਸਿਆ ਕਿ ਉਸ ਨੇ 10ਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। ਸੱਤ ਸਾਲ ਪਹਿਲਾਂ ਉਸ ਦੇ ਪਿਤਾ ਦਾ ਦਿਹਾਂਤ ਹੋ ਗਿਆ ਸੀ ਅਤੇ ਘਰ ਦੀਆਂ ਲੋੜਾਂ ਅਤੇ ਛੋਟੇ ਭਰਾਵਾਂ ਦੀ ਪੜ੍ਹਾਈ ਬਾਅਦ ਇਕ ਰੇਹੜੀ 'ਤੇ ਚਾਹ ਬਣਾਉਂਦਾ ਸੀ ਅਤੇ ਦੂਜੀ ਰੇਹੜੀ 'ਤੇ ਕੁਝ ਕਰਿਆਨਾ ਦਾ ਸਾਮਾਨ ਰੱਖ ਕੇ ਵੇਚਦਾ ਸੀ। ਉਸ ਵਿਚ ਬਹੁਤ ਔਕੜਾਂ ਸਨ ਅਤੇ ਫਿਰ ਉਸ ਨੇ ਯੂ-ਟਿਊਬ 'ਤੇ ਅਜਿਹੀ ਇਕ ਗੱਡੀ ਵੇਖੀ ਤਾਂ ਪੈਸੇ ਜੋੜ ਕੇ ਹੁਣ ਉਸ ਨੇ ਛੋਟੇ ਹਾਥੀ ਲੈ ਲਿਆ। ਇਸ ਛੋਟੇ ਹਾਥੀ ਵਿਚ ਇਕ ਚਲਦਾ-ਫਿਰਦਾ ਸਟੋਰ ਬਣਾ ਲਿਆ ਹੈ

# ਚੋਣ ਡਿਊਟੀ 'ਤੇ ਲੱਗੇ ਅਧਿਆਪਕਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਝਟਕਾ

ਲੁਧਿਆਣਾ 23 ਫਰਵਰੀ। ਚੋਣ ਡਿਊਟੀ 'ਚ ਲੱਗੇ ਅਧਿਆਪਕਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੰਗਲਵਾਰ ਤੋਂ ਸ਼ੁਰੂ ਹੋ ਰਹੀ ਸਾਲਾਨਾ ਪ੍ਰੀਖਿਆ ਲਈ ਪ੍ਰੀਖਿਆ ਕੇਂਦਰਾਂ 'ਚ ਲੱਗੀ ਬਤੌਰ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟਾਂ ਦੀ ਡਿਊਟੀ ਵੀ ਕਰਨੀ ਪਵੇਗੀ ਕਿਉਂਕਿ ਬੋਰਡ ਪ੍ਰੀਖਿਆਵਾਂ 'ਚ ਡਿਊਟੀ ਕੱਟਵਾਉਣ ਲਈ ਇਸ ਤਰ੍ਹਾਂ ਦੇ ਕਈ ਅਧਿਆਪਕਾਂ ਨੇ ਆਪਣੀ ਚੋਣ ਡਿਊਟੀ ਲੱਗੇ ਹੋਣ ਦਾ ਹਵਾਲਾ ਦੇ ਕੇ ਬੋਰਡ ਨੂੰ ਪੱਤਰ ਲਿਖ ਦਿੱਤੇ ਸਨ ਪਰ ਬੋਰਡ ਨੇ ਇਸ ਤਰ੍ਹਾਂ ਦੇ ਅਧਿਆਪਕਾਂ ਦੀ ਡਿਊਟੀ ਕੱਟਣ ਤੋਂ ਸਾਫ ਮਨ੍ਹਾ ਕਰ ਦਿੱਤਾ ਹੈ। ਬੋਰਡ ਵੱਲੋਂ ਇਸ ਤਰ੍ਹਾਂ ਦੇ ਅਧਿਆਪਕਾਂ ਨੂੰ ਦਿਖਾਏ ਗਏ ਰੈੱਡ ਸਿਗਨਲ ਤੋਂ ਬਾਅਦ ਸਿੱਖਿਆ ਵਿਭਾਗ ਨੇ ਇਸ ਤਰ੍ਹਾਂ ਦੇ ਅਧਿਆਪਕਾਂ ਨੂੰ ਪ੍ਰੀਖਿਆ ਕੇਂਦਰ 'ਚ ਡਿਊਟੀ 'ਤੇ ਪੁੱਜਣ ਲਈ ਕਹਿ ਦਿੱਤਾ ਹੈ। ਜਾਣਕਾਰੀ ਮੁਤਾਬਕ ਪ੍ਰੀਖਿਆਵਾਂ ਲਈ ਬੋਰਡ 'ਚ 310 ਪ੍ਰੀਖਿਆ ਕੇਂਦਰ ਬਣਾਏ ਗਏ ਹਨ, ਜਿਨ੍ਹਾਂ ਨੂੰ ਨਿਯਮਾਂ ਮੁਤਾਬਕ ਸੋਮਵਾਰ ਖੋਲ੍ਹ ਦਿੱਤਾ ਗਿਆ ਪਰ ਕੁਝ ਪ੍ਰੀਖਿਆ ਕੇਂਦਰਾਂ 'ਚ ਬਤੌਰ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਲਗਾਏ ਅਧਿਆਪਕਾਂ ਨੇ ਸਿੱਖਿਆ ਵਿਭਾਗ ਦੀ ਪ੍ਰੀਖਿਆ ਟੀਮ ਨੂੰ ਆਪਣੀ ਚੋਣਾਵੀ ਡਿਊਟੀ ਲੱਗੀ ਹੋਣ ਦਾ ਹਵਾਲਾ ਦੇ ਕੇ ਬੋਰਡ ਪ੍ਰੀਖਿਆਵਾਂ ਦੀ ਡਿਊਟੀ ਕਰਨ 'ਚ ਅਸਮਰੱਥਾ ਜਾਹਿਰ ਕਰ ਦਿੱਤੀ ਅਤੇ ਪ੍ਰੀਖਿਆ ਕੇਂਦਰ 'ਚ ਨਹੀਂ ਪੁੱਜੇ। ਇਸ ਦੌਰਾਨ ਵਿਭਾਗੀ ਅਧਿਕਾਰੀਆਂ ਨੇ ਇਸ ਤਰ੍ਹਾਂ ਦੇ ਅਧਿਆਪਕਾਂ ਵੱਲੋਂ ਭੇਜੇ ਗਏ ਪੱਤਰ, ਜਦ ਬੋਰਡ ਨੂੰ ਈ-ਮੇਲ ਕੀਤੇ ਤਾਂ ਬੋਰਡ ਨੇ ਡਿਊਟੀ ਕੱਟਣ ਬਾਰੇ ਕੋਈ ਨਿਰਦੇਸ਼ ਨਹੀਂ ਦਿੱਤੇ, ਜਿਸ ਤੋਂ ਸਾਫ ਹੋ ਗਿਆ ਹੈ ਕਿ ਇਸ ਤਰ੍ਹਾਂ ਦੇ ਅਧਿਆਪਕਾਂ ਨੂੰ ਚੋਣਾਂ ਦੇ ਨਾਲ ਪ੍ਰੀਖਿਆ ਡਿਊਟੀ ਵੀ ਕਰਨੀ ਹੋਵੇਗੀ। ਜਾਣਕਾਰੀ ਮੁਤਾਬਕ ਵਿਭਾਗ ਕੋਲ 30 ਦੇ ਲਗਭਗ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟ ਨੇ ਕਈ ਕਾਰਨਾਂ ਕਾਰਨ ਡਿਊਟੀ ਨਾ ਕਰਨ ਦਾ ਹਵਾਲਾ ਦੇ ਕੇ ਛੋਟ ਮੰਗੀ ਸੀ। ਇਨ੍ਹਾਂ 'ਚੋਂ ਸੁਪਰਡੈਂਟ ਡਿਊਟੀ 'ਤੇ ਲਗਾਈ ਗਈ ਮਹਿਲਾ ਅਧਿਆਪਕਾਵਾਂ ਨੇ ਮੈਟਰਨਿਟੀ ਲੀਵ 'ਤੇ ਹੋਣ ਦਾ ਹਵਾਲਾ ਦਿੱਤਾ, ਜਦਕਿ ਕਈਆਂ ਨੇ ਮੈਡੀਕਲ ਲੀਵ ਹੋਣ ਬਾਰੇ ਬੋਰਡ ਨੂੰ ਸੂਚਿਤ ਕੀਤਾ। ਉੱਥੇ ਇਸ ਤਰ੍ਹਾਂ ਦੇ ਕਈ ਕੇਸ ਵੀ ਆਏ ਜਿਨ੍ਹਾਂ ਨੇ ਚੋਣਾਂ 'ਚ ਡਿਊਟੀ ਲੱਗੀ ਹੋਣ ਦਾ ਹਵਾਲਾ ਦਿੱਤਾ ਪਰ ਬੋਰਡ ਵੱਲੋਂ ਚੋਣਾਵੀ ਡਿਊਟੀ 'ਤੇ ਲੱਗੇ ਸਟਾਫ ਨੂੰ ਪ੍ਰੀਖਿਆ ਡਿਊਟੀ ਤੋਂ ਕੋਈ ਛੋਟ ਨਹੀਂ ਦਿੱਤੀ ਗਈ, ਜਦਕਿ ਹੋਰ ਮਾਮਲਿਆਂ 'ਚ ਬੋਰਡ ਨੇ ਰਾਹਤ ਦਿੰਦੇ ਹੋਏ ਉਨ੍ਹਾਂ ਦੇ ਸਥਾਨ 'ਤੇ ਨਵੇਂ ਪ੍ਰਬੰਧ ਕਰ ਦਿੱਤੇ। ਦੇਰ ਸ਼ਾਮ ਤੱਕ ਡਿਪਟੀ ਡੀ. ਈ. ਓ. ਜਸਵਿੰਦਰ ਸਿੰਘ ਉਰਫ ਵਿਰਕ ਦੀ ਅਗਵਾਈ 'ਚ ਵਿਭਾਗ ਦੀ ਟੀਮ ਪ੍ਰੀਖਿਆ ਸਬੰਧੀ ਡਿਊਟੀਆਂ ਜਾਂ ਹੋਰ ਪ੍ਰਬੰਧ ਚੈੱਕ ਕਰਨ 'ਚ ਲੱਗੀ ਰਹੀ। ਡਿਪਟੀ ਡੀ. ਈ. ਓ. ਜਸਵਿੰਦਰ ਸਿੰਘ ਨੇ ਦੱਸਿਆ ਕਿ ਬੋਰਡ ਨੇ ਵੱਖ-ਵੱਖ ਜਾਇਜ ਕਾਰਨਾਂ ਦੇ ਕਰ ਕੇ ਕੁਝ ਡਿਊਟੀਆਂ 'ਚ ਸਟਾਫ ਨੂੰ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪ੍ਰੀਖਿਆਵਾਂ ਲਈ ਪ੍ਰਬੰਧ ਪੂਰੇ ਹਨ ਅਤੇ ਸਾਰੇ ਕੇਂਦਰਾਂ 'ਚ ਸਵੇਰੇ 11 ਵਜੇ ਪੇਪਰ ਸ਼ੁਰੂ ਹੋਵੇਗਾ। ਪ੍ਰੀਖਿਆਵਾਂ ਲਈ ਨਿੱਜੀ ਸਕੂਲਾਂ 'ਚ ਬਣਾਏ ਗਏ ਪ੍ਰੀਖਿਆ ਕੇਂਦਰਾਂ 'ਚ ਵੀ ਨਿਗਰਾਨ ਸਟਾਫ ਦੀ ਕਮੀ ਸਾਹਮਣੇ ਆਈ। ਇਸ ਤਰ੍ਹਾਂ ਦੇ ਸਕੂਲਾਂ ਨੇ ਕੇਂਦਰ 'ਚ ਜ਼ਿਆਦਾ ਪ੍ਰੀਖਿਆਰਥੀਆਂ ਦਾ ਅੰਕੜਾਂ ਦੇਖ ਬੋਰਡ ਅਤੇ ਵਿਭਾਗ ਨੂੰ ਪੱਤਰ ਲਿਖ ਕੇ ਕੇਂਦਰ ਵਿਚ ਨਿਗਰਾਨ ਭੇਜਣ ਦੀ ਮੰਗ ਕੀਤੀ। ਡਿਪਟੀ ਡੀ. ਈ. ਓ. ਨੇ ਦੱਸਿਆ ਕਿ ਸਕੂਲਾਂ ਤੋਂ ਆਈ ਡਿਮਾਂਡ ਮੁਤਾਬਕ ਪ੍ਰੀਖਿਆ ਕੇਂਦਰਾਂ 'ਚ ਨਿਗਰਾਨ ਸਟਾਫ ਤਾਇਨਾਤ ਕਰ ਦਿੱਤਾ ਗਿਆ ਹੈ। ਪ੍ਰੀਖਿਆਵਾਂ ਲਈ ਜਿਨ੍ਹਾਂ ਸੁਪਰਡੈਂਟਾਂ ਅਤੇ ਡਿਪਟੀ ਸੁਪਰਡੈਂਟਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਉਨ੍ਹਾਂ 'ਚੋਂ ਕਈਆਂ ਨੇ ਡਿਊਟੀ ਕੱਟਵਾਉਣ ਲਈ ਕਈ ਬਹਾਨੇਬਾਜ਼ੀਆਂ ਲਗਾਈਆਂ ਪਰ ਬੋਰਡ ਨੇ ਉਨ੍ਹਾਂ ਦੀ ਇਕ ਨਹੀਂ ਸੁਣੀ। ਕਈ ਇਸ ਤਰ੍ਹਾਂ ਦੇ ਕੇਸ ਵੀ ਸਾਹਮਣੇ ਆਏ ਹਨ, ਜਿਸ ਵਿਚ



ਪ੍ਰੀਖਿਆ ਡਿਊਟੀ 'ਤੇ ਲੱਗੇ ਕੁਝ ਸਟਾਫ ਨੇ ਪ੍ਰੀਖਿਆ ਕੇਂਦਰ 10 ਕਿ. ਮੀ. ਦੂਰ ਹੋਣ ਦਾ ਹਵਾਲਾ ਦੇ ਕੇ ਡਿਊਟੀ ਕੱਟਵਾਉਣ ਦੀ ਮੰਗ ਕੀਤੀ ਗਈ ਪਰ ਬੋਰਡ ਨੇ ਇਸ ਤਰ੍ਹਾਂ ਦੇ ਸਟਾਫ ਦੀ ਮੰਗ ਨੂੰ ਅਣਸੁਣਿਆ ਕਰ ਦਿੱਤਾ। ਦੱਸ ਦੇਈਏ ਕਿ ਸੁਪਰਡੈਂਟ ਲਈ ਲੈਕਚਰਾਰ ਅਤੇ ਡਿਪਟੀ ਸੁਪਰਡੈਂਟ ਲਈ ਮਾਸਟਰ ਕੇਡਰ ਨੂੰ ਪ੍ਰੀਖਿਆ ਡਿਊਟੀ 'ਤੇ ਤਾਇਨਾਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਿੱਖਿਆ ਵਿਭਾਗ ਨੇ ਸਕੂਲਾਂ 'ਚ ਤਾਇਨਾਤ ਜ਼ਿਆਦਾਤਰ ਅਧਿਆਪਕ ਆਪਣੇ ਘਰਾਂ ਤੋਂ 20 ਤੋਂ 30 ਕਿ. ਮੀ. ਤੱਕ ਬਣੇ ਸਕੂਲਾਂ 'ਚ ਰੈਗੂਲਰ ਡਿਊਟੀ ਕਰਨ ਜਾਂਦੇ ਹਨ। ਪੀ. ਐੱਸ. ਈ. ਬੀ. ਨੇ ਪ੍ਰੀਖਿਆਵਾਂ 'ਚ ਨਕਲ ਰੋਕਣ ਲਈ ਜਿੱਥੇ 10 ਤੋਂ ਜ਼ਿਆਦਾ ਫਲਾਈਂਗ ਟੀਮਾ ਲੁਧਿਆਣਾ 'ਚ ਤਾਇਨਾਤ ਕੀਤੀਆਂ ਹਨ, ਉੱਥੇ ਜ਼ਿਲ੍ਹੇ ਦੇ 310 ਕੇਂਦਰਾਂ 'ਚੋਂ 17 ਪ੍ਰੀਖਿਆ ਕੇਂਦਰਾਂ ਨੂੰ ਸੰਵੇਦਨਸ਼ੀਲ ਬਣਾਇਆ ਗਿਆ ਹੈ। ਮਤਲਬ ਇਨ੍ਹਾਂ ਪ੍ਰੀਖਿਆ ਕੇਂਦਰਾਂ 'ਤੇ ਫਲਾਈਂਗ ਟੀਮਾਂ ਦੇ ਨਾਲ ਬੋਰਡ ਦੀਆਂ ਹੋਰ ਟੀਮਾਂ ਦੀ ਵੀ ਵਿਸ਼ੇਸ਼ ਨਜਰ ਰਹੇਗੀ। ਬੋਰਡ ਵੱਲੋਂ ਸਾਰੇ ਪ੍ਰੀਖਿਆ ਕੇਂਦਰਾਂ 'ਚ ਆਬਜ਼ਵਰ ਲਗਾਉਣ ਦੇ ਨਾਲ ਵੀਡੀਓਗ੍ਰਾਫੀ ਵੀ ਕਰਵਾਈ ਜਾ ਸਕਦੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੰਵੇਦਨਸ਼ੀਲ ਪ੍ਰੀਖਿਆ ਕੇਂਦਰਾਂ 'ਚ 11 ਕੇਂਦਰ ਸਰਕਾਰੀ ਸਕੂਲਾਂ 'ਚ ਹੀ ਬਣਾਏ ਗਏ ਹਨ, ਜਦਕਿ 6 ਕੇਂਦਰ ਪ੍ਰਾਈਵੇਟ ਸਕੂਲਾਂ 'ਚ ਬਣਾਏ ਗਏ ਹਨ। ਬੋਰਡ ਦੀ ਮੰਨੀਏ ਤਾਂ ਇਸ ਤਰ੍ਹਾਂ ਦੇ ਕੇਂਦਰਾਂ 'ਤੇ ਜ਼ਿਆਦਾਤਰ ਓਪਨ ਸਕੂਲਾਂ ਤਹਿਤ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀਆਂ ਦੀ ਜ਼ਿਆਦਾ ਗਿਣਤੀ ਰਹਿੰਦੀ ਹੈ। ਇਸ ਲਈ ਇਸ ਤਰ੍ਹਾਂ ਦੇ ਕੇਂਦਰਾਂ ਨੂੰ ਸਰਕਾਰੀ ਸਕੂਲਾਂ 'ਚ ਬਣਾਉਣ ਦੇ ਨਾਲ ਇਨ੍ਹਾਂ 'ਤੇ ਖਾਸ ਨਿਗਰਾਨੀ ਰੱਖੀ ਜਾਂਦੀ ਹੈ। ਪ੍ਰੀਖਿਆਵਾਂ ਨੂੰ ਲੈ ਕੇ ਕਿਸੇ ਵੀ ਕਿਸਮ ਦੀ ਜਾਣਕਾਰੀ ਜਲਦੀ ਹੀ ਵਿਭਾਗ ਜਾਂ ਬੋਰਡ ਤੱਕ ਪਹੁੰਚਾਉਣ ਲਈ ਕੰਟਰੋਲ ਰੂਮ ਸਥਾਪਿਤ ਕਰ ਦਿੱਤਾ ਗਿਆ ਹੈ। ਡਿਪਟੀ ਡੀ. ਈ. ਓ. ਜਸਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਕੰਟਰੋਲ ਰੂਮ 'ਚ ਵਿਭਾਗ ਦੇ 6 ਅਧਿਆਪਕਾਂ ਨੂੰ ਬਤੌਰ ਮੈਨੇਜਰ ਅਤੇ ਸਹਾਇਕ ਮੈਨੇਜਰ ਤਾਇਨਾਤ ਕਰ ਕੇ ਸਾਰੇ ਪ੍ਰੀਖਿਆ ਕੇਂਦਰਾਂ ਦੇ ਕੰਟਰੋਲਰਾਂ ਨੂੰ ਇਨ੍ਹਾਂ ਦੇ ਫੋਨ ਨੰਬਰ ਭੇਜ ਦਿੱਤੇ ਗਏ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਧੀ ਨੂੰ ਹੋ ਰਿਹਾ ਸੀ ਢਿੱਡ 'ਚ ਦਰਦ, ਦਵਾਈ ਦਿਵਾਉਣ ਗਈ ਮਾਂ ਨੂੰ ਡਾਕਟਰ ਨੇ ਜੋ ਦੱਸਿਆ, ਪੈਰਾਂ ਹੇਠੋਂ ਖਿਸਕੀ ਜਮੀਨ

ਫਾਜਿ਼ਲਕਾ 23 ਫਰਵਰੀ। ਇੱਥੇ ਫਾਜਿ਼ਲਕਾ ਦੇ ਪਿੰਡ ਸੈਦੋ ਕੇ ਹਿਠਾੜ ਵਿਖੇ ਕਾਲਜ 'ਚ ਪੜ੍ਹਦੀ ਇਕ ਕੁੜੀ ਨਾਲ ਜਬਰ-ਜਿ਼ਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਕੁੜੀ ਨੂੰ ਢਿੱਡ 'ਚ ਦਰਦ ਹੋਇਆ ਤਾਂ ਹਸਪਤਾਲ 'ਚ ਚੈੱਕਅਪ ਦੌਰਾਨ ਉਹ 5 ਮਹੀਨਿਆਂ ਦੀ ਗਰਭਵਤੀ ਨਿਕਲੀ। ਫਿਲਹਾਲ ਪੁਲਸ ਨੇ ਇਸ ਮਾਮਲੇ ਸਬੰਧੀ 2 ਨੌਜਵਾਨਾਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੀੜਤਾ ਨੇ ਦੱਸਿਆ ਕਿ ਬੀਤੇ ਜਨਵਰੀ ਮਹੀਨੇ ਦੌਰਾਨ ਜਦੋਂ ਉਹ ਇਕ ਦਿਨ ਕਾਲਜ ਤੋਂ ਵਾਪਸ ਆ ਰਹੀ ਸੀ ਤਾਂ ਪਿੰਡ ਦੇ 2 ਨੌਜਵਾਨਾਂ ਨੇ ਉਸ ਨਾਲ ਜਬਰ-ਜਿ਼ਨਾਹ ਕੀਤਾ ਅਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਹੁਣ ਜਦੋਂ ਕੁੜੀ ਦੇ ਢਿੱਡ 'ਚ ਦਰਦ ਹੋਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਫਾਜਿ਼ਲਕਾ ਦੇ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਪੀੜਤਾ 5 ਮਹੀਨਿਆਂ ਦੀ ਗਰਭਵਤੀ ਹੈ। ਇਹ ਸੱਚਾਈ ਜਾਣ ਕੇ ਪੀੜਤਾ ਦੀ ਮਾਂ ਬੁਰੀ ਤਰ੍ਹਾਂ ਟੁੱਟ ਗਈ। ਉਸ ਨੇ ਰੋਂਦੇ ਹੋਇਆ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਇਕ ਬੱਚੇ ਨੂੰ ਕੈਂਸਰ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨਾਲ ਜੋ ਵੀ ਹੋਇਆ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਹਾਲ ਸਦਰ ਥਾਣਾ ਪੁਲਸ ਨੇ ਇਸ ਮਾਮਲੇ 'ਚ 2 ਨੌਜਵਾਨਾਂ ਖਿ਼ਲਾਫ ਜਬਰ-ਜਿ਼ਨਾਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਐੱਸ. ਐੱਚ. ਓ. ਪਰਮਜੀਤ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਚੌਗਿਰਦੇ ਦੀ ਸੰਭਾਲ ਲਈ ਪੰਚਾਇਤ ਦਾ ਅਨੋਖਾ ਉੱਦਮ, 'ਪਲਾਸਟਿਕ ਲਿਆਓ, ਗੁੜ-ਖੰਡ ਲੈ ਜਾਓ'

ਬਰਨਾਲਾ 23 ਫਰਵਰੀ। ਪਿੰਡ ਭੈਣੀ ਮਹਿਰਾਜ ਦੀ ਗ੍ਰਾਮ ਪੰਚਾਇਤ ਨੇ ਚੌਗਿਰਦੇ ਦੀ ਸੰਭਾਲ ਲਈ ਉੱਦਮ ਕਰਦਿਆਂ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਕਲਪ ਲੈਂਦਿਆਂ 'ਪਲਾਸਟਿਕ ਕੂੜਾ ਲਿਆਓ, ਗੁੜ-ਖੰਡ ਲੈ ਜਾਓ' ਦਾ ਨਾਅਰਾ ਦਿੱਤਾ ਹੈ। ਪਿੰਡ ਦੀ ਸੱਥ 'ਚ ਕੀਤੇ ਗਏ ਆਮ ਇਜਲਾਸ 'ਚ ਪਿੰਡ ਦੀ ਵਿਉਂਤਬੰਦੀ ਦਾ ਖਾਕਾ ਗ੍ਰਾਮ ਸਭਾ ਦੇ ਮੈਂਬਰਾਂ ਨੇ ਖੁਦ ਉਲੀਕਿਆ। ਔਰਤਾਂ ਦੀ ਭਰਵੀਂ ਹਾਜਰੀ ਵਾਲੇ ਆਮ ਇਜਲਾਸ ਦੀ ਪ੍ਰਧਾਨਗੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਵੀ ਹਾਜਰ ਰਹੇ। ਇਸ ਮੌਕੇ ਪਿੰਡ ਦੇ ਮੋਹਤਬਰ ਆਗੂ ਗਗਨਦੀਪ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦੇ ਉਦੇਸ਼ ਨਾਲ ਜੋ ਪਿੰਡ ਵਾਸੀ ਪੰਚਾਇਤ ਨੂੰ ਪਲਾਸਟਿਕ ਕਚਰਾ ਦੇਣਗੇ, ਉਸ ਬਦਲੇ ਮੁਫਤ 'ਚ ਗੁੜ ਜਾਂ ਖੰਡ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਰਜ ਦੀ ਸ਼ੁਰੂਆਤ 2 ਜੁਲਾਈ ਤੋਂ ਕੀਤੀ ਜਾਵੇਗੀ, ਹਰ ਤਿੰਨ ਮਹੀਨਿਆਂ ਬਾਅਦ ਲੋਕਾਂ ਤੋਂ ਪਲਾਸਟਿਕ ਕਚਰਾ ਲਿਆ ਜਾਵੇਗਾ। ਇਸ ਤੋਂ ਇਲਾਵਾ ਔਰਤਾਂ ਦੇ ਸਸਕਤੀਕਰਨ ਲਈ ਕਦਮ ਵਧਾਉਂਦੇ ਹੋਏ ਲਿੰਗ ਸਮਾਨਤਾ, ਔਰਤਾਂ ਨੂੰ ਬਰਾਬਰ ਦੇ





ਮੌਕੇ ਮੁਹੱਈਆ ਕਰਨਾ, ਔਰਤਾਂ ਤੇ ਕੁੜੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਆਦਿ ਬਾਰੇ ਮਤੇ ਪਾਸ ਕੀਤੇ ਗਏ। ਗੁਰਪ੍ਰੀਤ ਸਿੰਘ ਪੰਚਾਇਤ ਸਕੱਤਰ ਨੇ ਸਾਲ 2022-23 ਦੌਰਾਨ ਦਾ ਆਮਦਨ ਤੇ ਖਰਚ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਆਮ ਇਜਲਾਸ 'ਚ ਪਾਸ ਕੀਤੇ ਗਏ ਮਤਿਆਂ 'ਚ ਛੱਪੜਾਂ ਦੇ ਗੰਦੇ ਪਾਣੀ ਦੇ ਹੱਲ ਲਈ ਥਾਪਰ ਮਾਡਲ ਦਾ ਨਿਰਮਾਣ ਕਰਨਾ, ਠੋਸ ਕੂੜਾ ਪ੍ਰਬੰਧਨ ਤਹਿਤ ਪਿਟ, ਸ਼ੈੱਡ ਤੇ ਚਾਰਦੀਵਾਰੀ, ਸੁੱਕੇ-ਗਿੱਲੇ ਕੂੜੇ ਲਈ ਕੂੜੇਦਾਨ, ਮੀਂਹ ਦੇ ਪਾਣੀ ਦੀ ਸੰਭਾਲ ਲਈ ਸਾਂਝੀਆਂ ਥਾਵਾਂ 'ਤੇ ਰੇਨ ਵਾਟਰ ਰੀਚਾਰਜ ਪਿਟ, ਕਮਿਊਨਿਟੀ ਹਾਲ ਤੇ ਲਾਇਬ੍ਰੇਰੀ ਇਮਾਰਤ ਦੀ ਉਸਾਰੀ, ਬੱਸ ਸਟੈਂਡ, ਹੈਲਥ ਡਿਸਪੈਂਸਰੀ ਦੀ ਇਮਾਰਤ, ਪਾਰਕ ਦਾ ਨਿਰਮਾਣ, ਮਹਿਲਾ ਸਭਾ ਦਾ ਗਠਨ, ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਚੋਣ, ਮਿੰਨੀ ਜੰਗਲ ਤੇ ਸਾਂਝੀਆਂ ਥਾਵਾਂ 'ਤੇ ਬੂਟੇ ਲਾਉਣਾ ਅਤੇ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਦੇ ਮਤੇ ਸ਼ਾਮਲ ਕੀਤੇ ਗਏ। ਇਸ ਮੌਕੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਾਜੈਕਟਾਂ ਤੋਂ ਜਾਣੂ ਕਰਵਾਇਆ ਤੇ ਕਿਹਾ ਕਿ ਪਿੰਡਾ ਦੇ ਲੋਕ ਗ੍ਰਾਮ ਸਭਾ ਦੇ ਆਮ ਇਜਲਾਸ 'ਚ ਖੁਦ ਆਪਣੇ ਪਿੰਡ ਦੇ ਵਿਕਾਸ ਦੀ ਯੋਜਨਾ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸਰਕਾਰ ਪਿੰਡਾਂ ਦੀ ਕਾਇਆ-ਕਲਪ ਲਈ ਸਿੱਖਿਆ, ਸਿਹਤ ਸੇਵਾਵਾਂ , ਵਾਤਾਵਰਣ ਅਤੇ ਖੇਡਾਂ ਲਈ ਆਧੁਨਿਕ ਖੇਡ ਮੈਦਾਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਮੰਤਰੀ ਮੀਤ ਹੇਅਰ ਦੇ ਨਿਰਦੇਸਾਂ ਤਹਿਤ ਪਿੰਡਾਂ ਨੂੰ ਵਾਤਵਰਣ ਪੱਖੀ ਯਤਨਾਂ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਿਕਾਊ ਵਿਕਾਸ ਦੇ 9 ਟੀਚਿਆਂ ਬਾਰੇ ਗ੍ਰਾਮ ਸਭਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸਭਾ ਦੇ ਮੈਂਬਰਾਂ ਨੇ ਟਿਕਾਊ ਵਿਕਾਸ ਦੇ ਦੋ ਥੀਮ 'ਚੰਗੇ ਸ਼ਾਸਨ ਵਾਲਾ ਪਿੰਡ' ਅਤੇ 'ਮਹਿਲਾਵਾਂ ਦੇ ਅਨੁਕੂਲ ਪਿੰਡ ਦੇ ਟੀਚਿਆਂ 'ਤੇ' ਕੰਮ ਕਰਨ ਦਾ ਸੰਕਲਪ ਲਿਆ। ਗ੍ਰਾਮ ਸਭਾ ਦੇ ਇਜਲਾਸ 'ਚ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ, ਪਰਮਜੀਤ ਭੁੱਲਰ ਵੀਡੀਓ, ਸਿਹਤ ਵਿਭਾਗ ਤੋਂ ਮਲਕੀਤ ਸਿੰਘ, ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਗੁਰਮੇਲ ਸਿੰਘ, ਰਾਊਂਡ ਗਲਾਸ ਸੰਸਥਾ ਦੇ ਪ੍ਰੇਮਜੀਤ ਸਿੰਘ, ਪੰਚ ਜਰਨੈਲ ਸਿੰਘ, ਹਰਮੇਲ ਸਿੰਘ ਤੇ ਡਾਕਟਰ ਨਛੱਤਰ ਸਿੰਘ ਆਦਿ ਹਾਜਰ ਸਨ।

## ਆਹਮੋ-ਸਾਹਮਣੇ ਹੋਈ ਟੱਕਰ 'ਚ ਟਰੱਕਾਂ ਦੇ ਉੱਡੇ ਚਿੱਥੜੇ, ਇਕ ਦੀ ਦਰਦਨਾਕ ਮੌਤ

ਨੂਰਪੁਰਬੇਦੀ 23 ਫਰਵਰੀ। ਬੀਤੀ ਅੱਧੀ ਰਾਤ ਨੂੰ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ 'ਤੇ ਸਥਿਤ ਪਿੰਡ ਸੈਦਪੁਰ ਨੇੜੇ ਗੁਜ਼ਰਦੇ ਸਤਲੁਜ ਦਰਿਆ 'ਤੇ ਪੈਂਦੇ ਵੱਡੇ ਪੁਲ ਉੱਪਰ 2 ਟਰੱਕਾਂ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ 'ਚ ਇਕ ਟਰੱਕ ਦੇ ਚਾਲਕ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਜਖਮੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐੱਚ. ਪੀ.-72-5277 ਦਾ ਚਾਲਕ/ਮਾਲਕ ਅਸ਼ੋਕ ਕੁਮਾਰ ਪ੍ਰਮਾਣੂ (ਹਿਮਾਚਲ ਪ੍ਰਦੇਸ਼) ਵਿਖੇ ਆਪਣੀ ਗੱਡੀ ਖਾਲ੍ਹੀ ਕਰਕੇ ਘਰ ਪਰਤ ਰਿਹਾ ਸੀ। ਜਦੋਂ ਉਹ ਪਿੰਡ ਸੈਦਪੁਰ ਨੇੜੇ ਸਤਲੁਜ ਦਰਿਆ 'ਤੇ ਬਣੇ ਵੱਡੇ ਪੁੱਲ 'ਤੇ ਪਹੁੰਚਿਆ ਤਾਂ ਸਾਹਮਣੇ ਦੀ ਦਿਸ਼ਾ ਤੋਂ ਆ ਰਹੇ ਟਰੱਕ ਨੰਬਰ ਐੱਚ. ਪੀ.-12ਬੀ 8581 ਦੇ ਚਾਲਕ ਨੇ ਕਿਸੇ ਨਾਮਲੂਮ ਵਾਹਨ ਨੂੰ ਕਰਾਸ ਕਰਦੇ ਸਮੇਂ ਅਣਗਹਿਲੀ ਨਾਲ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਮਾਰ ਦਿੱਤਾ। ਇਸ ਦੌਰਾਨ ਹੋਈ ਜਬਰਦਸਤ ਟੱਕਰ 'ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨ੍ਹਾਂ ਨੂੰ



ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਇਸ ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਨਾ ਹਰੌਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦਕਿ ਦੂਸਰੇ ਟਰੱਕ ਦੇ ਚਾਲਕ ਜਿਸਦੀ ਹਸਪਤਾਲ ਦੇ ਰਿਕਾਰਡ ਮੁਤਾਬਿਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ. ਜੀ. ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ 'ਚ ਦੋਵੇਂ ਟਰੱਕ ਬੁਰੀ ਤਰ੍ਹਾਂ ਨੁਕਸਾਨੇ ਗਏ। ਪੁਲਸ ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਸ਼ਮਸ਼ੇਰ ਸਿੰਘ ਪੁੱਤਰ ਮਨਸਾ ਰਾਮ ਦੇ ਬਿਆਨਾਂ 'ਤੇ ਦੂਸਰੇ ਟਰੱਕ ਦੇ ਚਾਲਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਖਿ਼ਲਾਫ ਧਾਰਾ 279, 304-ਏ ਅਤੇ 427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ ਹੈ।

## 22 ਹਜਾਰ ਟੈਕਸਦਾਤਾਵਾਂ ਨੂੰ ਆਮਦਨ ਕਰ ਵਿਭਾਗ ਦਾ ਨੋਟਿਸ, ਹਾਈ ਨੈੱਟਵਰਥ ਇੰਡੀਵਿਜੁਅਲ ਦਾ ਡਾਟਾ ਗਲਤ

ਜਲੰਧਰ 23 ਫਰਵਰੀ। ਆਮਦਨ ਕਰ ਵਿਭਾਗ ਪਿਛਲੇ 15 ਦਿਨਾਂ 'ਚ 22 ਹਜਾਰ ਟੈਕਸਦਾਤਾਵਾਂ ਨੂੰ ਸੂਚਨਾ ਨੋਟਿਸ ਜਾਰੀ ਕਰ ਚੁੱਕਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਵਲੋਂ ਆਮਦਨ ਕਰ ਰਿਟਰਨ ਵਿਚ ਦਿੱਤੀਆਂ ਗਈਆਂ ਜਾਣਕਾਰੀ ਦੇ ਆਮਦਨ ਕਰ ਵਿਭਾਗ ਦੇ ਡਾਟਾ ਨਾਲ ਮੇਲ ਨਾ ਖਾਣ ਕਾਰਨ ਇਹ ਨੋਟਿਸ ਦਿੱਤੇ ਗਏ ਹਨ। ਆਮਦਨ ਕਰ ਵਿਭਾਗ ਦੇ ਅੰਕੜਿਆਂ ਮੁਤਾਬਕ 2 ਲੱਖ ਟੈਕਸਦਾਤਾਵਾਂ ਵਲੋਂ ਆਮਦਨ ਕਰ ਰਿਟਰਨ ਵਿਚ ਖਾਮੀਆਂ ਪਾਈਆਂ ਗਈਆਂ ਹਨ। ਇਨ੍ਹਾਂ ਵਲੋਂ ਆਈ. ਟੀ. ਆਰ, ਵਿਚ ਦਿੱਤੀ ਗਈ ਆਮਦਨ ਜਾਂ ਖਰਚੇ ਜਾਂ ਫਿਰ ਬੈਂਕ ਅਕਾਊਂਟ ਡਿਟੇਲ ਵਿਭਾਗ ਵਲੋਂ ਜੁਟਾਏ ਅੰਕੜਿਆਂ ਨਾਲ ਮੇਲ ਨਹੀਂ ਖਾ ਰਹੇ ਹਨ। ਆਮਦਨ ਕਰ ਵਿਭਾਗ ਨੇ ਇਹ ਅੰਕੜੇ ਇਨ੍ਹਾਂ ਟੈਕਸਦਾਤਾਵਾਂ ਨਾਲ ਲਿੰਕਡ ਬੈਂਕ ਅਤੇ ਯੂ. ਪੀ. ਆਈ. ਟ੍ਰਾਂਜੈਕਸ਼ਨ ਦੇ ਆਧਾਰ 'ਤੇ ਜੁਟਾਏ ਹਨ। ਜਿਨ੍ਹਾਂ ਨੂੰ ਨੋਟਿਸ ਦਿੱਤੇ ਗਏ ਹਨ, ਉਨ੍ਹਾਂ ਵਿਚ ਤਨਖਾਹ ਲੈਣ ਵਾਲੇ ਕਰਮਚਾਰੀਆਂ, ਹਾਈ ਨੈੱਟਵਰਥ ਇੰਡੀਵਿਜੁਅਲ, ਹਿੰਦੂ ਅਨਡਿਵਾਈਡਡ ਫੈਮਿਲੀ (ਐੱਚ. ਯੂ. ਐੱਫ.) ਅਤੇ ਟਰੱਸਟ ਸ਼ਾਮਲ ਹਨ। ਸਾਰੇ ਸੂਚਨਾ ਨੋਟਿਸ ਅਸੈੱਸਮੈਂਟ ਯੀਅਰ 2023-24 ਲਈ ਭਰੇ ਗਏ ਆਈ. ਟੀ. ਆਰ. ਲਈ ਭੇਜੇ ਗਏ ਹਨ। ਇਨ੍ਹਾਂ ਸਾਰਿਆਂ ਵਲੋਂ ਆਮਦਨ ਕਰ ਰਿਟਰਨ ਵਿਚ ਕੀਤੀ ਗਈ ਟੈਕਸ ਕਟੌਤੀ ਦਾ ਦਾਅਵਾ ਫਾਰਮ 16 ਜਾਂ ਸਾਲਾਨਾ ਇਨਫਾਰਮੇਸ਼ਨ ਸਟੇਟਮੈਂਟ ਜਾਂ ਫਿਰ ਆਮਦਨ ਕਰ ਵਿਭਾਗ ਦੇ ਅੰਕੜਿਆਂ ਨਾਲ ਮੇਲ ਨਹੀਂ ਖਾ ਰਿਹਾ ਹੈ। ਆਮਦਨ ਕਰ ਵਿਭਾਗ ਦਾ ਕਹਿਣਾ ਹੈ ਕਿ ਜੇ ਟੈਕਸਦਾਤਾ ਇਸ ਸੂਚਨਾ ਨੋਟਿਸ ਦਾ ਕੋਈ ਜਵਾਬ ਨਹੀਂ ਦਿੰਦੇ ਹਨ ਜਾਂ ਕੋਈ ਸਪੱਸ਼ਟੀਕਰਨ ਦੇਣ 'ਚ ਅਸਮਰੱਥ ਹਨ ਤਾਂ ਫਿਰ ਉਨ੍ਹਾਂ ਨੂੰ ਆਮਦਨ ਕਰ ਵਿਭਾਗ ਡਿਮਾਂਡ ਨੋਟਿਸ ਭੇਜੇਗਾ। ਆਮਦਨ ਕਰ ਵਿਭਾਗ ਨੇ ਕਿਹਾ ਕਿ ਜੇ ਕਿਸੇ ਟੈਕਸਦਾਤਾ 'ਤੇ ਟੈਕਸ ਦੇਣਦਾਰੀ ਬਣ ਰਹੀ ਹੈ ਤਾਂ ਉਹ ਵਿਆਜ ਨਾਲ ਬਕਾਇਆ ਟੈਕਸ ਭੁਗਤਾਨ ਕਰ ਸਕਦਾ ਹੈ ਅਤੇ ਅਪਡੇਟ ਰਿਟਰਨ ਦਾਖਲ ਕਰ ਸਕਦਾ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਆਮਦਨ ਕਰ ਵਿਭਾਗ ਨੇ 12 ਹਜਾਰ ਤਨਖਾਹ ਲੈਣ ਵਾਲੇ ਟੈਕਸਦਾਤਾਵਾਂ ਨੂੰ ਵੀ ਸੂਚਨਾ ਨੋਟਿਸ ਭੇਜੇ ਹਨ। ਅਜਿਹੇ ਤਨਖਾਹ ਲੈਣ ਵਾਲੇ ਟੈਕਸਦਾਤਾਵਾਂ ਨੂੰ ਸੂਚਨਾ ਨੋਟਿਸ ਭੇਜੇ ਗਏ ਹਨ, ਜਿਨ੍ਹਾਂ ਵਲੋਂ ਦਾਅਵਾ ਕੀਤੀ ਗਈ ਆਮਦਨ ਕਰ ਕਟੌਤੀ ਅਤੇ ਵਿਭਾਗ ਦੇ ਡਾਟਾ ਦਰਮਿਆਨ ਫਰਕ 50 ਹਜਾਰ ਰੁਪਏ ਤੋਂ ਵੱਧ ਸੀ। ਇਸ ਤੋਂ ਇਲਾਵਾ ਆਮਦਨ ਕਰ ਵਿਭਾਗ ਨੇ 8 ਹਜਾਰ ਐੱਚ. ਯੂ. ਐੱਫ. ਟੈਕਸਦਾਤਾਵਾਂ ਨੂੰ ਨੋਟਿਸ ਭੇਜੇ ਹਨ। ਇਨ੍ਹਾਂ ਵਲੋਂ ਕੀਤੀ ਗਈ ਇਨਕਮ ਟੈਕਸ ਫਾਈਲ ਅਤੇ ਆਮਦਨ ਕਰ ਵਿਭਾਗ ਦੇ ਅੰਕੜਿਆਂ ਦਰਮਿਆਨ 50 ਲੱਖ ਰੁਪਏ ਤੋਂ ਵੱਧ ਦਾ ਫਰਕ ਹੈ। ਆਮਦਨ ਕਰ ਵਿਭਾਗ ਨੇ 900 ਹਾਈ ਨੈੱਟਵਰਥ ਇੰਡੀਵਿਜੁਅਲ ਨੂੰ ਵੀ ਨੋਟਿਸ ਦਿੱਤਾ ਹੈ। ਇਨ੍ਹਾਂ ਵਲੋਂ ਆਪਣੀ ਇਨਕਮ ਟੈਕਸ ਰਿਟਰਨ ਵਿਚ ਦੱਸੀ ਗਈ ਆਮਦਨ ਅਤੇ ਵਿਭਾਗ ਵਲੋਂ ਨੋਟਿਸ ਕੀਤੀ ਗਈ ਆਮਦਨ ਵਿਚ 5 ਕਰੋੜ ਰੁਪਏ ਤੋਂ ਵੱਧ ਦਾ ਫਰਕ ਹੈ। ਉੱਥੇ ਹੀ 1200 ਟਰੱਸਟ ਅਤੇ ਸਾਂਝੇਦਾਰੀ ਫਰਮ ਵਲੋਂ ਆਮਦਨ ਕਰ ਵਿਭਾਗ ਦੇ ਡਾਟਾ ਦਰਮਿਆਨ 10 ਕਰੋੜ ਰੁਪਏ ਤੋਂ ਵੱਧ ਦਾ ਫਰਕ ਹੈ, ਇਨ੍ਹਾਂ ਨੂੰ ਵੀ ਸੂਚਨਾ ਨੋਟਿਸ ਦਿੱਤੇ ਗਏ ਹਨ।

### ਜਲੰਧਰ 'ਚ ਆਦਮਪੁਰ ਦਾ ਪਾਣੀ ਦਾ ਪੱਧਰ ਸਭ ਤੋਂ ਉੱਪਰ, ਨਵੇਂ ਟਿਊਬਵੈੱਲ ਲਈ ਰੱਖੀ ਇਹ ਸ਼ਰਤ

ਜਲੰਧਰ 23 ਫਰਵਰੀ। ਹਰ ਸਾਲ ਜਲੰਧਰ ਵਿਚ ਜਮੀਨੀ ਪਾਣੀ ਦਾ ਪੱਧਰ ਡਿੱਗ ਰਿਹਾ ਹੈ। ਜਲੰਧਰ ਵਿਚ 11 ਬਲਾਕ ਹਨ। ਇਨ੍ਹਾਂ ਵਿਚੋਂ ਇਕਲੌਤਾ ਆਦਮਪੁਰ ਬਲਾਕ ਸੁਰੱਖਿਅਤ ਖੇਤਰ ਸ਼ਾਮਲ ਹੈ, ਜਿੱਥੇ ਜਮੀਨੀ ਪਾਣੀ 11.0 ਮੀਟਰ 'ਤੇ ਹੈ। ਬਾਕੀ ਸਾਰੇ ਬਲਾਕਾਂ ਵਿਚ 25 ਤੋਂ ਲੈ ਕੇ 36 ਮੀਟਰ ਤੱਕ ਪਾਣੀ ਦਾ ਪੱਧਰ ਡਿੱਗ ਚੁੱਕਿਆ ਹੈ। ਅਜਿਹੇ ਵਿਚ ਸੂਬੇ ਦੀ ਗਰਾਊਂਡ ਵਾਟਰ ਅਥਾਰਿਟੀ ਪਾਣੀ ਦਾ ਸਭ ਤੋਂ ਵੱਧ ਇਸਤੇਮਾਲ ਕਰਨ ਵਾਲੇ ਲੋਕਾਂ ਤੋਂ ਜਮੀਨੀ ਪਾਣੀ ਨੂੰ ਕੱਢਣ ਦਾ ਟੈਕਸ ਲਵੇਗੀ। ਇਸ ਨਾਲ ਜੋ ਪੈਸਾ ਇਕੱਠਾ ਹੋਵੇਗਾ, ਉਸ ਦਾ ਇਸਤੇਮਾਲ ਪਾਣੀ ਦੀ ਸਾਂਭ ਸੰਭਾਲ ਦੇ ਪ੍ਰਾਜੈਕਟ ਵਿਚ ਕੀਤਾ ਜਾਵੇਗਾ। ਇਸ ਦੇ ਤਹਿਤ ਪਾਣੀ ਦੀ ਵੱਧ ਵਰਤੋਂ ਕਰਨ ਵਾਲਿਆਂ ਨੂੰ ਨਵੇਂ ਟਿਊਬਵੈੱਲਾਂ ਦੀ ਇਜਾਜਤ ਲੈਣੀ ਪਵੇਗੀ।

### ਸਿਖਲਾਈ ਕੈਂਪਾਂ ਰਾਹੀਂ ਕਿਸਾਨਾਂ ਨੂੰ ਫਸਲੀ ਬਦਲਾਅ ਲਈ ਪ੍ਰੇਰਿਤ ਕਰਨਾ ਸਰਕਾਰ ਦਾ ਮੁੱਖ ਉਦੇਸ਼ : ਮੰਤਰੀ ਕਟਾਰੂਚੱਕ

ਪਠਾਨਕੋਟ 23 ਫਰਵਰੀ। ਬਦਲ ਕੇ ਫਸਲ ਲਾਈਏ ਆਓ ਰੰਗਲਾ ਪੰਜਾਬ ਬਣਾਈਏ ਦੇ ਅਧੀਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੁਲਦੀਪ ਸਿੰਘ ਧਾਲੀਵਾਲ ਖੇਤੀਬਾੜੀ ਮੰਤਰੀ ਦੀ ਅਗਵਾਈ 'ਚ ਹੋ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਨਿਰਦੇਸ਼ਾਂ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜਿ਼ਲ੍ਹਾ ਪਠਾਨਕੋਟ ਵੱਲੋਂ ਆਤਮਾ ਦੇ ਸਹਿਯੋਗ ਨਾਲ ਜਿ਼ਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਆ ਵਿਖੇ ਲਾਇਆ ਗਿਆ। ਸਿਖਲਾਈ ਕੈਂਪ ਦੌਰਾਨ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਮੁੱਖ ਮਹਿਮਾਨ ਵਜੋਂ ਹਾਜਰ ਹੋਏ, ਜਿਨ੍ਹਾਂ ਨੂੰ ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਅਤੇ ਹੋਰ ਅਧਿਕਾਰੀਆਂ ਨੇ ਗੁਲਦਸਤੇ ਭੇਟ ਕਰ ਕੇ ਸਵਾਗਤ ਕੀਤਾ। ਉਪਰੰਤ ਮੁੱਖ ਮਹਿਮਾਨ ਨੇ ਰਿਬਨ ਕੱਟ ਕੇ ਜਿ਼ਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਅਵਤਾਰ ਸਿੰਘ ਸੰਯੁਕਤ ਡਾਇਰੈਕਟਰ ਖੇਤੀ ਬਾੜੀ (ਵਿਸਥਾਰ ਤੇ ਸਿਖਲਾਈ) ਵੀ ਹਾਜਰ ਸਨ। ਕੈਂਪ ਦੌਰਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਵਾਰ ਕਿਸਾਨ ਸਿਖਲਾਈ ਕੈਂਪ 'ਚ ਵਿਸ਼ੇਸ਼ ਗੱਲ ਇਹ ਦੇਖਣ ਨੂੰ ਮਿਲੀ ਕਿ ਕਿਸਾਨੀ ਕਿੱਤੇ ਨਾਲ ਜੁੜੀਆਂ ਔਰਤਾਂ ਵੀ ਭਾਰੀ ਸੰਖਿਆ 'ਚ ਕਿਸਾਨ ਜਾਗਰੂਕਤਾ ਮੇਲੇ 'ਚ ਸ਼ਾਮਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਚਿੰਤਾਂ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪਾਣੀ ਦਾ ਸਤਰ ਬਹੁਤ ਨੀਵਾਂ ਜਾ ਰਿਹਾ ਹੈ ਅਤੇ ਸਰਕਾਰ ਦਾ ਵੀ ਉਪਰਾਲਾ ਹੈ ਕਿ ਕਿਸਾਨ ਫਸਲਾ ਅੰਦਰ ਬਦਲਾਅ ਲਿਆ ਕੇ ਦਿਨ ਪ੍ਰਤੀ ਦਿਨ ਗਿਰ ਰਹੇ ਜਲ ਸਤਰ ਦੀ ਸੰਭਾਲ ਕਰਨ 'ਚ ਅਪਣਾ ਸਹਿਯੋਗ ਦੇ ਸਕਦੇ ਹਨ। ਮੁੱਖ ਅਫਸਰ ਡਾ. ਰਜਿੰਦਰ ਕੁਮਾਰ ਅਤੇ ਹੋਰ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਜੀ ਨੂੰ ਯਾਦਗਾਰ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਕੇ. ਵੀ. ਕੇ. ਘੋਹ ਤੋਂ ਡਿਪਟੀ ਡਾਇਰੈਕਟਰ ਡਾ. ਨਰਿੰਦਰਦੀਪ ਸਿੰਘ ਅਤੇ ਉਨ੍ਹਾਂ ਦੀ ਸਾਇੰਸਦਾਨਾਂ ਦੀ ਟੀਮ ਵੱਲੋਂ ਵਿਸ਼ੇਸ਼ ਜਾਣਕਾਰੀ ਦਿੱਤੀ ਗਈ।

### ਲੁਧਿਆਣਾ 'ਚ ਬੱਸਾਂ ਦਾ ਸਫਰ ਕਰਨ ਵਾਲਿਆਂ ਲਈ ਜਰੂਰੀ ਖਬਰ, ਇਸ ਚੌਕ 'ਚ ਨਹੀਂ ਹੋਵੇਗੀ ਐਂਟਰੀ

ਲੁਧਿਆਣਾ 23 ਫਰਵਰੀ। ਫਿਰੋਜਪੁਰ ਰੋਡ 'ਤੇ ਬਣ ਰਹੇ ਐਲੀਵੇਟਿਡ ਪ੍ਰਾਜੈਕਟ ਦੇ ਮੱਦੇਨਜਰ ਭਾਰਤ ਨਗਰ ਚੌਕ 'ਚ ਬੱਸਾਂ ਦੀ ਐਂਟਰੀ ਬੰਦ ਹੋਵੇਗੀ। ਸੋਮਵਾਰ ਅਤੇ ਮੰਗਲਵਾਰ ਨੂੰ ਇਸ ਦਾ ਟ੍ਰਾਇਲ ਸ਼ੁਰੂ ਕਰ ਦਿੱਤਾ ਗਿਆ ਹੈ। ਟ੍ਰਾਇਲ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਟ੍ਰੈਫਿਕ ਪੁਲਸ ਅਤੇ ਐੱਨ. ਐੱਚ. ਏ. ਆਈ. ਵੱਲੋਂ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ। ਯੋਜਨਾ ਦੇ ਤਹਿਤ ਸਮਰਾਲਾ ਚੌਕ ਤੋਂ ਲੈ ਕੇ ਫਿਰੋਜਪੁਰ ਰੋਡ ਚੁੰਗੀ ਤੱਕ ਐਲੀਵੇਟਿਡ ਪ੍ਰਾਜੈਕਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜਰ ਕਈ ਪੁਆਇੰਟਾਂ 'ਤੇ ਐਲੀਵੇਟਿਡ ਰੋਡ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ ਦਾ ਕੰਮ ਆਰਤੀ ਚੌਕ, ਭਾਈ ਵਾਲਾ ਚੌਕ, ਕਚਿਹਰੀ ਚੌਕ ਅਤੇ ਭਾਰਤ ਨਗਰ ਚੌਕ 'ਚ ਚੱਲ ਰਿਹਾ ਹੈ। ਭਾਰਤ ਨਗਰ ਚੌਕ 'ਚ ਬੱਸਾਂ ਦੀ ਆਵਾਜਾਈ ਦੇ ਚੱਲਦਿਆਂ ਕੰਮ ਪੂਰਾ ਕਰਨ 'ਚ ਦਿੱਕਤ ਪੇਸ਼ ਆ ਰਹੀ ਹੈ ਅਤੇ ਰੋਜਾਨਾ ਲੰਬੇ ਟ੍ਰੈਫਿਕ ਜਾਮ ਲੱਗ ਰਹੇ ਹਨ। ਬੱਸ ਅੱਡੇ ਤੋਂ ਭਾਰਤ ਨਗਰ ਚੌਕ 'ਚ ਰੋਜਾਨਾ 500 ਦੇ ਕਰੀਬ ਬੱਸਾਂ ਦੀ ਲਗਾਤਾਰ ਆਵਾਜਾਈ ਹੈ। ਇਸ ਦੇ ਲਈ ਟ੍ਰੈਫਿਕ ਪੁਲਸ ਵੱਲੋਂ 2 ਦਿਨ ਦੇ ਟ੍ਰਾਇਲ ਦੇ ਤੌਰ 'ਤੇ ਬੱਸਾਂ ਨੂੰ ਫਿਰੋਜਪੁਰ ਰੋਡ 'ਤੇ ਦੱਖਣ ਬਾਈਪਾਸ ਤੋਂ ਡਾਇਵਰਟ ਕਰਕੇ ਗਿੱਲ ਰੋਡ ਦੇ ਮਾਧਿਅਮ ਰਾਹੀਂ ਬੱਸ ਅੱਡੇ ਭੇਜਿਆ ਜਾਵੇਗਾ। ਇਸੇ ਤਰ੍ਹਾਂ ਬੱਸ ਅੱਡੇ ਤੋਂ ਫਿਰੋਜਪੁਰ ਰੋਡ ਜਾਣ ਵਾਲੀਆਂ ਬੱਸਾਂ ਨੂੰ ਗਿੱਲ ਰੋਡ, ਦੱਖਣ ਬਾਈਪਾਸ ਦੇ ਰਾਹ ਅੱਗੇ ਭੇਜਿਆ ਜਾਵੇਗਾ।

### ਕੈਂਸਰ ਨਾਲ ਜੂਝ ਰਹੀ ਪਤਨੀ ਲਈ ਭਾਵੁਕ ਹੋਏ ਨਵਜੋਤ ਸਿੱਧੂ, ਚੱਲ ਰਹੀ 6ਵੀਂ ਕੀਮੋਥੈਰੇਪੀ

ਚੰਡੀਗੜ੍ਹ 23 ਫਰਵਰੀ। ਕੈਂਸਰ ਨਾਲ ਜੂਝ ਰਹੀ ਆਪਣੀ ਪਤਨੀ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਹੁਤ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਸਾਬਕਾ ਸੀ. ਪੀ. ਐੱਸ. ਪਤਨੀ ਨਵਜੋਤ ਕੌਰ ਨੂੰ ਲੈ ਕੇ ਭਾਵਨਾਵਾਂ ਨਾਲ ਭਰੀ ਇਕ ਪੋਸਟ ਲਿਖੀ ਕਿ ਆਪਣੇ ਬੱਚਿਆਂ ਦੇ ਪਿਆਰ ਅਤੇ ਪਿਆਰ ਤੋਂ ਪ੍ਰੇਰਿਤ ਹੋ ਕੇ ਆਖਰਕਾਰ ਉਨ੍ਹਾਂ ਦੀ ਆਖਰੀ ਕੀਮੋਥੈਰੇਪੀ ਚੱਲ ਰਹੀ ਹੈ। ਸੀਨੀਅਰ ਕਾਂਗਰਸ ਨੇਤਾ ਨੇ ਲਿਖਿਆ ਕਿ ਮਾਨਸਿਕ ਮਜ਼ਬੂਤੀ ਉਨ੍ਹਾਂ ਦੀ (ਸ੍ਰੀਮਤੀ ਸਿੱਧੂ ਦੀ) ਸਭ ਤੋਂ ਵੱਡੀ ਤਾਕਤ ਹੈ, ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਕੈਂਸਰ ਨੂੰ ਹਰਾ ਦਿੱਤਾ ਹੈ। 6 ਕੀਮੋਥੈਰੇਪੀ ਦੌਰਾਨ ਉਨ੍ਹਾਂ ਨੂੰ ਇਕ ਦਿਨ ਲਈ ਵੀ ਬਿਸਤਰੇ 'ਤੇ ਨਹੀਂ ਰੱਖਿਆ ਗਿਆ

## ਸ਼ਾਤਿਰ ਕੁੜੀ ਦਾ ਕਾਰਾ ਕਰੇਗਾ ਹੈਰਾਨ, ਕ੍ਰੈਡਿਟ ਕਾਰਡ ਜਰੀਏ ਇੰਝ ਕੀਤੀ ਲੱਖਾਂ ਦੀ ਧੋਖਾਦੇਹੀ

ਨਵਾਂਸ਼ਹਿਰ 23 ਫਰਵਰੀ। ਕ੍ਰੈਡਿਟ ਕਾਰਡ ਨੂੰ ਕਬਜ਼ੇ ਵਿਚ ਰੱਖ ਕੇ ਗਲਤ ਵਰਤੋਂ ਕਰਕੇ 3 ਲੱਖ 80 ਹਜਾਰ ਰੁਪਏ ਦੀ ਬੈਂਕ ਦੇਣਦਾਰੀ ਕਰਨ ਦੇ ਦੋਸ਼ਾਂ ਤਹਿਤ ਪੁਲਸ ਨੇ ਕੁੜੀ ਖਿ਼ਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਸੁਰਿੰਦਰ ਪਾਲ ਪੁੱਤਰ ਨਿਰੰਜਣ ਦਾਸ ਵਾਸੀ ਪਿੰਡ ਜੱਬੋਵਾਲ ਨੇ ਦੱਸਿਆ ਕਿ ਉਸ



ਦੇ ਪਿੰਡ ਵਿਚ ਹੀ ਸਥਿਤ ਬੈਂਕ ਵਿਚ ਖਾਤਾ ਹੈ। ਬੈਂਕ ਵੱਲੋਂ ਉਸ ਦੇ ਨੰਬਰ 'ਤੇ ਕ੍ਰੈਡਿਟ ਕਾਰਡ ਜਾਰੀ ਕੀਤਾ ਗਿਆ ਹੈ ਜੋ ਉਸ ਨੂੰ ਨਹੀਂ ਮਿਲਿਆ ਅਤੇ ਉਸ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਉਸ ਨੇ ਦੱਸਿਆ ਕਿ ਬੈਂਕ ਤੋਂ ਉਸ ਨੂੰ ਫੋਨ ਆਇਆ ਕਿ ਉਸ ਦੇ ਕ੍ਰੈਡਿਟ ਕਾਰਡ 'ਤੇ ਕਰੀਬ 3.80 ਲੱਖ ਰੁਪਏ ਦੀ ਦੇਣਦਾਰੀ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਉਕਤ ਰਕਮ ਦੀ ਕਦੇ ਵਰਤੋਂ ਨਹੀਂ ਕੀਤੀ ਹੈ ਅਤੇ ਉਹ ਇੰਨੀ ਰਕਮ ਦੇਣ ਯੋਗ ਵੀ ਨਹੀਂ ਹਨ। ਉਸ ਨੇ ਦੱਸਿਆ ਕਿ ਉਹ ਇਕ ਗਰੀਬ ਘਰ ਨਾਲ ਸਬੰਧ ਰੱਖਦਾ ਹੈ ਅਤੇ ਅਨਪੜ੍ਹ ਵੀ ਹੈ। ਉਹ ਦੁਬਈ ਵਿਖੇ ਡੇਲੀ ਵੇਜ਼ਰ ਵੱਜੋਂ ਕੰਮ ਕਰਦਾ ਹੈ, ਜਦਕਿ ਉਸ ਦੀ ਪਤਨੀ ਇੰਡੀਆ ਵਿਖੇ ਡੇਲੀ ਵੇਜ਼ਰ ਹੈ। ਉਸ ਨੇ ਦੱਸਿਆ ਕਿ ਉਹ ਮੋਬਾਇਲ 'ਤੇ ਆਉਣ ਵਾਲੇ ਮੈਸੇਜ ਵੀ ਨਹੀਂ ਪੜ੍ਹ ਸਕਦਾ ਅਤੇ ਉਸ ਨੂੰ ਪਤਾ ਨਹੀਂ ਹੈ ਕਿ ਉਸ ਦੇ ਮੋਬਾਇਲ 'ਤੇ ਟ੍ਰਾਂਜ਼ੈਕਸ਼ਨ ਦਾ ਕੋਈ ਮੈਸੇਜ ਆਇਆ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਉਸ ਨੇ ਇਨਸਾਫ ਦੀ ਮੰਗ ਕਰਦੇ ਹੋਏ ਦੋਸ਼ੀ ਖਿ਼ਲਾਫ ਕਾਨੂੰਨ ਤਹਿਤ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਕਤ ਸ਼ਿਕਾਇਤ ਦੀ ਜਾਂਚ ਸਾਈਬਰ ਸੈੱਲ ਦੇ ਇੰਚਾਰਜ ਐੱਸ. ਆਈ. ਰਾਧੇ ਕ੍ਰਿਸ਼ਨ ਵੱਲੋਂ ਕਰਨ ਉਪਰੰਤ ਅਤੇ ਡੀ. ਐੱਸ. ਪੀ. ਰੈਂਕ ਦੇ ਅਧਿਕਾਰੀ ਵੱਲੋਂ ਰਿਪੋਰਟ 'ਤੇ ਸਹਿਮਤੀ ਜ਼ਾਹਿਰ ਕਰਨ ਉਪਰੰਤ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੇ ਕ੍ਰੈਡਿਟ ਕਾਰਡ ਦੀ ਗਲਤ ਵਰਤੋਂ ਕਰਨ ਦੇ ਦੋਸ਼ ਤਹਿਤ ਪਿੰਡ ਦੀ ਕੁੜੀ ਮਨਪ੍ਰੀਤ ਕੌਰ ਖਿ਼ਲਾਫ ਧਾਰਾ 406,420 ਦੇ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### 5 ਸਾਲ ਦੀ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ ਬਜ਼ੁਰਗ ਨੂੰ 5 ਸਾਲ ਦੀ ਕੈਦ ਤੇ ਜੁਰਮਾਨਾ

ਮੋਗਾ 23 ਫਰਵਰੀ। ਜ਼ਿਲ੍ਹਾ ਅਤੇ ਵਧੀਕ ਸੈਸ਼ਨ ਜੱਜ ਵਿਕਰਾਂਤ ਕੁਮਾਰ ਦੀ ਅਦਾਲਤ ਨੇ ਕੁੱਝ ਮਹੀਨੇ ਪਹਿਲਾਂ 5 ਸਾਲ ਦੀ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ 65 ਸਾਲਾ ਬਜੁਰਗ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਦੋਸ਼ੀ ਨੂੰ 5 ਸਾਲ ਦੀ ਕੈਦ ਅਤੇ 10,000 ਰੁਪਏ ਜੁਰਮਾਨਾ ਭਰਨ ਦਾ ਹੁਕਮ ਸੁਣਾਇਆ ਹੈ। ਅਦਾਲਤ ਦੇ ਹੁਕਮਾਂ ਅਨੁਸਾਰ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਸ਼ੀ ਨੂੰ 3 ਮਹੀਨੇ ਦੀ ਵਾਧੂ ਕੈਦ ਕੱਟਣੀ ਪਵੇਗੀ। ਜਾਣਕਾਰੀ ਅਨੁਸਾਰ ਪੀੜਤ ਕੁੜੀ ਦੀ ਮਾਂ ਨੇ ਥਾਣਾ ਬੱਧਣੀ ਕਲਾਂ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ 65 ਸਾਲਾ ਬਜੁਰਗ ਉਸ ਦਾ ਰਿਸ਼ਤੇਦਾਰ ਸੀ ਅਤੇ ਉਕਤ ਗੁਆਂਢੀ ਦੇ ਘਰ ਵਿਚ ਵਿਆਹ ਸਮਾਗਮ ਹੋਣ ਕਾਰਣ ਉਸ ਵਿਚ ਸ਼ਾਮਲ ਹੋਣ ਲਈ ਆਇਆ ਸੀ ਅਤੇ ਕੁਝ ਸਮਾਂ ਦਾ ਰਿਸ਼ਤੇਦਾਰ ਸੀ ਅਤੇ ਉਕਤ ਗੁਆਂਢੀ ਦੇ ਘਰ ਵਿਚ ਵਿਆਹ ਸਮਾਗਮ ਹੋਣ ਕਾਰਣ ਉਸ ਵਿਚ ਸ਼ਾਮਲ ਹੋਣ ਲਈ ਆਇਆ ਸੀ ਅਤੇ ਕੁਝ ਸਮਾਂ ਆਰਾਮ ਕਰਨ ਲਈ ਉਨ੍ਹਾਂ ਦੇ ਘਰ ਆਇਆ ਸੀ। ਇਸ ਦੌਰਾਨ ਉਸ ਦੀ 5 ਸਾਲਾ ਧੀ ਉਸ ਕਮਰੇ ਵਿਚ ਗਈ, ਜਿੱਥੇ ਬਜੁਰਗ ਆਰਾਮ ਕਰ ਰਿਹਾ ਸੀ ਅਤੇ ਕਾਫੀ ਦੇਰ ਤੱਕ ਵਾਪਸ ਨਾ ਆਈ। ਜਦੋਂ ਉਸ ਨੇ ਕਮਰੇ ਵਿਚ ਜਾ ਕੇ ਦੇਖਿਆ ਤਾਂ ਬਜੁਰਗ ਉਸਦੀ ਪੰਜ ਸਾਲਾ ਬੱਚੀ ਦੇ ਨਾਲ ਅਸ਼ਲੀਲ ਹ ਆਰਾਮ ਕਰਨ ਲਈ ਉਨ੍ਹਾਂ ਦੇ ਘਰ ਆਇਆ ਸੀ। ਇਸ ਦੌਰਾਨ ਉਸ ਦੀ 5 ਸਾਲਾ ਧੀ ਉਸ ਕਮਰੇ ਵਿਚ ਗਈ, ਜਿੱਥੇ ਬਜੁਰਗ ਆਰਾਮ ਕਰ ਰਿਹਾ ਸੀ ਅਤੇ ਕਾਫੀ ਦੇਰ ਤੱਕ ਵਾਪਸ ਨਾ ਆਈ। ਜਦੋਂ ਉਸ ਨੇ ਕਮਰੇ ਵਿਚ ਜਾ ਕੇ ਦੇਖਿਆ ਤਾਂ ਬਜੁਰਗ ਉਸਦੀ ਪੰਜ ਸਾਲਾ ਬੱਚੀ ਦੇ ਨਾਲ ਅਸ਼ਲੀਲ ਹਰਕਤਾਂ ਕਰ ਰਿਹਾ ਸੀ, ਜਿਸ 'ਤੇ ਉਸ ਨੇ ਰੌਲਾ ਪਾਇਆ ਅਤੇ ਬਜੁਰਗ ਮੌਕੇ ਤੋਂ ਖਿ਼ਸਕ ਗਿਆ। ਪੀੜਤ ਕੁੜੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਦਾ ਰਿਸ਼ਤੇਦਾਰ ਸੀ ਅਤੇ ਉਕਤ ਗੁਆਂਢੀ ਦੇ ਘਰ ਵਿਚ ਵਿਆਹ ਸਮਾਗਮ ਹੋਣ ਕਾਰਣ ਉਸ ਵਿਚ ਸ਼ਾਮਲ ਹੋਣ ਲਈ ਆਇਆ ਸੀ ਅਤੇ ਕੁਝ ਸਮਾਂ ਆਰਾਮ ਕਰਨ ਲਈ ਉਨ੍ਹਾਂ ਦੇ ਘਰ ਆਇਆ ਸੀ। ਇਸ ਦੌਰਾਨ ਉਸ ਦੀ 5 ਸਾਲਾ ਧੀ ਉਸ ਕਮਰੇ ਵਿਚ ਗਈ, ਜਿੱਥੇ ਬਜੁਰਗ ਆਰਾਮ ਕਰ ਰਿਹਾ ਸੀ ਅਤੇ ਕਾਫੀ ਦੇਰ ਤੱਕ ਵਾਪਸ ਨਾ ਆਈ। ਜਦੋਂ ਉਸ ਨੇ ਕਮਰੇ ਵਿਚ ਜਾ ਕੇ ਦੇਖਿਆ ਤਾਂ ਬਜੁਰਗ ਉਸਦੀ ਪੰਜ ਸਾਲਾ ਬੱਚੀ ਦੇ ਨਾਲ ਅਸ਼ਲੀਲ ਹਥਾਣਾ ਬੱਧਣੀ ਕਲਾਂ ਵਿਚ ਮਾਮਲਾ ਦਰਜ ਕੀਤਾ ਗਿਆ ਸੀ।


**NAME CHANGE**

I, NIKHAT W/O MOHD SULEMAN ANSARI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to NIKHAT SULEMAN ANSARI for all future purpose.

**NAME CHANGE**

I Naresh S/o Dalip Singh R/o G-395,Block-k , Gali No-1 , Adhyapak Nagar, Nangloi , West Delhi, Delhi-110041,Have Changed My Name Naresh Kumar For All Purpose

**NAME CHANGE**

I, USHA KUMAR W/O AJAY KUMAR residing at 1479 RANI BAGH DELHI-110034 have changed my name to USHA RANI for all future purpose.

**NAME CHANGE**

I, AKSHAY KUMAR KILA S/O VINOD KUMAR KILA residing at H NO-1705-A, SECTOR-B POCKET-1, VASANT KUNJ, DELHI-110070 have changed my name to AKSHAY KILA for all future purpose.

**NAME CHANGE**

I, Neharika D/o Ashok Manchanda R/o G-10/11, 1st Floor, Kiran Garden, Nr. Janta Clinic, Uttam Nagar, Delhi-110059, have changed my name to Neharika Manchanda for all future purposes

**NAME CHANGE**

I, PRERNA SHARMA D/O SANJIV RANJAN SHARMA R/O DS 260, ARJAN VIHAR, DELHI CANTT–110010, have changed my name from PRERNA SHARMA to PRERNA for all future purposes.

**NAME CHANGE**

I, PRINCY AGARWAL W/O AKSHAY KILA residing at H NO-1705-A, SECTOR-B POCKET-1, VASANT KUNJ, DELHI-110070 have changed my name to PRINCY KILA for all future purpose.

**NAME CHANGE**

I, Jai Pal s/o Darshan Lal Juneja R/o H. No.86, 2nd Floor, Near Gate No.2, Ram Vihar, Karkardooma, Delhi-110092, have changed my name to Jai Pal Juneja for all future purposes.

**NAME CHANGE**

I, MOHAMMAD SULEMAN/ MOHAMMAD SULEMAN ANSARI S/O GULAM NABI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to MOHD SULEMAN ANSARI for all future purpose.

**NAME CHANGE**

I, PRAHLAD DEWAL S/O MANGLI PRASAD residing at H NO-X-33/5 STREET NO-10 X-BLOCK BRAHAMPURI DELHI-110053 have changed my name to PRAHLAD KUMAR for all future purpose.

**NAME CHANGE**

I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**

I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**

I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**

I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**

I, hitherto known as SANTOSH DEVI W/O ASHOK KUMAR SHARMA R/O F-7/B, GALI NO-16, SADH NAGAR-2, PALAM COLONY, SOUTH WEST DELHI, DELHI-110045 have changed my name and shall hereafter be known as SANTOSH BHARDWAJ W/O ASHOK BHARDWAJ.

**NAME CHANGE**

I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**

I, hitherto known as Junaid alias Uwais Ahmed S/o Shahnawaz Ahmed R/o 6976, Gali Karkhane Wali, Beri Wala Bagh, Azad Market, Delhi-110006 have changed my name and shall hereafter be known as Uwais Ahmed.

**PUBLIC NOTICE**

It is for general information that I, Preethy Vijayan W/o Anu Mathew R/o 74-B, Pocket-A-3, Mayur Vihar Phase-3, Delhi-110096 declare that name of mine has been wrongly written as Nissy Jose in my Aadhar Card No. 443223050768. The actual name of mine is Preethy Vijayan, which may be amended accordingly.

**NAME CHANGE**

I, Jeewan Singh Danu s/o Keshar Singh Danu R/o H. No.17, Keemu Post Gogina, Kapkot, Bageshwar-263632, Uttrakhand, have changed my name to Jeewan Singh for all future purposes.

**NAME CHANGE**

I, Bala Narashimhan s/o Murali Krishnan R/o H-1/229, Madangir, Dr. Ambedkar Nagar, New Delhi-110062, have changed my name to Bala Narashimhan Mudaliyar for all future purposes.

**NAME CHANGE**

M/S Pankaj Khera, Girish Kumar LIC No.B-2214, Shop No.B-282, Fruit And Vegetable Market, Gazipur, Delhi-110096 Have Changed Today The Title Of Above Firm As M/S Neelkanth Trading Co., Ankur Dhingra # 9868589463

**NAME CHANGE**

I, Shipra Malik D/o Madan Malik R/o 87-D, GH-10, Sunder Apartment, Sunder Vihar, New Delhi-110087 declare That after marriage I have changed my name to Shipra Bhatia W/o Saurabh Bhatia, for all future purposes.

**NAME CHANGE**

I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**

I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**

I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**

Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..

**SANDEEP SHARMA**
ADVOCATE
Chamber No.505,
Patiala House Court,
New Delhi-110002

**PUBLIC NOTICE**

This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

# ਸਮਾਜ ਸੇਵੀ ਸੰਸਥਾਵਾਂ ਵਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਸ਼ਲਾਘਾਯੋਗ: ਡਿਪਟੀ ਕਮਿਸ਼ਨਰ

ਪਟਿਆਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਸਮਾਜ ਸੇਵੀ ਸੰਸਥਾਵਾਂ, ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਯੂਵਾ ਸਾਂਝ ਕਮੇਟੀ, ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਵਲੋਂ ਡਿਪਟੀ ਕਮਿਸ਼ਨਰ ਪਟਿਆਲਾ ਸ਼ੋਕਤ ਅਹਿਮਦ ਪਰੇ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਸ਼ੋਕਤ ਅਹਿਮਦ ਪਰੇ ਨੂੰ ਭਲਵਾਨ, ਗਰੇਵਾਲ, ਰੁਪਿੰਦਰ ਵੱਲੋਂ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਹੁਣ ਤੱਕ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਬਲੱਡ ਬੈਂਕਾਂ ਵਿਚ ਤਕਰੀਬਨ 35000 ਹਜ਼ਾਰ ਤੋਂ ਉੱਪਰ ਬਲੱਡ ਇੱਕਤਰ ਕਰਕੇ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀ ਅਤੇ ਪਿੰਡਾਂ ਵਿਚ ਨਸ਼ਿਆਂ ਵਿਰੁੱਧ ਤਕਰੀਬਨ 1200 ਤੋਂ ਵੱਧ ਪ੍ਰੋਗਰਾਮ ਆਯੋਜਿਤ ਕਰਕੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਦੀਆਂ ਵੱਖ ਵੱਖ ਸਲੱਮ ਬਸਤੀਆਂ ਵਿੱਚ ਤਿੰਨ ਲੱਖ ਤੋਂ ਉੱਪਰ ਮੁਫ਼ਤ ਸੈਨਟਰੀ ਪੈਡ ਵੰਡੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਮੈਡੀਕਲ ਕੈਂਪ, ਲੋੜਵੰਦ ਮਰੀਜ਼ਾਂ ਨੂੰ 140 ਦੇ ਕਰੀਬ ਟਰਾਈਸਾਈਕਲ ਅਤੇ ਵ੍ਹੀਲਚੇਅਰਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾਉਣੇ ਅਤੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਅਤੇ ਅਨੇਕਾਂ ਹੋਰ ਸਮਾਜ ਸੇਵੀ ਕਾਰਜ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਸ਼ੋਕਤ ਅਹਿਮਦ ਪਰੇ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਵੱਡੇ ਪੱਧਰ ਉਪਰ ਉਲੀਕੇ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਸਕੇ। ਜੋ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਹਨ ਉਹਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਅਤੇ ਇਹਨਾਂ ਸਮਾਜ ਸੇਵੀ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਪਬਲਿਕ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਵੀ ਵੱਧ ਤੋਂ ਵੱਧ ਸਮਾਜ ਸੇਵੀ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹੋਂ ਕਿਹਾ ਕਿ ਉਨ੍ਹਾਂ ਵਲੋਂ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਦਿੱਤੀ ਜਾਵੇਗੀ। ਇਸ ਮੌਕੇ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਰੁਪਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪਿਛਲੇ 14 ਸਾਲਾਂ ਤੋਂ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀ ਵਿੱਚ ਜਾਂ ਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਕਰ ਰਹੀਆਂ ਹਨ ਅਤੇ ਨਸ਼ਿਆਂ ਵਿਰੁੱਧ ਲਾਮਬੰਦ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਉਨ੍ਹਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਹਮੇਸ਼ਾ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਪਬਲਿਕ ਦੀ ਭਲਾਈ ਲਈ ਕੰਮ ਕਰਦੀਆਂ ਰਹਿਣਗੀਆਂ। ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਸ਼ੋਕਤ ਅਹਿਮਦ ਪਰੇ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੋਸਟਰ ਵੀ ਰਿਲੀਜ਼ ਕੀਤੇ ਗਏ। ਇਸ ਮੌਕੇ ਵਿਨੇ ਸ਼ਰਮਾ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਜਸਨਜੋਤ ਸਿੰਘ, ਜਪਨੀਤ ਸਿੰਘ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਲੋਕਾਂ ਨੂੰ ਬੂਹਾਂ 'ਤੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ 'ਚ ਮਿਸਾਲ ਕਾਇਮ ਕੀਤੀ : ਬਲਕਾਰ ਸਿੰਘ

ਜਲੰਧਰ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ. ਬਲਕਾਰ ਸਿੰਘ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਨੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਉਪਰਾਲੇ ਤਹਿਤ ਸੂਬੇ ਦੇ ਲੋਕਾਂ ਨੂੰ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਮਿਸਾਲ ਕਾਇਮ ਕੀਤੀ ਹੈ।ਇਸ ਮੁਹਿੰਮ ਤਹਿਤ ਹਲਕੇ ਦੇ ਪਿੰਡ ਚੌਗਾਵਾਂ ,ਆਲਮਪੁਰ ਬੱਕਾ ,ਕਰਤਾਰਪੁਰ ਸ਼ਹਿਰ, ਤਲਵੰਡੀ ਝੰਡੇਰ ਸਮੇਤ ਹੋਰਨਾਂ ਪਿੰਡਾਂ ਵਿੱਚ ਲਗਾਏ ਲਾਏ ਗਏ ਵਿਸ਼ੇਸ਼ ਕੈਂਪਾਂ ਵਿੱਚ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਨਾਗਰਿਕ ਸੇਵਾਵਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਕੀਤੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀ ਇਸ ਨਿਵੇਕਲੀ ਪਹਿਲ ਦਾ ਮੰਤਵ ਸੂਬੇ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਅਤੇ ਇਕੋ ਛੱਤ ਹੇਠਾਂ ਸਰਕਾਰੀ ਸੇਵਾਵਾਂ ਪ੍ਰਦਾਨ ਕਰਨਾ ਹੈ ਅਤੇ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ 44 ਤਰ੍ਹਾਂ ਦੀਆਂ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਇਹ ਪਹਿਲ ਲੋਕਾਂ ਦੀ ਸਹੂਲਤ ਦੇ ਮੱਦੇਨਜ਼ਰ ਕੀਤੀ ਹੈ, ਜਿਸ ਤਹਿਤ ਪ੍ਰਸ਼ਾਸਨ ਵੱਲੋਂ ਪਿੰਡਾਂ/ਮੁਹੱਲਿਆਂ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰ ਬੈਠੇ ਸੇਵਾਵਾਂ ਦਾ ਲਾਭ ਮੁਹੱਈਆ ਕਰਵਾਉਣ ਲਈ ਹੈਲਪ ਲਾਈਨ ਨੰਬਰ 1076 ਦੀ ਸ਼ੁਰੂਆਤ ਵੀ ਕੀਤੀ ਗਈ ਹੈ, ਜਿਸ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ।

ਇਸ ਮੌਕੇ ਕੈਬਨਿਟ ਮੰਤਰੀ ਨੇ ਕੈਂਪ ਵਿੱਚ ਆਏ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਵੀ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਤੋਂ ਜਲਦ ਹੱਲ ਲਈ ਅਧਿਕਾਰੀਆਂ ਨੂੰ ਮੌਕੇ 'ਤੇ ਨਿਰਦੇਸ਼ ਦਿੱਤੇ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਕਿਹਾ ਕਿ ਕੈਂਪ ਵਿੱਚ ਆਉਣ ਵਾਲੇ ਬਿਨੈਕਾਰਾਂ ਨੂੰ ਸਮਾਂਬੱਧ ਢੰਗ ਨਾਲ ਸੇਵਾਵਾਂ ਦਾ ਲਾਭ ਪ੍ਰਦਾਨ ਕਰਨ ਨੂੰ ਪਹਿਲੀ ਤਰਜੀਹ ਦਿੱਤੀ ਜਾਵੇ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਜਿਨ੍ਹਾਂ ਦਾ ਕੈਬਨਿਟ ਮੰਤਰੀ ਵੱਲੋਂ ਸਵਾਗਤ ਕੀਤਾ ਗਿਆ। ਇਨਾਂ ਵਿੱਚ ਮੰਗਤ ਰਾਮ , ਅਮਰੀਕ ਸਿੰਘ ਸਾਬਕਾ ਸਰਪੰਚ , ਨਿਰਮਲ ਸਿੰਘ ਪੰਚ , ਅੰਮਿਤਪਾਲ ਤੇ ਸੁੱਖਾ ਸਿੰਘ ਸ਼ਾਮਿਲ ਹਨ।

ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਲੋਕ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਵਜ਼ੀਫੇ, ਰਿਹਾਇਸ਼ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਪੈਨਸ਼ਨ, ਬਿਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਪੇਂਡੂ ਇਲਾਕਾ ਸਰਟੀਫਿਕੇਟ, ਫਰਦ ਕਢਵਾਉਣੀ, ਆਸ਼ੀਰਵਾਦ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐਨ.ਆਰ.ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਦਾ ਲਾਭ ਲੈ ਸਕਦੇ ਹਨ।

# ਆਈਟੀਆਈ ਦੀਆਂ ਸਿੱਖਿਆਰਥਣਾ ਵਲੋਂ ਲਗਾਇਆ ਗਿਆ 'ਫੈਸ਼ਨ ਗੇਜ਼ ਨਿਟਵੇਅਰ' ਦਾ ਇੰਡਸਟਰੀ ਟੂਰ



ਨੰਗਲ, 23 ਫਰਵਰੀ
-ਸਚਿਨ ਸੋਨੀ/ਰਾਜੂ ਧੀਮਾਨ-
-ਕੌਮੀ ਪੱਤ੍ਰਿਕਾ ਬਿਊਰੋ-

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਅੱਜ ਉਦਯੋਗਿਕ ਸਿਖਲਾਈ ਸੰਸਥਾ ਨੰਗਲ ਇਸਤਰੀਆਂ ਦੀਆਂ ਸਿੱਖਿਆਰਥਣਾ ਵਲੋਂ ਸਥਾਨਕ 'ਫੈਸ਼ਨ ਗੇਜ਼ ਨਿਟਵੇਅਰ ' ਇੰਡਸਟਰੀ ਦਾ ਵਿਸ਼ੇਸ਼ ਇੰਡਸਟਰੀ ਟੂਰ ਲਗਾਇਆ ਗਿਆ।

ਇਸ ਸਬੰਧੀ ਪ੍ਰਿੰ.ਗੁਰਨਾਮ ਸਿੰਘ ਭੱਲੜੀ ਨੇ ਦੱਸਿਆਂ ਕਿ ਇਸ ਵਿੱਦਿਅਕ ਟੂਰ ਦੋਰਾਨ ਵੱਖ ਵੱਖ ਟਰੇਡਾਂ ਦੀਆਂ ਸਿੱਖਿਆਰਥਣਾਂ ਵਲੋਂ ਅਜੋਕੇ ਯੁਗ ਵਿੱਚ ਨਵੀ ਤਕਨੀਕ ਨਾਲ ਤਿਆਰ ਕੀਤੇ ਜਾ ਰਹੇ ਗਾਰਮੈਂਟਸ ਅਤੇ ਨਵੀਆਂ ਆਧੁਨਿਕ ਮਸ਼ੀਨਾ ਦੇ ਸਬੰਧ ਵਿੱਚ ਵੱਡਮੁਲੀ ਜਾਣਕਾਰੀ ਪ੍ਰਾਪਤ ਕੀਤੀ ਗਈ। ਉਨ੍ਹਾਂ ਸਿੱਖਿਆਰਥੀਆਂ ਲਈ ਇਸ ਵਿੱਦਿਅਕ ਟੂਰ ਨੂੰ ਬੇਹੱਦ ਲਾਹੇਵੰਦ ਦੱਸਦਿਆਂ ਕਿਹਾ ਇਸ ਨਾਲ ਸਿੱਖਿਆਰਥਣਾ ਦੇ ਗਿਆਨ ਵਿੱਚ ਵਾਧਾ ਹੋਇਆ ਹੈ।

# ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਨਗਰ ਨਿਗਮ ਮੁਲਾਜਮਾਂ ਦਾ ਧਰਨਾ ਚੁਕਵਾਇਆ

## ਹਫ਼ਤੇ ਦੇ ਅੰਦਰ-ਅੰਦਰ ਮੰਗਾਂ ਪੂਰੀਆਂ ਕਰਨ ਲਈ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤ ਕੀਤੀ



ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨਗਰ ਨਿਗਮ ਪਟਿਆਲਾ ਵਿਖੇ ਮੁਲਾਜਮ ਮੰਗਾਂ ਸਬੰਧੀ ਰੋਸ ਰੈਲੀ ਕਰਨ ਵਾਲੇ ਯੂਨੀਅਨ ਆਗੂਆਂ ਨਾਲ ਬੈਠਕ ਕਰਕੇ ਧਰਨਾ ਖ਼ਤਮ ਕਰਵਾਉਂਦੇ ਹੋਏ।

ਪਟਿਆਲਾ, 23 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਸਾਂਝੀ ਸੰਘਰਸ਼ ਕਮੇਟੀ ਦੇ ਸੱਦੇ ਉਤੇ ਨਗਰ ਨਿਗਮ ਦੇ ਮੁਲਾਜ਼ਮਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਪੁੱਜਕੇ ਮੁਲਾਜਮਾਂ ਦਾ ਧਰਨਾ ਚੁਕਵਾਇਆ। ਉਨ੍ਹਾਂ ਦੇ ਨਾਲ ਸੰਯੁਕਤ ਕਮਿ ?ਸ਼ਨਰ ਬਬਨਦੀਪ ਸਿੰਘ ਵਾਲੀਆ ਵੀ ਮੌਜੂਦ ਸਨ।

ਇਸ ਦੌਰਾਨ ਸਾਂਝੀ ਸੰਘਰਸ਼ ਕਮੇਟੀ ਦੇ ਨੁਮਾਇੰਦਿਆਂ ਨਾਲ ਕੀਤੀ ਬੈਠਕ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਮੁਲਾਜਮਾਂ ਦੀਆਂ ਸਾਰੀਆਂ ਮੰਗਾਂ ਧਿਆਨ ਨਾਲ ਸੁਣੀਆਂ ਅਤੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਦੇ ਹਰ ਵਰਗ ਨਾਲ ਕੀਤਾ ਗਿਆ ਵਾਅਦਾ ਪੂਰਾ ਕਰ ਕਰ ਰਹੇ ਹਨ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਮੁਲਾਜਮਾਂ ਦੀਆਂ ਬਹੁਤ ਸਾਰੀਆਂ ਮੰਗਾਂ ਮੰਨ ਚੁੱਕੀ ਹੈ ਇਸ ਲਈ ਕਿਸੇ ਮੁਲਾਜਮ ਦੀ ਕੋਈ ਵੀ ਜਾਇਜ਼ ਮੰਗ ਲੰਬਿਤ ਨਹੀਂ ਰਹਿਣੀ ਚਾਹੀਦੀ।

ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਮੁਲਾਜਮਾਂ ਦੀਆਂ ਮੰਗਾਂ ਬਾਰੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਵਿਖੇ 500 ਸਫਾਈ ਸੇਵਕਾਂ ਦੀ ਨਵੀਂ ਭਰਤੀ ਕੀਤੀ ਜਾਵੇਗੀ। ਮੋਦੀ ਕਾਲਜ ਚੌਕ ਵਿਚ 2012 ਵਿਚ ਜਰਨਲ ਹਾਊਸ ਦੇ ਵਿਚ ਪਾਸ ਕੀਤੇ ਮਤੇ ਮੁਤਾਬਕ ਭਗਵਾਨ ਵਾਲਮੀਕਿ ਚੌਂਕ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਪਾਰਕ ਵਿਚੋਂ ਬਾਹਰ ਕੱਢਕੇ ਗੇਟ ਨੇੜੇ ਡਾ. ਭੀਮ ਰਾਓ ਅੰਬੇਡਕਰ ਜੀ ਦਾ ਬੁੱਤ ਲਗਾਉਣ ਦਾ ਕੰਮ ਬਹੁਤ ਜਲਦ ਸ਼ੁਰੂ ਕੀਤਾ ਜਾਵੇਗਾ।

ਇਸ ਤੋਂ ਬਿਨ੍ਹਾਂ ਆਊਟ ਸੋਰਸ ਮੁਲਾਜਮਾਂ ਦਾ ਪਿਛਲੇ ਸਮੇਂ ਦਾ ਬਕਾਇਆ ਈਪੀਐਫ਼ ਕੰਪਨੀ ਤੋਂ ਜਲਦੀ ਜਮ੍ਹਾਂ ਕਰਵਾਉਣ ਸਮੇਤ ਮੁਲਾਜਮਾਂ ਦੀਆਂ ਤਰੱਕੀਆਂ, ਸਮੇਤ ਹੋਰ ਮੰਗਾਂ ਵੀ ਮੰਨੀਆਂ ਗਈਆਂ। ਇਸ ਕਾਰਨ ਧਰਨੇ ਉਪਰ ਬੈਠੇ ਤੇ ਰੋਸ ਰੈਲੀ ਕਰ ਰਹੇ ਮੁਲਾਜਮਾਂ ਅਤੇ ਯੂਨੀਅਨ ਨੇ ਖ਼ੁਸ਼ੀ ਵਿੱਚ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਜ਼ਿੰਦਾਬਾਦ ਦੇ ਨਾਹਰੇ ਲਗਾਏ।

ਇਸ ਮੌਕੇ ਪ੍ਰਧਾਨ ਸਫਾਈ ਸੇਵਕ ਯੂਨੀਅਨ ਨਗਰ ਨਿਗਮ ਸੁਨੀਲ ਕੁਮਾਰ ਬਿਡਲਾਨ, ਪ੍ਰਧਾਨ ਕਰਮਚਾਰੀ ਦਲ ਨਗਰ ਨਿਗਮ ਕੇਵਲ ਗਿੱਲ, ਪ੍ਰਧਾਨ ਟੈਕਨੀਕਲ ਕਰਮਚਾਰੀ ਦਲ ਰਾਜੇਸ਼ ਕੁਮਾਰ ਮਨੀ, ਮਨੋਜ ਕੁਮਾਰ ਸ਼ਰਮਾ, ਅਨਿਲ ਕੁਮਾਰ, ਬਲਵਿੰਦਰ ਸਿੰਘ, ਜਤਿੰਦਰ ਕੁਮਾਰ ਪ੍ਰਿੰਸ ਚੈਅਰਮੈਨ, ਪ੍ਰੇਮ ਲਤਾ, ਕੁਲਦੀਪ ਕੁਮਾਰ, ਜਸਪ੍ਰੀਤ ਜੱਸੀ ਰਾਜੀਵ ਸੰਗਰ ਸਫਾਈ ਸੇਵਕ ਯੂਨੀਅਨ ਤੋਂ ਰਾਧਾ ਰਾਣੀ ਦਰੋਗਾ, ਕਾਕਾ ਰਾਮ ਦਰੋਗਾ, ਸੰਮੀ ਸੋਧੇ, ਰਾਕੇਸ਼ ਕੁਮਾਰ ਲਾਡੀ ਦਰੋਗਾ, ਅਮਿਤ ਕੁਮਾਰ ਦਰੋਗਾ, ਸੁਨੀਤਾ ਰਾਣੀ ਦਰੋਗਾ, ਦਰੋਗਾ ਮਹੇਸ਼ ਕੁਮਾਰ, ਬਿੱਟੂ ਬੋਹਤੇ ਦਰੋਗਾ, ਵਿਨੋਦ ਕੁਮਾਰ ਦਰੋਗਾ, ਅਰੁਣ ਕੁਮਾਰ ਦਰੋਗਾ, ਬੰਟੀ ਸੰਗਰ, ਸੂਰਜ ਕੁਮਾਰ, ਬਲਜਿੰਦਰ ਕੁਮਾਰ, ਮੁਕੇਸ਼ ਕੁਮਾਰ ਦਰੋਗੇ, ਰਜੀਵ ਕੁਮਾਰ ਦਰੋਗਾ, ਮੱਖਣ ਦਰੋਗਾ, ਰਾਜਿੰਦਰ ਕੁਮਾਰ ਦਰੋਗਾ, ਰਾਜਿੰਦਰ ਸਹੋਤਾ ਦਰੋਗਾ, ਸੁਰਿੰਦਰ ਦਰੋਗਾ, ਰਾਜ ਕੁਮਾਰ ਦਰੋਗਾ, ਮਾਇਆ ਰਾਮ ਦਰੋਗਾ, ਵੈਦ ਪ੍ਰਕਾਸ਼ ਦਰੋਗਾ ਤੇ ਵਿਜੇ ਕੁਮਾਰ ਸਮੇਤ ਨਗਰ ਨਿਗਮ ਦੇ ਅਧਿਕਾਰੀ ਵੀ ਹਾਜਰ ਸਨ

# ਵਿਜੀਲੈਂਸ ਬਿਊਰੋ ਨੇ ਏ.ਆਈ.ਜੀ. ਮਾਲਵਿੰਦਰ ਸਿੰਘ ਸਿੱਧੂ ਕੇਸ ਵਿੱਚ ਲੋੜੀਂਦੇ ਮੁਲਜ਼ਮ ਕੁਲਦੀਪ ਸਿੰਘ ਨੂੰ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਮੰਗਲਵਾਰ ਨੂੰ ਖੁਰਾਕ, ਜਨਤਕ ਵੰਡ ਅਤੇ ਖੱਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਡਰਾਈਵਰ ਕੁਲਦੀਪ ਸਿੰਘ ਨੂੰ ਸੁਪਰੀਮ ਕੋਰਟ ਤੋਂ ਉਸਦੀ ਜ਼ਮਾਨਤ ਪਟੀਸ਼ਨ ਖਾਰਿਜ ਕੀਤੇ ਜਾਣ ਪਿੱਛੋਂ ਗ੍ਰਿਫ਼ਤਾਰ ਕਰ ਲਿਆ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਕੁਲਦੀਪ ਸਿੰਘ ਪੁਲਿਸ ਥਾਣਾ ਵਿਜੀਲੈਂਸ ਬਿਊਰੋ, ਉਡਣ ਦਸਤਾਂ-1, ਪੰਜਾਬ, ਮੋਹਾਲੀ ਵਿਖੇ ਐਫ.ਆਈ.ਆਰ. ਨੰਬਰ 28, ਮਿਤੀ 30.10.2023 ਤਹਿਤ ਦਰਜ ਕੀਤੇ ਗਏ ਇੱਕ ਮੁਕੱਦਮੇ ਵਿੱਚ ਮਾਲਵਿੰਦਰ ਸਿੰਘ ਸਿੱਧੂ, ਸਹਾਇਕ ਇੰਸਪੈਕਟਰ ਜਨਰਲ (ਏ.ਆਈ.ਜੀ.) ਮਨੁੱਖੀ ਅਧਿਕਾਰ ਸੈੱਲ, ਪੰਜਾਬ ਪੁਲਿਸ ਨਾਲ ਸਬੰਧਤ ਕੇਸ ਵਿੱਚ ਲੋੜੀਂਦਾ ਸੀ ਜਿਸ ਨੇ ਆਪਣੇ ਅਹੁਦਿਆਂ ਦੀ ਦੁਰਵਰਤੋਂ ਕਰਦੇ ਹੋਏ, ਧੋਖਾਧੜੀ, ਬਲੈਕਮੇਲਿੰਗ, ਵਸੂਲੀ ਅਤੇ ਸਰਕਾਰੀ ਕਰਮਚਾਰੀਆਂ ਤੋਂ ਰਿਸ਼ਵਤ ਲੈਣ ਸਬੰਧੀ ਕੇਸ ਵਿਚ ਸਹਿ ਦੋਸ਼ੀ ਹੈ। ਇਸ ਕੇਸ ਵਿੱਚ ਦੋ ਮੁਲਜ਼ਮ ਏਆਈਜੀ ਮਾਲਵਿੰਦਰ ਸਿੰਘ ਸਿੱਧੂ ਅਤੇ ਬਲਬੀਰ ਸਿੰਘ ਪਿੰਡ ਆਲਮਪੁਰ, ਜ਼ਿਲ੍ਹਾ ਪਟਿਆਲਾ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਹਨਾਂ ਅੱਗੇ ਦੱਸਿਆ ਕਿ ਏ.ਆਈ. ਜੀ.ਸਿੱਧੂ ਸਰਕਾਰੀ ਕਰਮਚਾਰੀਆਂ ਖਿਲਾਫ ਜਾਣ-ਬੁੱਝਕੇ ਝੂਠੀਆਂ ਸ਼ਿਕਾਇਤਾਂ ਦਰਜ ਕਰਾਉਂਦਾ ਸੀ ਤਾਂ ਜੋ ਉਹਨਾਂ ਨੂੰ ਬਲੈਕਮੇਲ ਕੀਤਾ ਸਕੇ ਅਤੇ ਸ਼ਿਕਾਇਤ ਖਾਰਜ ਕਰਨ ਬਦਲੇ ਨਜਾਇਜ਼ ਲਾਭ ਲਏ ਜਾਂਦੇ ਸਨ। ਹਾਲਾਂਕਿ, 2017 ਤੋਂ ਬਾਅਦ, ਉਹ ਕਦੇ ਵੀ ਵਿਜੀਲੈਂਸ ਬਿਊਰੋ, ਪੰਜਾਬ ਵਿੱਚ ਏ.ਆਈ.ਜੀ ਜਾਂ ਆਈ.ਜੀ. ਦੇ ਅਹੁਦੇ 'ਤੇ ਨਹੀਂ ਰਿਹਾ। ਉਹਨਾਂ ਦੱਸਿਆ ਕਿ ਏਆਈਜੀ ਸਿੱਧੂ ਨੇ ਇੱਕ ਸਰਕਾਰੀ ਅਧਿਆਪਕ ਦੀ ਸਰਵਿਸ ਬੁੱਕ ਦੀ ਫੋਟੋ ਕਾਪੀ ਲੈਣ ਲਈ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਰਾਜਪੁਰਾ ਦੇ ਦਫ਼ਤਰ ਵਿੱਚ ਕੰਮ ਕਰਦੇ ਇੱਕ ਡਾਟਾ ਆਪਰੇਟਰ ਨੂੰ ਖੁਦ ਨੂੰ ਆਈਜੀ, ਵਿਜੀਲੈਂਸ ਬਿਊਰੋ, ਪੰਜਾਬ ਵਜੋਂ ਪੇਸ਼ ਕੀਤਾ ਸੀ।ਬੁਲਾਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ.ਆਈ.ਜੀ.ਸਿੱਧੂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਰ ਦੇ ਪ੍ਰਿੰਸੀਪਲ ਨੂੰ ਲਿਖਤੀ ਦਰਖਾਸਤ ਤੋਂ ਇਲਾਵਾ ਸਕੂਲ ਦੀ ਈਮੇਲ ਆਈਡੀ ਅਤੇ ਉਪਰੋਕਤ ਮੁਲਜ਼ਮ ਕੁਲਦੀਪ ਸਿੰਘ ਰਾਹੀਂ ਇਕ ਹੋਰ ਅਰਜ਼ੀ ਭੇਜ ਕੇ ਸਕੂਲ ਤੋਂ ਰਿਕਾਰਡ ਹਾਸਲ ਕੀਤਾ।

# ਸਕਿੱਲ ਡਿਵੈਲਪਮੈਂਟ ਕਲੱਬ ਨੇ ਪੰਜਾਬੀ ਭਾਸ਼ਾ 'ਚ ਵਿਦਿਆਰਥੀ ਕੇ ਮੁਕਾਬਲੇ ਕਰਵਾਏ



ਪਟਿਆਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਾ. (ਪ੍ਰੋ) ਅਰਵਿੰਦ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਹਿਨੁਮਾਈ ਹੇਠ ਅਤੇ ਮੁਖੀ ਵਿਭਾਗ ਈ.ਸੀ.ਈ ਡਾ. ਰਣਜੀਤ ਕੌਰ ਦੀ ਯੋਗ ਅਗਵਾਈ ਹੇਠ ਸਕਿੱਲ ਡਿਵੈਲਪਮੈਂਟ ਕਲੱਬ ਈ.ਸੀ.ਈ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਵਿੱਚ ਵਿਦਿਆਰਥੀਆਂ ਦੇ ਦੋ ਭਾਗਾਂ ਵਿੱਚ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚੋਂ ਪਹਿਲੇ ਭਾਗ ਵਿੱਚ ਵਿਦਿਆਰਥੀਆਂ ਦੇ ਸੁੰਦਰ ਲੇਖਣ (ਕੈਲੀਗ੍ਰਾਫੀ) ਅਤੇ ਚਿੱਤਰ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ। ਵਿਭਾਗ ਦੇ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਵੱਧ ਚੜ ਕੇ ਹਿੱਸਾ ਲਿਆ। ਮੁਕਾਬਲਿਆਂ ਦੀ ਲੜੀ ਦੇ ਦੂਜੇ ਭਾਗ ਵਜੋਂ ਸਕਿੱਲ ਡਿਵੈਲਪਮੈਂਟ ਕਲੱਬ ਵੱਲੋਂ ਜਾਰੀ ਕੀਤੀ ਲੜੀ ਪੰਜਾਬੀ ਭਾਸ਼ਾ ਵਿੱਚ ਇਲੈਕਟ੍ਰੌਨਿਕਸ ਦਾ ਗਿਆਨ ਵਿੱਚ ਪਹਿਲਾ ਭਾਗ 'ਐਨਾਲਗ/ਡਿਜੀਟਲ ਕਮਿਊਨੀਕੇਸ਼ਨ' ਸਿਰਲੇਖ ਦੇ ਆਧਾਰ ਤੇ ਵੀ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ।

ਸਮਾਗਮ ਦੇ ਅਰੰਭ ਵਿੱਚ ਸਕਿੱਲ ਡਿਵੈਲਪਮੈਂਟ ਕਲੱਬ ਦੇ ਪ੍ਰਧਾਨ ਡਾ. ਰਮਨਦੀਪ ਕੌਰ ਸਹਾਇਕ ਪ੍ਰੋਫੈਸਰ ਈ.ਸੀ.ਈ ਵਿਭਾਗ ਨੇ ਸ਼ਾਮਿਲ ਹਸਤੀਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਸਕਿੱਲ ਡਿਵੈਲਪਮੈਂਟ ਕਲੱਬ ਦੀਆਂ ਵੱਖ-ਵੱਖ ਗਤੀਵਿਧੀਆਂ ਤੋਂ ਜਾਣੂ ਕਰਵਾਇਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਡੀਨ ਰਿਸਰਚ ਡਾ. ਮਨਜੀਤ ਸਿੰਘ ਪਾਤਰ ਨੇ ਸਕਿੱਲ ਡਿਵੈਲਪਮੈਂਟ ਕਲੱਬ ਦੀ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਡੀਨ ਫੈਕਲਟੀ ਆਫ ਇੰਜੀਨੀਰਿੰਗ ਅਤੇ ਟੈਕਨਾਲੋਜੀ ਡਾ. ਗੁਰਮੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਪੰਜਾਬੀ ਭਾਸ਼ਾ ਦੇ ਪਿਛੋਕੜ ਅਤੇ ਮਾਂ ਬੋਲੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਵਿਦਿਆਰਥੀਆਂ ਨੂੰ ਮਾਂ ਬੋਲੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਵਿਭਾਗ ਦੇ ਮੁਖੀ ਡਾ. ਰਣਜੀਤ ਕੌਰ ਜੀ ਨੇ ਡਾ. ਮਨਜੀਤ ਸਿੰਘ ਪਾਤਰ ਅਤੇ ਡਾ. ਗੁਰਮੀਤ ਕੌਰ ਦਾ ਸਵਾਗਤ ਅਤੇ ਧੰਨਵਾਦ ਕੀਤਾ ਅਤੇ ਨਾਲ ਹੀ ਸਕਿੱਲ ਡਿਵੈਲਪਮੈਂਟ ਕਲੱਬ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਵੀ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਿਅਕਤੀਤਵ ਦੇ ਬਹੁਪੱਖੀ ਵਿਕਾਸ ਲਈ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ।

ਇਸ ਸਮਾਗਮ ਵਿੱਚ ਸੈਫ਼ ਫੰਡ ਕਾਰਡੀਨੇਟਰ ਡਾ. ਅਮਨਦੀਪ ਸਿੰਘ ਸੱਪਲ ਅਤੇ ਡਾ. ਚਰਨਜੀਤ ਸਿੰਘ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ। ਲੜੀ 'ਪੰਜਾਬੀ ਭਾਸ਼ਾ ਵਿੱਚ ਇਲੈਕਟ੍ਰੌਨਿਕਸ ਦਾ ਗਿਆਨ ਦਾ ਉਦਘਾਟਨੀ ਪੋਸਟਰ ਜਾਰੀ ਕਰਨ ਸਮੇਂ ਡਾ.ਮਨਜੀਤ ਸਿੰਘ ਪਾਤਰ, ਡਾ. ਗੁਰਮੀਤ ਕੌਰ, ਡਾ. ਰਣਜੀਤ ਕੌਰ, ਡਾ. ਕੁਲਵਿੰਦਰ ਸਿੰਘ, ਡਾ. ਅਮਨਦੀਪ ਸਿੰਘ ਸੱਪਲ, ਡਾ. ਰਿਚਾ ਸ਼ਰਮਾ, ਡਾ. ਅੰਮ੍ਰਿਤ ਕੌਰ, ਡਾ. ਰਮਨਦੀਪ ਕੌਰ, ਡਾ. ਅਮਨਦੀਪ ਸਿੰਘ ਭੰਡਾਰੀ, ਇੰਜ ਰੁਪਿੰਦਰ ਕੌਰ ਸ਼ਾਮਿਲ ਹੋਏ। ਸਕਿੱਲ ਡਿਵੈਲਪਮੈਂਟ ਕਲੱਬ ਦੇ ਉਪ ਪ੍ਰਧਾਨ ਡਾ. ਅਮਨਦੀਪ ਸਿੰਘ ਭੰਡਾਰੀ ਅਤੇ ਇੰਜ ਰੁਪਿੰਦਰ ਕੌਰ ਵੱਲੋਂ ਸਮਾਗਮ ਦੇ ਅੰਤ ਵਿੱਚ ਕਲੱਬ ਮੈਂਬਰਾਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# ਸੁਪਰੀਮ ਕੋਰਟ ਦੀ ਸੁਣਵਾਈ ਨਾਲ ਸੱਚ ਦੀ ਹੋਈ ਜਿੱਤ ਨਾਲ ਨਵੇਂ ਯੁੱਗ ਦੀ ਹੋਈ ਸ਼ੁਰੂਆਤ : ਹਡਾਣਾ

ਪਟਿਆਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਚੇਅਰਮੈਨ ਪੀ ਆਰ ਟੀ ਸੀ ਅਤੇ ਸੂਬਾ ਸਕੱਤਰ ਆਮ ਆਦਮੀ ਪਾਰਟੀ ਪੰਜਾਬ ਰਣਜੋਧ ਸਿੰਘ ਹਡਾਣਾ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਖੁਸ਼ੀ ਜ਼ਾਹਰ ਕਰਦਿਆਂ ਦੇਰ ਸ਼ਾਮ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਚੰਡੀਗੜ੍ਹ ਮੇਅਰ ਚੋਣ ਮਾਮਲੇ ਵਿੱਚ ਲੋਕਤੰਤਰ ਦੀ ਸਭ ਤੋਂ ਵੱਡੀ ਜਿੱਤ ਹੋਈ ਹੈ। ਇਹ ਸਿਰਫ ਚੰਡੀਗੜ੍ਹ ਦੀ ਜਿੱਤ ਨਹੀਂ ਬਲਕਿ ਪੂਰੇ ਦੇਸ਼ ਦੀ ਜਿੱਤ ਹੈ।

ਹਡਾਣਾ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਮੇਅਰ ਚੋਣ ਮਾਮਲੇ ਵਿੱਚ ਬੀ ਜੇ ਪੀ ਨੇ ਆਪ ਅਤੇ ਕਾਂਗਰਸ ਵੱਲੋਂ ਜਿੱਤੀ ਬਾਜੀ ਨੂੰ ਹਰਾਉਣ ਲਈ ਸਾਮ, ਦਾਮ, ਦੰਡ, ਭੇਦ ਦਾ ਫਾਰਮੂਲਾ ਲਗਾ ਕੇ ਕੁਝ ਕੌਂਸਲਰਾਂ ਨੂੰ ਬਹੁਤ ਵੱਡੇ ਵੱਡੇ ਲਾਲਚ ਦਿੱਤੇ, ਪਰ ਫੇਰ ਵੀ ਜਦੋਂ ਆਪਣੇ ਫਾਰਮੂਲੇ ਵਿੱਚ ਬੀਜੇਪੀ ਫੇਲ ਹੋਈ ਤਾਂ ਉਸਨੇ ਸਰਕਾਰੀ ਤੰਤਰ ਨਾਲ ਛੇੜਛਾੜ ਦੀ ਪਰਵਾਹ ਵੀ ਨਹੀਂ ਕੀਤੀ ਤੇ ਆਪਣੇ ਲਗਾਏ ਇੱਕ ਪ੍ਰੋਜੈਡਿੰਗ ਅਫਸਰ ਰਾਹੀਂ ਕੁਝ ਕੌਂਸਲਰਾਂ ਦੀ ਵੋਟ ਰੱਦ ਕਰਵਾ ਦਿੱਤੀ ਜਿਸ ਕਾਰਨ ਆਮ ਆਦਮੀ ਪਾਰਟੀ ਨੂੰ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ।

# ਮੌਸਮੀ ਫਲ ਖੁਆਉਣ ਦੇ ਚੱਕਰ ਚ ਸਰਕਾਰੀ ਅਧਿਆਪਕ ਨੂੰ ਕਾਫੀ ਪ੍ਰਸ਼ਾਨੀ ਦਾ ਸਾਮਨਾ ਕਰਨਾ ਪੈ ਰਿਹਾ : ਹਰਪ੍ਰਤਾਪ

ਅੰਮ੍ਰਿਤਸਰ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਵਿਭਾਗ ਦੀ ਲਾਪਰਵਾਹੀ ਕਾਰਨ ਵਿਦਿਆਰਥੀਆਂ ਨੂੰ ਮੌਸਮੀ ਫਲ ਖ਼ਵਾਨ ਦੇ ਚੱਕਰ ਵਿਚ ਸਰਕਾਰੀ ਅਧਿਆਪਕਾ ਨੂੰ ਕਾਫੀ ਪ੍ਰਸ਼ਾਨੀ ਦਾ ਸਾਮਨਾ ਕਰਨਾ ਪਿਆ ਇਹਨਾਂ ਸ਼ਬਦਾਂ ਦਾ ਪ੍ਰਗਟਾਵਾਂ ਸਾਬਕਾ ਸਰਪੰਚ ਹਰਪ੍ਰਤਾਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਓਹਨਾ ਕਿਹਾ ਕੀ ਸਕੂਲਾਂ ਤੋਂ ਕਈ ਕਈ ਕਿਲੋਮੀਟਰ ਦੂਰ ਬਲਾਕ ਸਿੱਖਿਆ ਦਫ਼ਤਰ੍ਹਾਂ ਤੋਂ ਮੋਸਮੀ ਫਲ ਲੈਣ ਲਈ ਪੜੇ ਲਿਖੇ ਅਧਿਆਪਕਾਂ ਨੂੰ ਕਾਤਰਾਂ ਵਿਚ ਲੱਗ ਕੇ ਕਈ ਘੰਟਿਆਂਬੰਦੀ ਇੰਤਜ਼ਾਰ ਕਰਨਾ ਪੈਂਦਾ ਹੈ ਓਹਨਾ ਕਿਹਾ ਕਿ ਸਰਕਾਰ ਵੱਲੋ ਕਿਹਾ ਕਿ ਮੌਸਮ ਦੇ ਹਿਸਾਬ ਵਿਦਿਆਰਥੀਆਂ ਨੂੰ ਫਰੂਟ ਦੇਵਗਾ ਜੋ ਕਿ ਪੰਜਾਬ ਸਰਕਾਰ ਵੱਲੋ ਇਹਨਾਂ ਨੂੰ ਪਾਗਲ ਬਣਿਆ ਜਾ ਰਿਹਾ ਹੈ ਹਰਪ੍ਰਤਾਪ ਨੇ ਕਿਹਾ ਕਿ ਜੋ ਫਰੂਟ ਕਿਸਾਨਾਂ ਵੱਲੋ ਸੜਕਾਂ ਤੇ ਸੁਟਿਆ ਹੋਇਆ ਓਹੀ ਫਰੂਟ ਸਰਕਾਰ ਵੱਲੋ ਆਪਣੀ ਵਾਹ ਵਾਹ ਖੱਟਣ ਲਈ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਖਵਾ ਰਹੇ ਹਨ।

# ਸਰਕਾਰੀ ਨੌਕਰੀ ਪ੍ਰਾਪਤ ਕਰਨ 'ਤੇ ਮਨਦੀਪ ਸਿੰਘ ਨੇ ਕੀਤਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੀਤਾ ਧੰਨਵਾਦ

ਸੰਗਰੂਰ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਬਿਨ੍ਹਾਂ ਰਿਸਵਤ, ਬਿਨ੍ਹਾਂ ਸਿਫਾਰਸ- ਨਰੋਲ ਮੇਹਨਤ ਦੇ ਬੱਲ ਤੇ ਸਰਕਾਰੀ ਨੌਕਰੀਆਂ ਦੇ ਕੇ ਸਰਕਾਰ ਅਸਲ ਅਰਥਾਂ ਵਿਚ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ,ਚੁਣੀ ਹੋਈ ਸਰਕਾਰ ਹੋਣ ਦਾ ਦੇ ਰਹੀ ਹੈ ਸਬੂਤ ਜਦੋਂ ਕਿ ਪੰਜਾਬ ਵਿੱਚ ਨਵੀਂ ਪੀੜ੍ਹੀ ਵਿੱਚ ਵਿਦੇਸ਼ ਜਾਣ ਦਾ ਜ਼ੋਰ ਹੈ ਉਸ ਸਮੇਂ ਪੰਜਾਬ ਦੇ ਨੌਜਵਾਨਾਂ ਨੂੰ ਆਪਣੀ ਮਿਹਨਤ ਦੇ ਬਲਬੂਤੇ ਤੇ ਮੁੱਖ ਮੰਤਰੀ ਭਗਵੰਤ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਨੌਕਰੀਆਂ ਰਹਿ ਹੈ ਜੋ ਕਿ ਹੈ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਹੋਰ ਸਰਕਾਰ ਨੇ ਆਪਣੇ ਕਾਰਜ ਕਾਲ ਦੇ ਪਹਿਲੇ ਸਾਲਾਂ ਵਿੱਚ ਇੰਨੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਹੋਣ।

ਤਖਰਕਲਾਂ ਦੇ ਨੌਜਵਾਨ ਮਨਦੀਪ ਸਿੰਘ ਸਪੁੱਤਰ ਸ੍ਰੀ ਗੁਰਤੇਜ ਸਿੰਘ ਨੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਅਧੀਨ ਸਰਕਾਰੀ ਮਾਲੇਰਕੋਟਲਾ ਵਿਖੇ ਬਤੌਰ ਕਲਰਕ ਕਮ ਡਾਟਾ ਐਂਟਰੀ ਉਪਰੇਟਰ ਵਜੋਂ ਆਪਣੀ ਹਾਜ਼ਰੀ ਰਿਪੋਰਟ ਦਿੱਤੀ। ਇਸ ਮੌਕੇ ਭਾਵੁਕ ਭਗਵੰਤ ਸਿੰਘ ਕਰਦਿਆ ਕਿਹਾ ਕਿ ਮੌਜੂਦਾ ਸਰਕਾਰ ਵਲੋਂ ਲਗਾਤਾਰ ਦਿੱਤੀਆਂ ਜਾ ਰਹੀਆਂ ਸਰਕਾਰੀ ਨੌਕਰੀਆਂ ਵੱਡਾ ਮੌਕਾ ਬਣੀਆਂ ਹਨ। ਜਿਸ ਕਾਰਨ ਉਹ ਇਹ ਵਿੱਚ ਕਾਮਯਾਬ ਹੋਇਆ ਹੈ। ਨੌਕਰੀਆਂ ਦੇਣ ਦੇ ਸਰਕਾਰੀ ਯਤਨ ਇਸੇ ਤਰ੍ਹਾਂ ਜਾਰੀ ਰਹਿਣੇ ਚਾਹੀਦੇ ਹਨ।

ਹੋਣ ਕਾਰਨ ਕਦੇ ਵੀ ਸਰਕਾਰੀ ਨੌਕਰੀ ਨਹੀਂ ਮਿਲੀ। ਲੇਕਿਨ ਉਸ ਨੇ ਲਗਾਤਾਰ ਆਪਣੇ ਯਤਨ ਜਾਰੀ ਰੱਖੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਉਸ ਨੂੰ ਬਿਨ੍ਹਾਂ ਕਿਸੇ ਸਿਫਾਰ ਅਤੇ ਰਿਸਵਤ ਦੇ ਨਰੋਲ ਮੈਰਿਟ ਦੇ ਆਧਾਰ ਤੇ ਈ.ਡਬਲਿਊ.ਐਸ.ਜਰਨਲ ਕੈਟਾਗਿਰੀ 'ਚ ਉਸ ਦੀ ਚੋਣ, ਸਮੇਂ ਹੋਈ ਹੈ ਜਦੋਂ ਉਸ ਨੇ ਜਾਣ ਦਾ ਮਨ ਬਣਾ ਲਿਆ ਸੀ। ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆ

ਵਜੋਂ ਸੂਬੇ ਦੇ ਨੌਜਵਾਨ ਵਿਦੇਸ਼ਾਂ 'ਚ ਸੈਟਲ ਹੋਣ ਦਾ ਖਿਆਲ ਛੱਡ ਰਹੇ ਹਨ। ਉਸ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਰੁਜ਼ਗਾਰ ਦੇ ਕੇ ਸੂਬੇ ਦੇ ਹਜ਼ਾਰਾਂ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨੌਕਰੀਆਂ ਹਾਸਲ ਕਰਨ ਵਾਲੇ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ ਜਾਣ ਦੀ ਬਜਾਏ ਪੰਜਾਬ ਵਿੱਚ ਹੀ ਆਪਣਾ ਜੀਵਨ ਬਤੀਤ ਕਰਨਗੇ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਗੇ ਅਤੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣਗੇ।

ਮਨਦੀਪ ਸਿੰਘ ਨੇ ਕਿਹਾ ਕਿ ਮੈਂ ਸਰਕਾਰੀ ਨੌਕਰੀ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਦਾ ਸੁਪਨਾ ਪੂਰਾ ਕੀਤਾ ਹੈ।ਮੇਰੇ ਪਿਤਾ ਰੋਜਾਨਾ ਸੱਚ ਕਹੁ ਅਖਬਾਰ ਦੇ ਪੱਤਰਕਾਰ ਹਨ ਅਤੇ ਉਨ੍ਹਾਂ ਦੀ ਇਹ ਦਿਲੀ ਇੱਛਾ ਸੀ ਕਿ ਮੈਂ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਵਾ।ਇਸ ਨਾਲ ਮੈਂ ਆਪਣੇ ਪਰਿਵਾਰ ਦੀ ਆਰਥਿਕ ਮਦਦ ਕਰ ਕੇ ਸਨਮਾਨ ਦੀ ਜਿੰਦਗੀ ਜੀ ਸਕਦਾ ਹਾਂ।ਜਿਕਰਯੋਗ ਹੈ ਕਿ ਜਿੱਥੇ ਅੱਜ ਦੇ ਦੌਰ ਵਿੱਚ ਅੰਗਰੇਜ਼ੀ ਸਕੂਲਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਉੱਥੇ ਹੀ ਮਨਦੀਪ ਸਿੰਘ ਨੇ ਉਸ ਆਪਣੀ ਪੜਾਈ ਸਰਕਾਰੀ ਸਕੂਲਾਂ ਵਿਦੇਸ਼ ਵਿੱਚ ਹੀ ਕੀਤੀ, ਜਿਸ ਦੌਰਾਨ ਦਸਵੀ ਤੱਕ ਦੀ ਪੜਾਈ ਪਿੰਡ ਤੱਖਰ ਕਲਾ ਦੇ ਸਰਕਾਰੀ ਸਕੂਲ ਵਿਚ, ਬਾਰਵੀਂ ਅਰਥਾਂ ਤੱਕ ਸੀ, ਸੈ, ਸਕੂਲ ਸੰਦੌੜ, ਬੀਏ ਅਤੇ ਸਰਕਾਰੀ ਕਾਲਜ ਮਾਲੇਰਕੋਟਲਾ ਤੋਂ ਹਾਸਲ ਕੀਤੀ।

ਇਸ ਮੌਕੇ ਮਨਦੀਪ ਕਾਲ ਸਿੰਘ ਨੇ ਦਸਵੀ ਤੱਕ ਹਿਸਾਬ ਪੜਾਉਣ ਵਾਲੇ ਆਪਣੇ ਅਧਿਆਪਕ ਮੌਕੇ ਗੁਰੂ ਸਰਦਾਰ ਸੁਖਦੀਪ ਸਿੰਘ ਸੋਹੀ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਸਿੰਘ ਮਾਨ ਦੀ ਦੇ ਕੇ ਨਿਵਾਜ ਮਾਲੇਰਕੋਟਲਾ ਦੇ ਪਿੰਡ ਕਾਲਜ ਲੜਕੀਆਂ ਹੁੰਦਿਆ ਮੁੱਖ ਮੰਤਰੀ ਮਾਨ ਦਾ ਧੰਨਵਾਦ ਉਸ ਦੇ ਲਈ ਨੌਕਰੀ ਹਾਸਲ ਕਰਨ ਕਿਹਾ ਕਿ ਪੰਜਾਬ ਨੂੰ ਅਸਲ ਵਿਚ ਲੋਕਾਂ ਦੀ, ਲੋਕਾਂ ਲਈ ਲੋਕਾਂ ਦੁਆਰਾ, ਚੁਣੀ ਹੋਈ ਸਰਕਾਰ ਮਿਲੀ ਜਿਸ ਨੇ ਆਪਣੇ ਕਾਰਜ ਦੇ ਪਹਿਲੇ ਦੋ ਸਾਲਾਂ ਵਿੱਚ ਹਜਾਰਾਂ ਹੀ ਨੌਜਵਾਨਾਂ ਨੂੰ ਰੋਜਗਾਰ ਤੇ ਪ੍ਰਦਾਨ ਕੀਤੇ ਹਨ

# ਸੈਂਟਰਲ ਲਾਈਟ ਏਰੀਏ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੀ ਮੇਰਾ ਟੀਚਾ ਹੈ: ਵਿਧਾਇਕ ਰਮਨ ਅਰੋੜਾ

ਜਲੰਧਰ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਜਲੰਧਰ ਦੇ ਵਿਧਾਇਕ ਰਮਨ ਅਰੋੜਾ ਨੇ ਸੋਮਵਾਰ ਨੂੰ ਕੇਂਦਰੀ ਹਲਕੇ ਵਿੱਚ 1 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਸਾਂਝੇ ਤੌਰ 'ਤੇ ਉਦਘਾਟਨ ਕੀਤਾ।

ਜਿਸ ਵਿੱਚ ਜਲੰਧਰ ਕੇਂਦਰੀ ਵਿਧਾਨ ਸਭਾ ਅਧੀਨ ਪੈਂਦੇ ਬਸ਼ੀਰਪੁਰਾ ਵਿੱਚ ਨਵਾਂ ਪਾਰਕ ਬਣਾਉਣ, ਸੈਂਟਰਲ ਟਾਊਨ ਦੇ ਮਨਮੋਹਨ ਕਾਲੀਆ ਪਾਰਕ ਵਿੱਚ ਸੁੰਦਰੀਕਰਨ ਲਈ, ਸ਼ਾਂਤੀ ਪੁਰਾ ਵਿਖੇ ਨਵੀਂ ਸੜਕ ਬਣਾਉਣ ਅਤੇ ਪੀ.ਐਨ.ਟੀ ਕਲੋਨੀ ਵਿੱਚ ਨਵਾਂ ਪਾਰਕ ਬਣਾਉਣ ਲਈ ਨਿਰਮਾਣ ਕਾਰਜ ਸ਼ੁਰੂ ਕੀਤੇ ਗਏ। ਵਿਧਾਇਕ ਰਮਨ ਅਰੋੜਾ ਨੇ ਇੱਕ ਬਜ਼ੁਰਗ ਔਰਤ ਦੇ ਹੱਥੋਂ ਰੀਬਨ ਕੱਟ ਕੇ ਪਾਰਕ ਦੇ ਸੁੰਦਰੀਕਰਨ ਅਤੇ ਸੜਕਾਂ ਦੇ ਕੰਮਾਂ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਵਿਧਾਇਕ ਰਮਨ ਅਰੋੜਾ ਦੇ ਨਾਲ 'ਆਪ' ਵਲੰਟੀਅਰ ਦੀਨਾਨਾਥ ਪ੍ਰਧਾਨ ਮਨਮੋਹਨ ਸਿੰਘ (ਰਾਜੂ), ਸੁਰਿੰਦਰ ਖੰਨਾ, ਨਰੇਸ਼ ਸ਼ਰਮਾ, ਅਸ਼ਵਨੀ ਗੁਪਤਾ, ਮੁਨੀਸ਼ ਕੁਮਾਰ, ਬਲਵਿੰਦਰ ਕੌਰ ਆਦਿ ਹਾਜ਼ਰ ਸਨ। ਵਿਧਾਇਕ ਰਮਨ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਾਰਕਾਂ ਨੂੰ ਨਵਾਂ ਬਣਾਉਣ ਦੇ ਨਾਲ-ਨਾਲ ਇਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਆਕਰਸ਼ਕ ਅਤੇ ਸ਼ਾਨਦਾਰ ਬਣਾਇਆ ਜਾ ਰਿਹਾ ਹੈ। ਪਾਰਕਾਂ ਵਿੱਚ ਸੈਰ ਕਰਨ ਲਈ ਫੁੱਟਪਾਥ, ਚਾਰਦੀਵਾਰੀ ਵਿੱਚ ਪਲਾਸਟਰ, ਪੇਂਟਿੰਗ, ਗਰਿੱਲਾਂ, ਗੇਟਾਂ ਦੀ ਉਸਾਰੀ, ਲਾਈਟਾਂ, ਡਸਟਬਿਨ ਅਤੇ ਬੈਠਣ ਲਈ ਬੈਂਚਾਂ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਸਾਰੇ ਪਾਰਕਾਂ ਦੇ ਸੁੰਦਰੀਕਰਨ ਅਤੇ ਸੁਧਾਰ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਸਾਰੇ ਪਾਰਕਾਂ ਨੂੰ ਸੁੰਦਰ ਬਣਾ ਕੇ ਲੈਸ ਕੀਤਾ ਜਾਵੇਗਾ। ਵਿਧਾਇਕ ਰਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਕਾਸ ਦੇ ਏਜੰਡੇ 'ਤੇ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਵਿਧਾਨ ਸਭਾ ਹਲਕੇ ਦਾ ਸਰਬਪੱਖੀ ਵਿਕਾਸ ਕਰਨਾ ਹੈ।

ਉਨ੍ਹਾਂ ਕਿਹਾ ਕਿ ਸਿਰਫ਼ ਦੋ ਸਾਲਾਂ ਵਿੱਚ ਹੀ ਜਲੰਧਰ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਵਾਰਡਾਂ ਵਿੱਚ ਸੁਧਾਰ ਲਈ ਮੁੱਢਲੇ ਕੰਮ ਸ਼ੁਰੂ ਕੀਤੇ ਜਾ ਰਹੇ ਹਨ। ਇਸ ਦਾ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਕੇਂਦਰੀ ਖੇਤਰ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। ਇਸ ਦੌਰਾਨ ਇਲਾਕਾ ਨਿਵਾਸੀਆਂ ਵੱਲੋਂ ਵਿਧਾਇਕ ਰਮਨ ਅਰੋੜਾ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਆਪ ਵਲੰਟੀਅਰ ਨਰੇਸ਼ ਸ਼ਰਮਾ, ਅਸ਼ਵਨੀ ਗੁਪਤਾ, ਬਲਜਿੰਦਰ ਸਿੰਘ ਭੋਗਲ, ਮੱਖਣ ਸਿੰਘ ਭੋਗਲ, ਕਰਨ ਸ਼ਰਮਾ, ਬੰਸੀ ਲਾਲ, ਲੱਕੀ ਸ਼ਰਮਾ, ਪਵਨ ਕੁਮਾਰ ਸ਼ਰਮਾ, ਕੇ.ਐਮ.ਸ਼ਰਮਾ, ਆਰ.ਐਸ.ਭੱਟੀ, ਸੇਵਾ ਸਿੰਘ, ਮੋਹਨ ਸਿੰਘ, ਸਰਬਜੀਤ ਸਿੰਘ ਬੇਦੀ ਨੂੰ ਮਿਲ ਸਕਦੇ ਹਨ। , ਵਿਵੇਕ ਜਿੰਦਲ, ਸੁਮਿਤ ਜਿੰਦਲ, ਸੌਰਵ ਜਿੰਦਲ, ਸ਼ੰਭੂ, ਬਿੱਟਾ ਸ਼ਰਮਾ, ਪਲਵਿੰਦਰ ਸਿੰਘ, ਆਪ ਵਲੰਟੀਅਰ ਮਨਮੋਹਨ ਸਿੰਘ (ਰਾਜੂ), ਜਤਿੰਦਰ ਸੋਨੂੰ ਟੈਂਕਰ, ਸਾਬੀ ਭੁੱਲਰ, ਹੈਪੀ, ਨਿਤਿਨ ਵਾਲੀਆ, ਸੰਜੀਵ ਕੁਮਾਰ, ਸ਼ਸ਼ੀ ਰਾਏ, ਜਤਿੰਦਰ ਨਿੱਕਾ, ਰਾਕੇਸ਼, ਸੋਭਾਤੀ , ਰਵਿੰਦਰ ਖਾਲਸਾ , ਸ਼ੁਭਮ ਰਾਜੂ , ਮਨੀ , ਡੋਗਰੀ ਬੂਆ , ਕੈਪਟਨ , ਮਨੀਸ਼ ਕੁਮਾਰ , ਆਪ ਵਲੰਟੀਅਰ ਦੀਨਾਨਾਥ ਪ੍ਰਧਾਨ , ਹਰੀਸ਼ ਕੁਮਾਰ ਰਾਜੂ , ਮਨੀਸ਼ ਸ਼ਰਮਾ , ਸੁਰਿੰਦਰ ਸਿੰਘ , ਸ਼ਿੰਦਾ , ਸੁਖਵਿੰਦਰ ਸਿੰਘ , ਮਨਿੰਦਰ ਸਿੰਘ ਨਾਰੰਗ , ਸੁਰਿੰਦਰ ਖੰਨਾ , ਹਰਚਰਨ ਸਿੰਘ ਖਾਲਸਾ , ਕਸ਼ਮੀਰ ਸਿੰਘ , ਨਰੇਸ਼ ਠਾਕੁਰ, ਨਰਿੰਦਰ, ਸ਼ਿਵਕੁਮਾਰ, ਦੀਵਾਨਚੰਦ, ਚੰਦ ਲਾਲ, ਕੁਲਵੰਤ ਸਿੰਘ, ਮਸਤ ਰਾਮ, ਕਿਮੀ, ਨਰਿੰਦਰ ਛੀਨੂੰ, ਕਰਨ ਖੁੱਲਰ ਐਡਵੋਕੇਟ, ਅਨੁਦੀਪ ਸ਼ਰਮਾ, ਰਾਕੇਸ਼ ਸਿੰਘ, ਪ੍ਰਵੀਨ ਸ਼ਰਮਾ, ਨਛੱਤਰ ਸਿੰਘ, ਸੰਦੀਪ ਕੁਮਾਰ, ਸੁਖਪ੍ਰੀਤ, ਟੋਨੀ ਬੱਗਾ, ਬਲਜੀਤ ਸਿੰਘ। , ਸ਼ੁਭਮ, ਦੀਕਸ਼ਾ ਅਰੋੜਾ, ਪੂਜਾ ਸੈਣੀ, ਰਿਸ਼ੀ ਸਿੱਕਾ, ਗੁਰਚਰਨ ਸਿੰਘ, ਭਗਵਾਨ ਦਾਸ, ਸੰਤੋਸ਼, ਸੁਰੇਸ਼ ਕੁਮਾਰ, ਬੰਗੜ ਜੀ, ਸੁਭਾਸ਼ ਕੁਮਾਰ, ਦਿਲਖੁਸ਼ ਕੁਮਾਰ, ਰਣਜੀਤ, ਗੌਤਮ, ਵਿਸ਼ਵਜੀਤ, ਸੂਰਜ, ਅਨਮੋਲਪ੍ਰੀਤ ਸਿੰਘ ਆਦਿ ਤੋਂ ਇਲਾਵਾ ਇਲਾਕਾ ਨਿਵਾਸੀ ਹਾਜ਼ਰ ਸਨ।

## ਸੰਪਾਦਕੀ

### ਲੱਦਾਖ ਲਈ ਰਾਜ ਦਾ ਦਰਜਾ

ਕੇਂਦਰ ਸਰਕਾਰ ਲੱਦਾਖ ਨੂੰ ਰਾਜ ਦਾ ਦਰਜਾ ਦੇਣ, ਕੇਂਦਰ ਸ਼ਾਸਿਤ ਇਕਾਈ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿਚ ਸ਼ਾਮਲ ਕਰਨ ਅਤੇ ਉੱਚੇ ਪਰਬਤੀ ਖੇਤਰਾਂ ਲਈ ਲੋਕ ਸੇਵਾ ਕਮਿਸ਼ਨ ਕਾਇਮ ਕਰਨ ਜਿਹੀਆਂ ਮੁੱਖ ਮੰਗਾਂ ਉਪਰ ਵਿਚਾਰ ਚਰਚਾ ਕਰਨ ਲਈ ਰਜ਼ਾਮੰਦ ਹੋ ਗਈ ਹੈ। ਇਸ ਪੇਸ਼ਕਦਮੀ ਸਦਕਾ ਇਨ੍ਹਾਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਲੇਹ ਅਤੇ ਕਾਰਗਿਲ ਡੈਮੋਕਰੈਟਿਕ ਅਲਾਇੰਸ ਨੇ ਭੁੱਖ ਹੜਤਾਲ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਹੈ। ਮੰਗਾਂ ’ਤੇ ਚਰਚਾ ਕਰਨ ਲਈ ਸਬ-ਕਮੇਟੀ ਕਾਇਮ ਕਰ ਦਿੱਤੀ ਗਈ ਹੈ। ਪੰਜ ਅਗਸਤ 2019 ਨੂੰ ਜਦੋਂ ਧਾਰਾ 370 ਰੱਦ ਕਰ ਕੇ ਜੰਮੂ ਕਸ਼ਮੀਰ ਰਾਜ ਭੰਗ ਕਰ ਦਿੱਤਾ ਗਿਆ ਸੀ ਤਾਂ ਲੱਦਾਖ ਨੂੰ ਇਸ ਤੋਂ ਵੱਖ ਕਰ ਕੇ ਕੇਂਦਰ ਸ਼ਾਸਿਤ ਇਕਾਈ ਬਣਾ ਦਿੱਤਾ ਗਿਆ ਸੀ। ਜੰਮੂ ਕਸ਼ਮੀਰ ਨੂੰ ਵੀ ਯੂਟੀ ਵਿਚ ਬਦਲ ਦਿੱਤਾ ਗਿਆ ਸੀ ਹਾਲਾਂਕਿ ਇਸ ਦੀ ਵਿਧਾਨ ਸਭਾ ਕਾਇਮ ਰੱਖੀ ਗਈ ਪਰ ਲੱਦਾਖ ਕੋਲ ਵਿਧਾਨ ਸਭਾ ਨਹੀਂ ਹੈ। ਇਸ ਤੋਂ ਪਹਿਲਾਂ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਲੱਦਾਖ ਤੋਂ ਚਾਰ ਨੁਮਾਇੰਦੇ ਭੇਜੇ ਜਾਂਦੇ ਸਨ। ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਲੱਦਾਖ ਨੂੰ ਲੋਕ ਸਭਾ ਦੀਆਂ ਦੋ ਸੀਟਾਂ ਦਿੱਤੀਆਂ ਜਾਣ; ਹੁਣ ਇੱਥੋਂ ਲੋਕ ਸਭਾ ਦੀ ਇਕਲੌਤੀ ਸੀਟ ਹੈ।

ਸਤੰਬਰ 2019 ਵਿਚ ਅਨੁਸੂਚਿਤ ਕਬੀਲਿਆਂ ਬਾਰੇ ਕੌਮੀ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਸੀ ਕਿ ਕਾਰਗਿਲ ਅਤੇ ਲੇਹ ਨੂੰ ਮਿਲਾ ਕੇ ਬਣਿਆ ਲੱਦਾਖ ਮੁੱਖ ਤੌਰ ’ਤੇ ਕਬਾਇਲੀ ਖੇਤਰ ਹੈ। ਕਮਿਸ਼ਨ ਦੀ ਸਿਫ਼ਾਰਸ਼ ਸੀ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਅਧੀਨ ਲਿਆਂਦਾ ਜਾਵੇ ਤਾਂ ਜੋ ਤਾਕਤਾਂ ਦੀ ਹੇਠਲੇ ਪੱਧਰਾਂ ਤੱਕ ਲੋਕਰਾਜੀ ਵੰਡ ਅਤੇ ਇਲਾਕੇ ਦੇ ਵਿਲੱਖਣ ਸਭਿਆਚਾਰ ਦੀ ਰਾਖੀ ਯਕੀਨੀ ਬਣ ਸਕੇ, ਨਾਲ ਹੀ ਲੋਕਾਂ ਦੇ ਖੇਤੀ ਨਾਲ ਜੁੜੇ ਹੱਕ ਵੀ ਸੁਰੱਖਿਅਤ ਹੋ ਸਕਣ। ਇਸ ਵੇਲੇ ਇਹ ਅਨੁਸੂਚੀ ਅਸਾਮ, ਮੇਘਾਲਿਆ, ਤ੍ਰਿਪੁਰਾ ਤੇ ਮਿਜ਼ੋਰਮ ਦੇ ਕਬਾਇਲੀ ਇਲਾਕਿਆਂ ਨਾਲ ਸਬੰਧਿਤ ਹੈ।

ਮੰਗਾਂ ਦੇ ਹੱਕ ’ਚ ਹਾਲ ਹੀ ਵਿਚ ਹੋਏ ਰੋਸ ਪ੍ਰਦਰਸ਼ਨਾਂ ਨੇ ਕੇਂਦਰ ਦੇ ਉਸ ਦਾਅਵੇ ਨੂੰ ਕਮਜ਼ੋਰ ਕੀਤਾ ਹੈ ਜਿਸ ਵਿਚ ਉਨ੍ਹਾਂ ਲੱਦਾਖ ਨੂੰ ਸਭ ਤੋਂ ਪਹਿਲੀ ਤਰਜੀਹ ਬਣਾਉਣ ਤੇ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਬਾਰੇ ਕਿਹਾ ਸੀ। ਕੇਂਦਰ ਦੀ ਮੌਜੂਦਾ ਸਰਕਾਰ ਮੁਤਾਬਕ ਤਾਂ ਪਿਛਲੀਆਂ ਸਰਕਾਰਾਂ ਦਹਾਕਿਆਂ ਤੱਕ ਲੱਦਾਖ ਨੂੰ ਨਜ਼ਰਅੰਦਾਜ਼ ਕਰਦੀਆਂ ਰਹੀਆਂ ਹਨ। ਇਹ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਲੱਦਾਖ ਦੀ ਅਵਾਮ ਦੇ ਸੰਸਿਆਂ ਦਾ ਹੱਲ ਕੱਢੇ ਜੋ ਨੌਕਰੀਆਂ ਦੇ ਮੁਨਾਸਬ ਮੌਕੇ ਵੀ ਚਾਹੁੰਦੇ ਹਨ। ਇਸ ਇਲਾਕੇ ਦੀ ਰਣਨੀਤਕ ਅਹਿਮੀਅਤ ਨੂੰ ਧਿਆਨ ਵਿਚ ਰੱਖਦਿਆਂ ਸਥਾਨਕ ਨਿਵਾਸੀਆਂ ਦੀਆਂ ਇੱਛਾਵਾਂ ਦੀ ਪੂਰਤੀ ਕਰਨਾ ਜ਼ਰੂਰੀ ਹੈ। ਆਖਿ ?ਰਕਾਰ ਇਹ ਲੋਕ ਅਸਲ ਕੰਟਰੋਲ ਰੇਖਾ ਨਾਲ ਤਾਇਨਾਤ ਭਾਰਤੀ ਸੈਨਿਕਾਂ ਦੀਆਂ ਅੱਖਾਂ ਅਤੇ ਕੰਨਾਂ ਦਾ ਕੰਮ ਕਰਦੇ ਹਨ। ਉਮੀਦ ਹੈ ਕਿ ਚੱਲ ਰਹੀ ਵਾਰਤਾ ਲੱਦਾਖ ਲਈ ਰਾਜ ਦੇ ਦਰਜੇ ਦਾ ਰਾਹ ਪੱਧਰਾ ਕਰੇਗੀ ਤੇ ਨਾਲ ਹੀ ਛੇਵੀਂ ਅਨੁਸੂਚੀ ਵਿਚ ਇਸ ਨੂੰ ਸ਼ਾਮਲ ਕਰਨ ਦਾ ਰਸਤਾ ਵੀ ਖੁੱਲ੍ਹ ਜਾਵੇਗਾ। ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਦੀ ਮੰਗ ਵੀ ਲਗਾਤਾਰ ਉਠ ਰਹੀ ਹੈ ਪਰ ਕੇਂਦਰ ਸਰਕਾਰ ਨੇ ਅਜੇ ਨਾ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਅਤੇ ਨਾ ਹੀ ਉੱਥੇ ਚੋਣਾਂ ਕਰਵਾਉਣ ਬਾਰੇ ਕੋਈ ਫ਼ੈਸਲਾ ਕੀਤਾ ਹੈ। ਸਰਕਾਰ ਵਾਰ ਵਾਰ ਇਹੀ ਆਖ ਰਹੀ ਹੈ ਕਿ ਵਕਤ ਆਉਣ ’ਤੇ ਇਨ੍ਹਾਂ ਦੋਹਾਂ ਮੁੱਦਿਆਂ ਬਾਰੇ ਫ਼ੈਸਲਾ ਕਰ ਲਿਆ ਜਾਵੇਗਾ। ਸਰਕਾਰ ਦਾ ਦਾਅਵਾ ਹੈ ਕਿ ਧਾਰਾ 370 ਖ਼ਤਮ ਕਰਨ ਤੋਂ ਬਾਅਦ ਉੱਥੇ ਦਹਿਸ਼ਤਗਰਦੀ ਘਟੀ ਹੈ ਅਤੇ ਵਿਕਾਸ ਦੀਆਂ ਪੁਲਾਂਘਾਂ ਵੀ ਪੁੱਟੀਆਂ ਗਈਆਂ ਹਨ। ਇਸ ਲਈ ਹੁਣ ਇਸ ਬਾਰੇ ਵੀ ਫ਼ੈਸਲਾ ਕਰਨਾ ਚਾਹੀਦਾ ਹੈ।

### ਜੰਗਲਾਤ ਦੀ ਪਰਿਭਾਸ਼ਾ ’ਤੇ ਸੁਪਰੀਮ ਕੋਰਟ ਸਖ਼ਤ

ਜੰਗਲਾਤ ਦੀ ਵਿਆਪਕ ਪਰਿਭਾਸ਼ਾ ਨੂੰ ਮੁੜ 1996 ਦੇ ਇਕ ਮਿਸਾਲੀ ਫੈਸਲੇ ਮੁਤਾਬਕ ਹੀ ਤੈਅ ਕੀਤੇ ਜਾਣ ਬਾਰੇ ਸੁਪਰੀਮ ਕੋਰਟ ਦਾ ਅੰਤ੍ਰਿਮ ਹੁਕਮ ਉਨ੍ਹਾਂ ਵਧ ਰਹੀਆਂ ਚਿੰਤਾਵਾਂ ਵਿਚਾਲੇ ਆਇਆ ਹੈ, ਜੋ ਵਾਤਾਵਰਨ ਦੀ ਰਾਖੀ ਨਾਲ ਜੁੜੇ ਨਿਯਮਾਂ ਨੂੰ ਕਮਜ਼ੋਰ ਕਰਨ ਬਾਰੇ ਜ਼ਾਹਿਰ ਕੀਤੀਆਂ ਜਾ ਰਹੀਆਂ ਸਨ। ਪਿਛਲੇ ਸਾਲ ਸੋਧੇ ਗਏ ਜੰਗਲਾਤ ਸੰਭਾਲ ਐਕਟ ਨੂੰ ਅਦਾਲਤ ਵਿਚ ਇਕ ਲੋਕ ਹਿੱਤ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਗਈ ਸੀ। 1996 ਦੇ ਫੈਸਲੇ ਵਿਚ ਕਿਹਾ ਗਿਆ ਸੀ ਕਿ ਜੰਗਲਾਤ ਨੂੰ ਇਸ ਦੇ ਡਿਕਸ਼ਨਰੀ ਵਾਲੇ ਮਤਲਬ ਮੁਤਾਬਕ ਹੀ ਸਮਝਿਆ ਜਾਣਾ ਚਾਹੀਦਾ ਹੈ, ਜਿਸ ’ਚ ਅਣਐਲਾਨੀ ਜੰਗਲਾਤ ਭੂਮੀ ਵੀ ਸ਼ਾਮਲ ਹੈ। ਜਦਕਿ ਸਾਲ 2023 ਦੀ ਸੋਧ ਕਹਿੰਦੀ ਹੈ ਕਿ ਜ਼ਮੀਨ ਨੂੰ ਜੰਗਲਾਤ ਉਦੋਂ ਹੀ ਮੰਨਿਆ ਜਾਵੇ ਜਦ ਇਹ ਅਜਿਹੇ ਵਰਗ ਵਿਚ ਨੋਟੀਫਾਈ ਹੋਵੇ ਜਾਂ ਫਿਰ ਵਿਸ਼ੇਸ਼ ਤੌਰ ’ਤੇ ਸਰਕਾਰੀ ਰਿਕਾਰਡ ’ਚ ਦਰਜ ਹੋਵੇ।ਮਸਲਾ ਇਹ ਹੈ ਕਿ ਨਵੀਂ ਪਰਿਭਾਸ਼ਾ, 1.97 ਲੱਖ ਸਕੁਏਅਰ ਕਿਲੋਮੀਟਰ ਅਣਐਲਾਨੀ ਜੰਗਲਾਤ ਦੀ ਜ਼ਮੀਨ ਨੂੰ ਸੁਰੱਖਿਆ ਦੇ ਉਸ ਘੇਰੇ ਵਿਚੋਂ ਬਾਹਰ ਕਰ ਰਹੀ ਹੈ ਜੋ ਇਸ ਨੂੰ ਪਹਿਲਾਂ ਤੋਂ ਮਿਲੀ ਹੋਈ ਸੀ। ਜੰਗਲਾਤ ਦੀ ਜ਼ਮੀਨ ਨੂੰ ਗੈਰ-ਜੰਗਲਾਤ ਮੰਤਵਾਂ ਲਈ ਵਰਤੇ ਜਾਣ ਸਬੰਧੀ ਖ਼ਦਸ਼ੇ ਕੋਈ ਨਵੇਂ ਨਹੀਂ ਹਨ ਤੇ ਇਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਨਵੰਬਰ 2023 ਵਿਚ ਸੋਧੇ ਹੋਏ ਨਿਯਮਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ, ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀਜ਼) ਨੂੰ ਇਕ ਸਾਲ ਦੇ ਅੰਦਰ ਜੰਗਲਾਤ ਦੀ ਜ਼ਮੀਨ ਦਾ ਰਿਕਾਰਡ ਤਿਆਰ ਕਰਨ ਲਈ ਕਿਹਾ ਗਿਆ ਸੀ। ਪਟੀਸ਼ਨਕਰਤਾ ਨੇ ਇਸ ਦੌਰਾਨ ਪੁਰਾਣੀ ਪਰਿਭਾਸ਼ਾ ਤਹਿਤ ਜੰਗਲਾਤ ਮੰਨੀ ਜਾਂਦੀ ਜ਼ਮੀਨ ਨੂੰ ਗੈਰ-ਜੰਗਲਾਤ ਮੰਤਵਾਂ ਲਈ ਵਰਤੇ ਜਾਣ ਦਾ ਖ਼ਦਸ਼ਾ ਅੱਗੇ ਰੱਖਿਆ। ਸੁਪਰੀਮ ਕੋਰਟ ਨੇ ਹੁਣ 1996 ਦੇ ਫੈਸਲੇ ਮੁਤਾਬਕ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਕਮੇਟੀਆਂ ਵੱਲੋਂ ਜੰਗਲਾਤ ਵਜੋਂ ਰਜਿਸਟਰ ਕੀਤੀ ਜ਼ਮੀਨ ਦਾ ਰਿਕਾਰਡ ਕੇਂਦਰ ਸਰਕਾਰ ਤੋਂ ਤਲਬ ਕੀਤਾ ਹੈ। 27 ਸਾਲ ਬੀਤਣ ਤੋਂ ਬਾਅਦ ਵੀ, ਕੁਝ ਸੂਬਿਆਂ ਨੇ ਹਾਲੇ ਤੱਕ ਇਸ ਫੈਸਲੇ ਮੁਤਾਬਕ ਜੰਗਲਾਤ ਜ਼ਮੀਨ ਦਾ ਵਰਗੀਕਰਨ ਨਹੀਂ ਕੀਤਾ ਹੈ। ਰਿਕਾਰਡ ’ਚੋਂ ਫ਼ਰਕ ਲੱਭਣ ਲਈ ਇਸ ਨੂੰ ਬਾਰੀਕੀ ਨਾਲ ਘੋਖਿਆ ਜਾਵੇਗਾ।

ਅਦਾਲਤ ਦੇ ਇਹ ਕਹਿਣ ਨਾਲ ਕਿ ਡਿਕਸ਼ਨਰੀ ਵਿਚਲੇ ਮਤਲਬ ਨੂੰ ਅਪਣਾਉਣ ਦਾ ਫੈਸਲਾ ਜੰਗਲਾਤ ਸੰਭਾਲ ਐਕਟ, 1980 ਦੇ ਉਦੇਸ਼ਾਂ ਦੀ ਪੂਰਤੀ ਲਿਆ ਗਿਆ ਹੈ, ਨੇ ਠੋਸ ਦਲੀਲਾਂ ਲਈ ਰਾਹ ਪੱਧਰਾ ਕਰ ਦਿੱਤਾ ਹੈ ਅਤੇ ਕਿਤੇ-ਨਾ-ਕਿਤੇ ਗਲਤੀ ਸੁਧਾਰਨ ਲਈ ਵੀ ਮੰਚ ਤਿਆਰ ਕਰ ਦਿੱਤਾ ਹੈ। ਚਿੜਿਆਘਰ ਤੇ ਸਫਾਰੀ ਵਗੈਰਾ ਖੋਲ੍ਹਣ ਤੋਂ ਪਹਿਲਾਂ ਅਦਾਲਤ ਦੀ ਪ੍ਰਵਾਨਗੀ ਲੈਣ ਬਾਰੇ ਰੱਖੀ ਗਈ ਸ਼ਰਤ ਵੀ ਸਵਾਗਤਯੋਗ ਹੈ। ਜੰਗਲਾਂ ਤੇ ਜੰਗਲੀ-ਜੀਵਨ ਦੀ ਕੀਮਤ ਉਤੇ ਖੜ੍ਹੇ ਹੁੰਦੇ ਵੱਡੇ ਪ੍ਰਾਜੈਕਟਾਂ ਨੂੰ ਸ਼ੁਰੂਆਤ ’ਚ ਹੀ ਰੋਕਣ ਲਈ ਮਾਹਿਰਾਂ ਦਾ ਨਿਰੀਖਣ ਜ਼ਰੂਰੀ ਹੈ।

# ਭਾਰਤ ਦਾ ਏਜੰਡਾ ਅਤੇ ਵਿਸ਼ਵ ਵਪਾਰ ਵਾਰਤਾ

**ਸੁਸ਼ਮਾ ਰਾਮਚੰਦਰਨ**




ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਦੀ ਅਗਲੀ ਮੰਤਰੀ ਪੱਧਰੀ ਕਾਨਫਰੰਸ (26-29 ਫਰਵਰੀ) ਅਬੂ ਧਾਬੀ ਵਿਚ ਹੋ ਰਹੀ ਹੈ ਜਿਸ ਵਿਚ ਭਾਰਤ ਨੂੰ ਆਪਣਾ ਏਜੰਡਾ ਅਗਾਂਹ ਵਧਾਉਣ ਲਈ ਕਾਫ਼ੀ ਜ਼ੋਰ ਲਾਉਣਾ ਪਵੇਗਾ। ਇਸ ਦਾ ਵਡੇਰਾ ਕਾਰਨ ਇਹ ਹੈ ਕਿ ਇਹ ਕਾਨਫਰੰਸ ਬਹੁ-ਧਿਰੀ ਵਪਾਰਕ ਸੰਸਥਾ ਦੀ ਫ਼ੈਸਲਾ ਕਰਨ ਵਾਲੇ ਸੰਮੇਲਨ ਦੀ ਤਰਜਮਾਨੀ ਕਰਦੀ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਇਹ ਵਿਕਸਤ ਮੁਲਕਾਂ ਦੇ ਅੜੀਅਲ ਰਵੱਈਏ ਕਰ ਕੇ ਬਹੁਤ ਸਾਰੇ ਮੁੱਦਿਆਂ ’ਤੇ ਪੇਸ਼ਕਦਮੀ ਕਰਨ ਵਿਚ ਅਸਮੱਰਥ ਰਹੀ ਹੈ। ਜਿਨ੍ਹਾਂ ਮੁੱਖ ਸਮੱਸਿਆਵਾਂ ਕਰ ਕੇ ਖੜੋਤ ਬਣੀ ਹੈ, ਉਨ੍ਹਾਂ ਵਿਚੋਂ ਇਕ ਇਸ ਦੇ ਦੋ-ਪਰਤੀ ਵਿਵਾਦ ਨਿਬੇੜੂ ਅਦਾਰੇ ਨਾਲ ਜੁੜੀ ਹੈ। ਅਮਰੀਕਾ ਵਲੋਂ ਇਸ ਦੀ ਅਪੀਲੀ ਸੰਸਥਾ ਵਿਚ ਨਿਯੁਕਤੀਆਂ ਰੋਕਣ ਕਰ ਕੇ ਚਾਰ ਸਾਲਾਂ ਤੋਂ ਇਹ ਪ੍ਰਬੰਧ ਨਕਾਰਾ ਹੋ ਕੇ ਰਹਿ ਗਿਆ ਹੈ। ਸੰਸਥਾ ਵਿਚ ਸੁਧਾਰਾਂ ਨੂੰ ਲੈ ਕੇ ਵੀ ਕਾਫ਼ੀ ਗੱਲਾਂ ਬਾਤਾਂ ਹੋ ਰਹੀਆਂ ਹਨ ਪਰ ਉਭਰਦੇ ਅਰਥਚਾਰਿਆਂ ਨੂੰ ਅਜੇ ਤੱਕ ਸੰਸਥਾ ਵਿਚ ਹੋਰ ਜਿ ?ਆਦਾ ਸਹਾਇਤਾ ਦੇਣ ਲਈ ਕੁਝ ਖ਼ਾਸ ਨਹੀਂ ਕੀਤਾ ਗਿਆ। ਮੂਲ ਰੂਪ ਵਿਚ ਇਸ ਦਾ ਮਕਸਦ ਇਹ ਸੀ ਕਿ ਘੱਟ ਵਿਕਸਤ ਅਤੇ ਵਿਕਸਤ ਮੁਲਕਾਂ ਲਈ ਇਕਸਾਰ ਪਿੜ ਮੁਹੱਈਆ ਕਰਵਾਇਆ ਜਾਵੇ।

ਭਾਰਤ ਦੇ ਹਿਤ ਤੋਂ ਅਜਿਹੇ ਕਈ ਮੁੱਦੇ ਹਨ ਜਿਨ੍ਹਾਂ ਨੂੰ ਕਾਨਫਰੰਸ ਵਿਚ ਸੁਲਝਾਏ ਜਾਣ ਦੀ ਲੋੜ ਹੈ ਪਰ ਬਹੁਤਾ ਕੁਝ ਇਨ੍ਹਾਂ ’ਤੇ ਜ਼ੋਰ ਨਾਲ ਅਗਾਂਹ ਵਧਣ ਦੀ ਰਾਜਸੀ ਇੱਛਾ ਸ਼ਕਤੀ ਉਪਰ ਨਿਰਭਰ ਕਰੇਗਾ। ਯਕੀਨਨ ਇਸ ਨੂੰ 2022 ਵਿਚ ਹੋਈ ਪਿਛਲੀ ਮੰਤਰੀ ਪੱਧਰੀ ਮੀਟਿੰਗ ਨਾਲੋਂ ਜਿ ?ਆਦਾ ਪੁਰਜ਼ੋਰ ਤਰੀਕੇ ਨਾਲ ਆਪਣਾ ਸਟੈਂਡ ਰੱਖਣਾ ਪਵੇਗਾ। ਉਸ ਸਮੇਂ ਭਾਰਤ ਨੇ ਭਵਿੱਖ ਵਿਚ ਪੇਸ਼ ਆਉਣ ਵਾਲੀਆਂ ਮਹਾਮਾਰੀਆਂ ਲਈ ਵਰਤੀਆਂ ਜਾਣ ਵਾਲੀਆਂ ਵੈਕਸੀਨਾਂ ਤਿਆਰ ਕਰਨ, ਦਵਾਈਆਂ ਅਤੇ ਜਾਂਚ ਲਈ ਪੇਟੈਂਟ ਛੋਟ ਦੀ ਤਜਵੀਜ਼ ਦੀ ਪੁਰਜ਼ੋਰ ਪੈਰਵੀ ਨਹੀਂ ਕੀਤੀ ਸੀ। ਸਿਰਫ਼ ਵੈਕਸੀਨਾਂ ਲਈ ਅੰਸ਼ਕ ਛੋਟ ਦੀ ਸਹਿਮਤੀ ਬਣੀ ਸੀ, ਉਹ ਵੀ ਤਦ ਜਦੋਂ ਬਾਇਡਨ ਪ੍ਰਸ਼ਾਸਨ ਨੇ ਇਸ ਮੁੱਦੇ ’ਤੇ ਆਪਣਾ ਪੈਂਤੜਾ ਨਰਮ ਕੀਤਾ ਸੀ ਪਰ ਵਿਕਸਤ ਦੇਸ਼ਾਂ ਵਲੋਂ ਮਹਿੰਗੀਆਂ ਦਰਾਮਦਾਂ ਤੋਂ ਬਚਣ ਲਈ ਵਡੇਰੀਆਂ ਤਜਵੀਜ਼ਾਂ ਜੋ ਭਾਰਤ ਅਤੇ ਦੱਖਣੀ ਅਫਰੀਕਾ ਨੇ ਅਕਤੂਬਰ 2020 ਵਿਚ ਲਿਆਂਦੀਆਂ ਸਨ ਅਤੇ ਜਿਨ੍ਹਾਂ ਨੂੰ 108 ਦੇਸ਼ਾਂ ਦੀ ਹਮਾਇਤ ਮਿਲ ਗਈ ਸੀ, ਨੂੰ ਹੁਣ ਦਫ਼ਨ ਕਰ ਦਿੱਤਾ ਗਿਆ ਹੈ।

ਆਖਿ ?ਰ ਜੂਨ 2022 ਦੀ 12ਵੀਂ ਮੰਤਰੀ ਪੱਧਰੀ ਕਾਨਫਰੰਸ ਵਿਚ ਕੋਵਿਡ-19 ਲਈ ਪੰਜ ਸਾਲਾਂ ਵਾਸਤੇ ਪੇਟੈਂਟ ਛੋਟ ਦੇ ਦਿੱਤੀ ਗਈ। ਦਵਾਈਆਂ ਅਤੇ ਜਾਂਚ ਬਾਰੇ ਵਾਰਤਾਵਾਂ ਛੋਟ ਦੇ ਦਾਇਰੇ ਹੇਠ ਕੀਤੀਆਂ ਜਾਣਗੀਆਂ ਜਿਸ ਤੋਂ ਇਹ ਯਕੀਨੀ ਹੋ ਗਿਆ ਕਿ ਇਸ ਬਾਰੇ ਛੇਤੀ ਕੀਤਿਆਂ ਫ਼ੈਸਲਾ ਨਹੀਂ ਹੋ ਸਕੇਗਾ। ਸੰਕੇਤ ਹਨ ਕਿ ਮੇਜ਼ਬਾਨ ਯੂਏਈ ਅਤੇ ਭਾਰਤ ਵਿਚਕਾਰ ਗਹਿਰੇ ਹੋ ਰਹੇ ਦੁਵੱਲੇ ਸਬੰਧਾਂ ਦੇ ਮੱਦੇਨਜ਼ਰ ਭਾਰਤ ਅਬੂ ਧਾਬੀ ਵਿਚ ਹੋਣ ਵਾਲੀ ਕਾਨਫਰੰਸ ਵਿਚ ਆਪਣੀ ਗੱਲ ਬਹੁਤ ਜ਼ੋਰ ਨਾਲ ਨਹੀਂ ਰੱਖ ਸਕੇਗਾ। ਵਧਦੀ ਸਾਂਝ ਦੇ ਮੱਦੇਨਜ਼ਰ ਭਾਰਤ ਵਿਸ਼ਵ ਵਪਾਰ ਸੰਸਥਾ ਦੀ ਕਾਨਫਰੰਸ ਵਿਚ ਅੜੀਅਲ ਰਵੱਈਆ ਅਪਣਾਉਣਾ ਨਹੀਂ ਚਾਹੇਗਾ। ਫਿਰ ਵੀ ਭਾਰਤ ਨੂੰ ਕੁਝ ਅਹਿਮ ਮੁੱਦੇ ਰੱਖਣੇ ਪੈਣਗੇ ਜਿਨ੍ਹਾਂ ’ਚੋਂ ਸਭ ਤੋਂ ਪ੍ਰਮੁੱਖ ਹੈ ਖੁਰਾਕ ਸੁਰੱਖਿਆ ਲਈ ਅਨਾਜ ਖਰੀਦ ਕੇ ਜਨਤਕ ਭੰਡਾਰ ਭਰਨ ਲਈ ਲਈ ਛੋਟ ਵਾਸਤੇ ‘ਪੀਸ ਕਲਾਜ਼’। 2013 ਵਿਚ ਲੰਮੀ ਗੱਲਬਾਤ ਤੋਂ ਬਾਅਦ ਇਹ ਮੱਦ ਤੈਅ ਪਾਈ ਗਈ ਸੀ ਅਤੇ ਇਸ ਤਹਿਤ ਭਾਰਤੀ ਕਿਸਾਨਾਂ ਦੀ ਮਦਦ ਲਈ ਸਰਕਾਰੀ ਖਰੀਦ ਰਾਹੀਂ ਜਨਤਕ ਭੰਡਾਰਨ ਲਈ ਸਬਸਿਡੀ ਦੇਣ ਦੀ ਆਗਿਆ ਦਿੱਤੀ ਗਈ ਸੀ। ਬਾਲੀ ਵਿਚ ਹੋਣ ਵਾਲੀ ਮੰਤਰੀ ਪੱਧਰੀ ਕਾਨਫਰੰਸ ਵਿਚ ਇਹ ਸਫਲਤਾਪੂਰਬਕ ਤਰਕ ਦਿੱਤਾ ਗਿਆ ਸੀ ਕਿ ਅਨਾਜ ਦੇ ਜਨਤਕ ਭੰਡਾਰਨ ਨੇ ਕਰੀਬ 80 ਕਰੋੜ ਲੋਕਾਂ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਈ ਹੈ।

ਪੀਸ ਕਲਾਜ਼ ਵਿਚ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਦੇਸ਼ ਨੂੰ ਆਪਣੇ ਲੋਕਾਂ ਦੀ ਖੁਰਾਕ ਸੁਰੱਖਿਆ ਦੇ ਪ੍ਰੋਗਰਾਮ ਤੋਂ ਕਾਨੂੰਨਨ ਵਰਜਿਤ ਨਹੀਂ ਕੀਤਾ ਜਾਵੇਗਾ, ਭਾਵੇਂ ਇਸ ਨਾਲ ਖੇਤੀਬਾੜੀ ਬਾਰੇ ਵਿਸ਼ਵ ਵਪਾਰ ਸੰਸਥਾ ਦੇ ਸਮਝੌਤੇ ਤਹਿਤ ਸਬਸਿਡੀ ਦੇਣ ’ਤੇ ਲਾਈਆਂ ਰੋਕਾਂ ਦੀ ਉਲੰਘਣਾ ਹੁੰਦੀ ਹੋਵੇ। ਭਾਰਤ ਚਾਹੁੰਦਾ ਸੀ ਕਿ ਇਸ ਮੱਦ ਨੂੰ ਸਥਾਈ ਬਣਾ ਦਿੱਤਾ ਜਾਵੇ ਕਿਉਂਕਿ ਇਸ ਵਿਚ ਕਰੋੜਾਂ ਕਿਸਾਨਾਂ ਦੀ ਰੋਜ਼ੀ ਰੋਟੀ ਵੀ ਜੁੜੀ ਹੋਈ ਹੈ ਪਰ ਹਾਲੇ ਤੱਕ ਇਸ ਵਿਚ ਇਕ ਕਾਨਫਰੰਸ ਤੋਂ ਦੂਜੀ ਕਾਨਫਰੰਸ ਤੱਕ ਹੀ ਵਾਧਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਵਿਕਸਤ ਮੁਲਕਾਂ ਨੇ ਆਪਣੇ ਦੇਸ਼ਾਂ ਵਿਚ ਦਿੱਤੀਆਂ ਜਾਂਦੀਆਂ ਖੁਰਾਕ ਸਬਸਿਡੀਆਂ ਬਰਕਰਾਰ ਰੱਖਣ ’ਤੇ ਕਰੜਾ ਰੁਖ਼ ਅਪਣਾਇਆ ਹੋਇਆ ਹੈ।

ਇਸ ਮੁੱਦੇ ’ਤੇ ਅਜਿਹੇ ਸਮੇਂ ਚਰਚਾ ਕੀਤੀ ਜਾਵੇਗੀ ਜਦੋਂ ਭਾਰਤ ਵਿਚ ਅਨਾਜ ਦੀ ਸਰਕਾਰੀ ਖਰੀਦ ਸੰਵੇਦਨਸ਼ੀਲ ਮੁੱਦਾ ਹੈ। ਅੰਦੋਲਨ ਕਰ ਰਹੇ ਕਿਸਾਨ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਮੰਗ ਰਹੇ ਹਨ; ਵਿਸ਼ਵ ਵਪਾਰ ਸੰਸਥਾ ਐੱਮਐੱਸਪੀ ਨੂੰ ਬਹੁਤ ਵੱਡੀ ਸਬਸਿਡੀ ਤਸਲੀਮ ਕਰ ਰਹੀ ਹੈ। ਪੀਸ ਕਲਾਜ਼ ਨਾਲ ਇੰਨਾ ਕੁ ਤੈਅ ਹੋ ਗਿਆ ਹੈ ਕਿ ਦੂਜੇ ਮੁਲਕਾਂ ਵਲੋਂ ਇਸ ਨੂੰ ਵਿਵਾਦ ਦੇ ਰੂਪ ਵਿਚ ਨਹੀਂ ਉਠਾਇਆ ਜਾਵੇਗਾ ਪਰ ਜਦੋਂ ਤੱਕ ਇਹ ਸਥਾਈ ਵਿਵਸਥਾ ਨਹੀਂ ਬਣਦੀ ਤਾਂ ਸਰਕਾਰ ਦੇ ਸਿਰ ’ਤੇ ਇਸ ਦੀ ਤਲਵਾਰ ਲਟਕਦੀ ਰਹੇਗੀ।

ਭਾਰਤ ਦੇ ਏਜੰਡੇ ’ਤੇ ਦੂਜੀ ਵੱਡੀ ਆਈਟਮ ਇਹ ਯਕੀਨੀ ਬਣਾਉਣਾ ਹੈ ਕਿ ਗ਼ੈਰ-ਵਪਾਰਕ ਮੁੱਦੇ ਵਾਰਤਾ ਵਿਚ ਨਾ ਲਿਆਂਦੇ ਜਾਣ। ਇਹ ਜਿ ?ਆਦਾਤਰ ਕਿਰਤ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਹਨ; ਇਨ੍ਹਾਂ ਤੋਂ ਇਲਾਵਾ ਲਿੰਗ ਸਨਮਾਨ ਅਤੇ ਛੋਟੀ ਸਨਅਤ ਦੇ ਸਰੋਕਾਰਾਂ ਨਾਲ ਜੁੜੇ ਮੁੱਦੇ ਵੀ ਹਨ। ਪਾਏਦਾਰ ਵਿਕਾਸ ਦੀ ਆੜ ਹੇਠ ਵਪਾਰਕ ਰੋਕਾਂ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਂਦਾ ਜਾਂਦਾ ਹੈ ਤਾਂ ਕਿ ਵਿਕਾਸਸ਼ੀਲ ਮੁਲਕਾਂ ਦੀ ਮੁਕਾਬਲੇਬਾਜ਼ੀ ਨੂੰ ਦਬਾਇਆ ਜਾ ਸਕੇ। ਯੂਰੋਪੀਅਨ ਸੰਘ ਨੇ ਜੰਗਲਾਂ ਦੀ ਕਟਾਈ ਦੀ ਰੋਕਥਾਮ ਤੋਂ ਇਲਾਵਾ ਕਾਰਬਨ ਬਾਰਡਰ ਐਡਜਸਟਮੈਂਟ ਮਕੈਨਿਜ਼ਮ ਕਾਨੂੰਨ ਬਣਾਇਆ ਹੈ। ਇਨ੍ਹਾਂ ਦੋਵਾਂ ਕਾਨੂੰਨਾਂ ਦਾ ਯੂਰੋਪੀਅਨ ਸੰਘ ਵਿਚ ਭਾਰਤ ਦੀਆਂ ਬਰਾਮਦਾਂ ’ਤੇ ਅਸਰ ਪੈ ਸਕਦਾ ਹੈ। ਸਟੀਲ ਅਤੇ ਐਲੂਮੀਨੀਅਮ ਜਿਹੇ ਕਾਰਬਨ ਗੈਸਾਂ ਦੀ ਨਿਕਾਸੀ ਵਾਲੇ ਖੇਤਰਾਂ ਉਪਰ ਕਾਰਬਨ ਟੈਕਸ ਲਾਉਣ ਦਾ ਪ੍ਰਬੰਧ ਹੈ ਅਤੇ ਕਈ ਤਰ੍ਹਾਂ ਦੇ ਉਤਪਾਦ ਇਸ ਦੀ ਜ਼ੱਦ ਹੇਠ ਆ ਜਾਣਗੇ।

ਵਣਜ ਮੰਤਰਾਲੇ ਦਾ ਸੰਕੇਤ ਹੈ ਕਿ ਉਹ ਗ਼ੈਰ-ਵਪਾਰਕ ਰੋਕਾਂ ਬਾਬਤ ਯੂਰੋਪੀਅਨ ਸੰਘ ਨਾਲ ਵਿਚਾਰ ਕਰੇਗੀ ਜਦਕਿ ਇਸ ਨੂੰ ਸੰਸਥਾ ਵਿਚ ਇਹ ਰੋਕਾਂ ਲਿਆਉਣ ਦਾ ਵਿਰੋਧ ਕਰ ਕੇ ਵਿਕਾਸਸ਼ੀਲ ਮੁਲਕਾਂ ਨੂੰ ਰਾਹ ਦਿਖਾਉਣ ਦੀ ਲੋੜ ਹੈ। ਗ਼ੈਰ-ਵਪਾਰਕ ਮੁੱਦੇ ਬਹੁ-ਧਿਰੀ ਮੰਚਾਂ ’ਤੇ ਲਿਆਉਣ ਖਿਲਾਫ਼ ਲੜਾਈ ਕਈ ਸਾਲਾਂ ਤੋਂ ਚੱਲ ਰਹੀ ਹੈ। ਵਿਕਸਤ ਮੁਲਕਾਂ ਨੇ ਵਪਾਰ ਸੰਸਥਾ ਬਣਨ ਤੋਂ ਤੁਰੰਤ ਬਾਅਦ ਹੀ ਕਿਰਤ ਮਿਆਰਾਂ ਨੂੰ ਵਪਾਰਕ ਵਾਰਤਾਵਾਂ ਵਿਚ ਉਠਾਉਣ ਦੀ ਚਾਰਾਜੋਈ ਸ਼ੁਰੂ ਕਰ ਦਿੱਤੀ ਸੀ ਤਾਂ ਕਿ ਵਿਕਾਸਸ਼ੀਲ ਮੁਲਕਾਂ ਲਈ ਗ਼ੈਰ-ਵਪਾਰਕ ਰੋਕਾਂ ਖੜ੍ਹੀਆਂ ਕੀਤੀਆਂ ਜਾ ਸਕਣ। ਕੁਝ ਸਾਲਾਂ ਤੋਂ ਇਨ੍ਹਾਂ ਗ਼ੈਰ-ਵਪਾਰਕ ਵਾਰਤਾਵਾਂ ਦੇ ਦਾਇਰੇ ਵਿਚ ਲਿੰਗ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਵੀ ਆ ਗਏ ਹਨ।

ਇਹ ਸਿਲਸਿਲਾ ਲਗਾਤਾਰ ਜਾਰੀ ਹੈ, ਹੁਣ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਵੀ ਇਸ ਵਿਚ ਲਿਆਂਦਾ ਜਾ ਰਿਹਾ ਹੈ। ਭਾਰਤ ਨੂੰ ਹੋਰ ਵਿਕਾਸਸ਼ੀਲ ਮੁਲਕਾਂ ਨਾਲ ਮਿਲ ਕੇ ਅਜਿਹੇ ਮੁੱਦਿਆਂ ਨੂੰ ਬਹੁ-ਧਿਰੀ ਵਪਾਰਕ ਵਾਰਤਾਵਾਂ ਵਿਚ ਸ਼ਾਮਲ ਕਰਨ ਦਾ ਵਿਰੋਧ ਕਰਨਾ ਚਾਹੀਦਾ ਹੈ।

ਭਾਰਤ ਦੇ ਸਰੋਕਾਰ ਦਾ ਤੀਜਾ ਮੁੱਦਾ ਇਲੈਕਟ੍ਰੌਨਿਕ ਟ੍ਰਾਂਸਮਿਸ਼ਨਾਂ ਉਪਰ ਦਰਾਮਦੀ ਮਹਿਸੂਲ ’ਤੇ ਲਾਈ ਰੋਕ ਨਾਲ ਜੁੜਿ ?ਆ ਹੈ। ਇਹ ਦੋਰਪਾ ਨੀਤੀ ਹੈ ਪਰ ਹੁਣ ਰਿਪੋਰਟਾਂ ਮਿਲੀਆਂ ਹਨ ਕਿ ਭਾਰਤ ਇਸ ਰੋਕ ਨੂੰ ਵਾਪਸ ਲੈਣ ਦੇ ਹੱਕ ਵਿਚ ਹੈ ਤਾਂ ਕਿ ਦਰਾਮਦੀ ਮਾਲੀਆ ਵਧਾਇਆ ਜਾ ਸਕੇ। ਜੇ ਰੋਕ ਹਟਾ ਲਈ ਜਾਂਦੀ ਹੈ ਤਾਂ ਦੇਸ਼ ਦੀਆਂ ਇਲੈਕਟ੍ਰੌਨਿਕਸ ਬਰਾਮਦਾਂ ਵਿਚ ਵਾਧਾ ਹੋਣ ਦੇ ਮੱਦੇਨਜ਼ਰ ਹੋਰਨਾਂ ਦੇਸ਼ਾਂ ਦਾ ਟੈਰਿਫ ਪ੍ਰਭਾਵਿਤ ਹੋ ਸਕਦਾ ਹੈ ਜਿਸ ਕਰ ਕੇ ਇਸ ਰਣਨੀਤੀ ਉਪਰ ਮੁੜ ਝਾਤ ਮਾਰਨ ਦੀ ਲੋੜ ਹੈ।

ਵਿਸ਼ਵ ਵਪਾਰ ਸੰਸਥਾ ਦੀ 13ਵੀਂ ਮੰਤਰੀ ਪੱਧਰੀ ਕਾਨਫਰੰਸ ਅਹਿਮ ਸਾਬਿਤ ਹੋ ਸਕਦੀ ਹੈ ਬਸ਼ਰਤੇ ਭਾਰਤ ਆਪਣੇ ਏਜੰਡੇ ਦੀਆਂ ਤਜਵੀਜ਼ਾਂ ਲਾਗੂ ਕਰਵਾਉਣ ਦੇ ਯੋਗ ਹੋ ਸਕੇ। ਬਹੁਤਾ ਕੁਝ ਸੰਸਥਾ ਦੀ ਸਿਹਤ ’ਤੇ ਨਿਰਭਰ ਕਰੇਗਾ ਜੋ ਹੁਣ ਆਪਣੀ ਚਮਕ ਦਮਕ ਗੁਆ ਚੁੱਕੀ ਹੈ ਅਤੇ ਬਹੁਤ ਸਾਰੇ ਦੇਸ਼ ਖੇਤਰੀ ਵਪਾਰਕ ਸਮਝੌਤਿਆਂ ਦੇ ਰਾਹ ਪੈ ਰਹੇ ਹਨ। ਵਿਵਾਦ ਨਿਬੇੜੂ ਪ੍ਰਬੰਧ ਸੁਰਜੀਤ ਕਰਨ ਲਈ ਇਸ ਨੂੰ ਹੋਰ ਜਿ ?ਆਦਾ ਇਮਦਾਦ ਦਰਕਾਰ ਹੈ। ਇਸ ਦੇ ਨਾਲ ਹੀ ਇਸ ਨੂੰ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਉਭਰਦੇ ਅਰਥਚਾਰਿਆਂ ਦੇ ਸਰੋਕਾਰਾਂ ਨੂੰ ਤਰਜੀਹ ਦੇਣ ਲਈ ਸੁਧਾਰ ਕੀਤੇ ਜਾਣ। ਭਾਰਤ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ ਪਰ ਇਸ ਲਈ ਰਾਜਸੀ ਇੱਛਾ ਸ਼ਕਤੀ ਅਤੇ ਵਪਾਰ ਕੂਟਨੀਤੀ ਦਾ ਅਸਰ ਰਸੂਖ ਦੀ ਜ਼ਰੂਰਤ ਹੈ।

## ਐਸ ਆਰ ਐਮ ਕੌਨਵੈਂਟ ਸਕੂਲ ਪੋਹੀੜ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰਿਤ ਕਰਨ ਲਈ ਮੈਰਾਥਨ ਦੌੜ ਆਯੋਜਿਤ

**ਅਹਿਮਦਗੜ੍ਹ, 23 ਫਰਵਰੀ**
**-ਇਮਰਾਨ ਖਾਨ-**
**-ਕੌਮੀ ਪੱਤ੍ਰਿਕਾ ਬਿਊਰੋ-**




ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਐਸ ਆਰ ਐਮ ਕੌਨਵੈਂਟ ਸਕੂਲ ਪੋਹੀੜ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਲਈ ਮੈਰਾਥਨ ਦੌੜ ਦਾ ਆਯੋਜਨ ਕੀਤਾ ਗਿਆ। ਇਸ ਮੈਰਾਥਨ ਦੌੜ ਨੂੰ ਚੇਅਰਮੈਨ ਸ੍ਰੀ ਜਵਾਹਰ ਮਿੱਤਲ ਦੀ ਧਰਮ ਪਤਨੀ ਮੈਡਮ ਅਮਿਤਾ ਗੁਪਤਾ ਨੇ ਝੰਡੀ ਦੇ ਕੇ ਰਵਾਨਾ ਕੀਤਾ।ਮੈਡਮ ਅਮਿਤਾ ਗੁਪਤਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਦੇਸ਼ ਲਈ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ।ਨੌਜਵਾਨ ਜੋ ਕਿ ਕਿਸੇ ਦੇਸ਼ ਦੀ ਤਰੱਕੀ ਲਈ ਰੀੜ੍ਹ ਦੀ ਹੱਡੀ ਹਨ, ਉਹ ਹੀ ਸਭ ਤੋਂ ਵੱਧ ਇਸ ਨਸ਼ੇ ਦੀ ਦਲਦਲ ਵਿੱਚ ਧਸਦੇ ਜਾ ਰਹੇ ਹਨ ਜੋ ਕਿ ਆਪਣੇ ਸਾਰਿਆਂ ਲਈ ਇੱਕ ਗੰਭੀਰ ਸਮੱਸਿਆ ਹੈ।ਘਰਾਂ ਦੇ ਘਰ ਬਰਬਾਦੀ ਦੀ ਕਗਾਰ ਤੇ ਪੁੱਜਦੇ ਜਾ ਰਹੇ ਹਨ।ਪੁਲਿਸ, ਸਮਾਜ ਅਤੇ ਵਿਦਿਅਕ ਸੰਸਥਾਵਾਂ ਦਾ ਵੀ ਇਹ ਕਰਤਵ ਹੈ ਕਿ ਉਹ ਇਸ ਕੋਹੜ ਨੂੰ ਖਤਮ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਸੋ ਸਾਡੇ ਵੱਲੋਂ ਵੀ ਇੱਕ ਅਜਿਹਾ ਹੀ ਉਪਰਾਲਾ ਕੀਤਾ ਗਿਆ ਹੈ। ਐਸ ਆਰ ਐਮ ਸਕੂਲ ਤੋਂ ਸ਼ੁਰੂ ਹੋ ਕੇ ਅਹਿਮਦਗੜ੍ਹ ਸ਼ਹਿਰ ਵਿੱਚੋਂ ਦੀ ਹੁੰਦੀ ਹੋਈ ਇਹ ਮੈਰਾਥਨ ਦੌੜ ਭਗਤ ਸਿੰਘ ਚੌਂਕ ਵਿੱਚ ਜਾ ਕੇ ਸਮ ਸਮਾਪਤ ਹੋਈ। ਪ੍ਰਿੰਸੀਪਲ ਮੈਡਮ ਡਾਕਟਰ ਸ਼ੀਨਮ ਸੈਮੂਅਲ ਨੇ ਹੋਏ ਕਿਹਾ ਨਸ਼ਾ ਇਕ ਸਮਾਜਿਕ ਬੁਰਾਈ ਹੈ ਜਿਸ ਦੇ ਪ੍ਰਤੀ ਜਾਗਰੂਕ ਹੋਣਾ ਬਹੁਤ ਜਰੂਰੀ ਹੈ ਸੋ ਸਾਡੇ ਸਕੂਲ਼ ਵੱਲੋ ਇਹ ਜਾਗਰੂਕਤਾ ਲਈ ਮੈਰਾਥਨ ਦੌੜ ਦਾ ਅਜੋਜਨ ਕੀਤਾ ਗਿਆ ਹੈ ਤੇ ਸਾਰੇ ਮਾਤਾ ਪਿਤਾ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਬੱਚਿਆਂ ਦੀ ਮੋਨੀਟਰਿੰਗ ਕਰਨ ਤੇ ਬੱਚਿਆਂ ਦੀ ਹਰ ਐਕਟੀਵਿਟੀ ਤੇ ਨਜਰ ਰੱਖਣ ਵੀ ਰੱਖਣ।

# ਚੇਤਨ ਸਿੰਘ ਜੌੜਾਮਾਜਰਾ ਵੱਲੋਂ ਤਲਵੰਡੀ ਭਾਈ ਅਤੇ ਜ਼ੀਰਾ ਵਿਖੇ ਸੋਧੇ ਪਾਣੀ ਨੂੰ ਸਿੰਜਾਈ ਲਈ ਵਰਤਣ ਦੇ ਪ੍ਰਾਜੈਕਟਾਂ ਦਾ ਉਦਘਾਟਨ

**➢ 4.45 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਦੋਵੇਂ ਪ੍ਰਾਜੈਕਟ; ਪੰਜ ਪਿੰਡਾਂ ਦੇ 360 ਕਿਸਾਨ ਪਰਿਵਾਰ ਦੀ 556 ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਮਿਲੇਗਾ ਲਾਭ ➢ ਖੇਤੀਬਾੜੀ ਲਈ ਸੰਗਠਿਤ ਤਰੀਕੇ ਨਾਲ ਟ੍ਰੀਟਿਡ ਪਾਣੀ ਦੀ ਵਰਤੋਂ ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ**

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਤੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਸੀਵਰੇਜ ਟਰੀਟਮੈਂਟ ਪਲਾਂਟ ਤਲਵੰਡੀ ਭਾਈ ਅਤੇ ਜ਼ੀਰਾ ਵਿਖੇ ਕ੍ਰਮਵਾਰ 4 ਅਤੇ 8 ਐਮ.ਐਲ.ਡੀ. ਦੀ ਸਮਰੱਥਾ ਵਾਲੇ ਸੋਧੇ (ਟ੍ਰੀਟਿਡ) ਪਾਣੀ ਆਧਾਰਤ ਸਿੰਜਾਈ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਕੁੱਲ 4.45 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਦੋਵੇਂ ਪ੍ਰਾਜੈਕਟਾਂ ਨਾਲ ਪੰਜ ਪਿੰਡਾਂ ਦੇ 360 ਕਿਸਾਨ ਪਰਿਵਾਰ ਦੀ 556 ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਲਾਭ ਮਿਲੇਗਾ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਸੂਬੇ ਦੇ ਕਿਸਾਨ ਭਾਈਚਾਰੇ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਕਿਸਾਨਾਂ ਦੇ ਖੇਤਾਂ ਵਿੱਚ ਸਿੰਜਾਈ ਲਈ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਤਰਜੀਹੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਆਧਾਰਤ ਖਾਲਾਂ ਨੂੰ ਬਹਾਲ ਕਰਨ ਦੀ ਮੁਹਿੰਮ ਤਹਿਤ ਲਗਭਗ 14000 ਤੋਂ ਵੱਧ ਖਾਲ ਬਹਾਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਪਿਛਲੇ 2 ਸਾਲਾਂ ਵਿੱਚ ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਘਟਾਉਣ ਲਈ ਨਹਿਰੀ ਪਾਣੀ ਆਧਾਰਤ ਸਿੰਜਾਈ ਸਹੂਲਤਾਂ ਨੂੰ ਉਤਸ਼ਾਹਤ ਕਰਨ ਨੂੰ ਵੱਡਾ ਬੱਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿੰਜਾਈ ਲਈ ਸੋਧੇ ਪਾਣੀ ਦੀ ਵਰਤੋਂ ਵੀ, ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਂਗ ਇੱਕ ਅਹਿਮ ਕਦਮ ਹੈ ਕਿਉਂਕਿ ਇਹ ਪਾਣੀ ਪਹਿਲਾਂ ਡਰੇਨਾਂ ਵਿੱਚ ਜਾਂਦਾ ਸੀ, ਜਦਕਿ ਹੁਣ ਖੇਤੀਬਾੜੀ ਵਿੱਚ ਵਰਤਿਆ ਜਾ ਸਕੇਗਾ।

ਰਾਜ ਦੇ ਸੋਧੇ (ਟ੍ਰੀਟਿਡ) ਵਾਟਰ ਪ੍ਰੋਗਰਾਮ ’ਤੇ ਜ਼ੋਰ ਦਿੰਦੇ ਹੋਏ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਹੁਣ ਤੱਕ ਰਾਜ ਵਿੱਚ 60 ਐਸ.ਟੀ.ਪੀਜ਼ ਤੋਂ 340 ਐਮ.ਐਲ.ਡੀ ਸੋਧੇ ਪਾਣੀ ਦੀ ਵਰਤੋਂ ਕਰਕੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ, ਜਿਸ ਨਾਲ ਲਗਭਗ 11000 ਹੈਕਟੇਅਰ ਖੇਤੀਬਾੜੀ ਰਕਬੇ ਨੂੰ ਫਾਇਦਾ ਹੋ ਰਿਹਾ ਹੈ ਅਤੇ ਅਗਲੇ ਫਸਲੀ ਸੀਜ਼ਨ ਤੱਕ ਸੋਧੇ ਪਾਣੀ ਦੀ ਵਰਤੋਂ 600 ਐਮ.ਐਲ.ਡੀ ਤੱਕ ਵਧਾ ਦਿੱਤੀ ਜਾਵੇਗੀ ਜਿਸ ਨਾਲ 25000 ਹੈਕਟੇਅਰ ਤੋਂ ਵੱਧ ਖੇਤੀਯੋਗ ਜ਼ਮੀਨ ਨੂੰ ਲਾਭ ਹੋਵੇਗਾ।

ਉਨਾਂ ਕਿਹਾ ਕਿ ਖੇਤੀਬਾੜੀ ਲਈ ਸੰਗਠਿਤ ਤਰੀਕੇ ਨਾਲ ਟ੍ਰੀਟਿਡ ਪਾਣੀ ਦੀ ਵਰਤੋਂ ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਅਤੇ ਹੁਣ ਹੋਰ ਸੂਬੇ ਵੀ ਅਜਿਹੇ ਪ੍ਰੋਗਰਾਮ ਲਾਗੂ ਕਰਨਾ ਸ਼ੁਰੂ ਕਰ ਰਹੇ ਹਨ।

ਇਨ੍ਹਾਂ ਪ੍ਰਾਜੈਕਟਾਂ ਦੇ ਲਾਭਪਾਤਰੀ ਕਿਸਾਨ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਪਾਣੀ ਦੀ ਹਰ ਬੂੰਦ ਨੂੰ ਸਮਝਦਾਰੀ ਨਾਲ ਵਰਤਣ ਅਤੇ ਸਿੰਜਾਈ ਦੀਆਂ ਬਿਹਤਰ ਤਕਨੀਕਾਂ ਅਪਣਾਉਣ ਦਾ ਸੱਦਾ ਦਿੱਤਾ ਕਿਉਂਕਿ ਖੇਤੀਬਾੜੀ, ਜਲ ਸਰੋਤਾਂ ਦਾ ਮੁੱਖ ਖਪਤਕਾਰ ਹੈ।

ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਸਰਕਾਰ ਪਾਣੀ ਦੀ ਸੰਭਾਲ ਲਈ ਵਚਨਬੱਧ ਹੈ ਅਤੇ ਹਾਲ ਹੀ ਵਿੱਚ ਸੂਬੇ ਦੇ ਇੱਕ ਵੱਡੇ ਉਦਯੋਗ ਨਾਲ ਸਮਝੌਤਾ ਕੀਤਾ ਹੈ, ਜੋ ਕਿਸੇ ਨਿੱਜੀ ਅਦਾਰੇ ਨਾਲ ਅਜਿਹਾ ਪਹਿਲਾ ਸਮਝੌਤਾ ਹੈ, ਜਿਸ ਤਹਿਤ ਨਿਜੀ ਅਦਾਰਾ ਰਾਜ ਦੇ ਪਾਣੀ ਦੀ ਸੰਭਾਲ ਦੇ ਖੇਤਰ ਵਿੱਚ ਯੋਗਦਾਨ ਅਤੇ ਨਿਵੇਸ਼ ਕਰੇਗਾ।

ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਲਵੰਡੀ ਭਾਈ ਵਿਖੇ 4.5 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਜਦਕਿ ਜ਼ੀਰਾ ਵਿਖੇ 10.3 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਵਿਛਾਈ ਗਈ ਹੈ, ਜੋ ਕ੍ਰਮਵਾਰ 1.41 ਕਰੋੜ ਰੁਪਏ ਅਤੇ 3.04 ਕਰੋੜ ਰੁਪਏ ਦੀ ਲਾਗਤ ਨਾਲ ਨੇਪਰੇ ਚਾੜ੍ਹੀ ਗਈ ਹੈ। ਪ੍ਰਾਜੈਕਟਾਂ ਨਾਲ 556 ਹੈਕਟੇਅਰ ਖੇਤੀਬਾੜੀ ਜ਼ਮੀਨ ਅਤੇ ਪੰਜ ਪਿੰਡਾਂ ਹਰਾਜ, ਤਲਵੰਡੀ ਭਾਈ, ਨਿਊ ਜ਼ੀਰਾ, ਗਾਦੜੀ ਵਾਲਾ ਅਤੇ ਬੋਤੀਆਂ ਵਾਲਾ, ਜਿਸ ਵਿੱਚ ਕਿਸਾਨ ਭਾਈਚਾਰੇ ਦੇ 360 ਕਿਸਾਨ ਪਰਿਵਾਰ ਸ਼ਾਮਲ ਹਨ, ਨੂੰ ਲਾਭ ਹੋਵੇਗਾ।

ਸ. ਮਹਿੰਦਰ ਸਿੰਘ ਸੈਣੀ, ਮੁੱਖ ਭੂਮੀ ਪਾਲ ਪੰਜਾਬ ਨੇ ਇਸ ਮੌਕੇ ਦੱਸਿਆ ਕਿ ਸੋਧੇ ਵਾਟਰ ਯੂਜ਼ ਪ੍ਰਾਜੈਕਟ ਵਿਭਾਗ ਦਾ ਫਲੈਗਸ਼ਿਪ ਪ੍ਰੋਗਰਾਮ ਹੈ। ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਵਿਭਾਗ ਨੇ ਹੁਣ ਅਮਰੂਤ-2 ਪ੍ਰੋਗਰਾਮ ਤਹਿਤ 87 ਐਸ.ਟੀ.ਪੀਜ਼ ਤੋਂ ਟ੍ਰੀਟ ਕੀਤੇ ਪਾਣੀ ਦੀ ਵਰਤੋਂ ਦਾ ਡੀ.ਪੀ.ਆਰ ਤਿਆਰ ਕੀਤਾ ਹੈ, ਜੋ ਆਉਣ ਵਾਲੇ ਮਹੀਨਿਆਂ ਦੌਰਾਨ ਸ਼ੁਰੂ ਕੀਤਾ ਜਾਵੇਗਾ। ਵਰਣਨਯੋਗ ਹੈ ਕਿ ਵਿਭਾਗ ਨੇ ਐਸ.ਟੀ.ਪੀ. ਫਗਵਾੜਾ ਤੋਂ ਖੇਤੀਬਾੜੀ ਵਿੱਚ ਟਰੀਟ ਕੀਤੇ ਪਾਣੀ ਦੀ ਵਰਤੋਂ ਲਈ ਨੈਸ਼ਨਲ ਵਾਟਰ ਮਿਸ਼ਨ ਐਵਾਰਡ ਵੀ ਜਿੱਤਿਆ ਹੈ।

ਉਨ੍ਹਾਂ ਕਿਸਾਨਾਂ ਨੂੰ ਟਰੀਟ ਕੀਤੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ ਕਿਉਂਕਿ ਇਸ ਨਾਲ ਕਿਸਾਨਾਂ ਦੀ ਲਾਗਤ ਘੱਟ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਪਾਣੀ ਖਣਿਜ ਪਦਾਰਥਾਂ ਨਾਲ ਭਰਪੂਰ ਹੁੰਦਾ ਹੈ ਜਿਸ ਨਾਲ ਖਾਦ ਦੀ ਵਰਤੋਂ ਘਟਦੀ ਹੈ ਅਤੇ ਨਾਲ ਹੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਵੀ ਵਾਧਾ ਹੁੰਦਾ ਹੈ।

ਇਸ ਮੌਕੇ ਹਾਜ਼ਰ ਲਾਭਪਾਤਰੀ ਪਿੰਡਾਂ ਦੇ ਕਿਸਾਨ ਭਾਈਚਾਰੇ ਨੇ ਇਸ ਪ੍ਰਾਜੈਕਟ ਨੂੰ ਖੇਤਰ ਵਿੱਚ ਲਿਆਉਣ ਲਈ ਸੂਬਾ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ੍ਰੀ ਰਜਨੀਸ਼ ਦਹੀਯਾ, ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ. ਚੰਦ ਸਿੰਘ ਗਿੱਲ ਅਤੇ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਦੁਧਾਰੂ ਪਸ਼ੂ ਮਰਨ ਦਾ ਮਾਮਲਾ: ਵਿਭਾਗ ਦੀਆਂ ਟੀਮਾਂ ਵੱਲੋਂ ਪੰਜ ਪਿੰਡਾਂ ਦਾ ਦੌਰਾ; ਪਸ਼ੂਆਂ ਦੇ ਨਮੂਨੇ ਲਏ; ਮੁੱਢਲੀ ਜਾਂਚ ਵਿੱਚ ਮੌਤ ਦਾ ਕਾਰਨ ਠੰਢ ਦੱਸਿਆ

**ਮਾਨਸਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਰ ਵਿੱਚ ਦੁਧਾਰੂ ਪਸ਼ੂ ਮਰਨ ਦਾ ਮਾਮਲਾ ਚੰਡੀਗੜ੍ਹ ਤੱਕ ਪੁੱਜ ਗਿਆ ਹੈ। ਜਾਣਕਾਰੀ ਅਨੁਸਾਰ ਅੱਜ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਜੀ.ਐਸ ਬੇਦੀ ਦੀ ਅਗਵਾਈ ਵਿੱਚ ਵਿਭਾਗ ਟੀਮ ਵੱਲੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ।

ਡਾ. ਰਵੀ ਕਾਂਤ, ਡਾ. ਨਿਰਮਜੀਤ ਵੀਕਾ, ਡਾ. ਪਰਵਿੰਦਰ ਕੌਰ ਦੀ ਅਗਵਾਈ ਹੇਠ ਐਨਆਰਡੀਡੀਐਲ ਜਲੰਧਰ ਅਤੇ ਗਡਵਾਸੂ ਲੁਧਿਆਣਾ ਦੀਆਂ ਟੀਮਾਂ ਨੇ ਪਿੰਡ ਖਿਆਲਾ ਕਲਾਂ, ਮਲਕਪੁਰ ਖਿਆਲਾ, ਖਿਆਲਾ ਖੁਰਦ, ਰੱਲਾ ਅਤੇ ਬੁਰਜ ਹਰੀ ਦਾ ਦੌਰਾ ਕੀਤਾ।


ਖਿਆਲਾ ਕਲਾਂ ਵਿੱਚ ਪਸ਼ੂ ਪਾਲਕਾਂ ਨਾਲ ਗੱਲਬਾਤ ਕਰਦੇ ਹੋਏ ਵਿਭਾਗ ਦੇ ਅਧਿਕਾਰੀ।

ਪਿੰਡ ਖਿਆਲਾ ਮਲਕਪੁਰ ਦੇ ਅਮਰੀਕ ਸਿੰਘ, ਗੁਰਦੀਪ ਸਿੰਘ, ਬਲਕਾਰ ਸਿੰਘ ਤੇ ਸਿਮਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਿੰਡਾਂ ਦੇ ਸੈਂਕੜੇ ਪਸ਼ੂਆਂ ਦੀ ਮੌਤ ਦਾ ਕਾਰਨ ਸਮੇਂ ਸਿਰ ਵੈਕਸੀਨ ਨਾ ਲੱਗਣਾ ਅਤੇ ਸਮੇਂ ਸਿਰ ਸਹੀ ਇਲਾਜ ਨਾ ਹੋਣਾ ਹੈ। ਪਿੰਡਾਂ ਦੇ ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਗਾਤਾਰ ਹੋਈਆਂ ਮੌਤਾਂ ਦੀ ਪੜਤਾਲ ਲਈ ਪੁੱਜੀਆਂ ਟੀਮਾਂ ਨੇ ਮੌਤ ਦੇ ਕਾਰਨ ਜਾਣਨ ਲਈ ਮ੍ਰਿਤਕ ਪਸ਼ੂਆਂ ਦੇ ਨਮੂਨੇ ਵੀ ਲਏ। ਵਿਭਾਗ ਦੇ ਡਾਇਰੈਕਟਰ ਡਾ. ਬੇਦੀ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਦੱਸੇ ਲੱਛਣਾਂ ਮੁਤਾਬਿਕ ਪਸ਼ੂਆਂ ਦੀ ਮੌਤ ਦਾ ਵੱਡਾ ਕਾਰਨ ਲੰਬਾਂ ਸਮਾਂ ਪਈ ਠੰਢ ਅਤੇ ਧੁੱਪ ਨਾ ਨਿਕਲਣਾ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੇ ਨਮੂਨਿਆਂ ਦੀ ਰਿਪੋਰਟ ਦੱਸਦੀ ਹੈ ਕਿ ਪਸ਼ੂਆਂ ਦੇ ਸਰੀਰ ਵਿੱਚ ਨਾਈਟ੍ਰੇਟ ਦੀ ਜ਼ਿਆਦਾ ਮਾਤਰਾ ਦੇ ਅੰਸ਼ ਵੀ ਮੌਤ ਦਾ ਕਾਰਨ ਬਣ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਨਾਈਟ੍ਰੇਟ ਦੀ ਮਾਤਰਾ ਪਸ਼ੂਆਂ ਦੇ ਹਰੇ-ਚਾਰੇ ਵਿੱਚ ਯੂਰੀਆ ਖਾਦ ਦੀ ਜ਼ਿਆਦਾ ਵਰਤੋਂ ਕਰਕੇ ਵਧ ਜਾਂਦੀ ਹੈ। ਉਨ੍ਹਾਂ ਹੋਰਨਾਂ ਪਸ਼ੂਆਂ ਦੇ ਬਚਾਅ ਲਈ ਸਲਾਹ ਦਿੰਦਿਆਂ ਕਿਹਾ ਕਿ ਬਿਮਾਰ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਦੂਰ ਰੱਖਿਆ ਜਾਵੇ ਅਤੇ ਪਸ਼ੂਆਂ ਹੇਠ ਪਰਾਲੀ ਵਿਛਾਕੇ ਨਿੱਘ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਪਸ਼ੂਆਂ ਦੀ ਖਰੀਦ ਵੇਚ ਅਤੇ ਦੋਧੀਆਂ ਸਮੇਤ ਹਰ ਬਾਹਰਲੇ ਬੰਦੇ ਦਾ ਦਾਖ਼ਲਾ ਬੰਦ ਕੀਤਾ ਜਾਵੇ। ਉਨ੍ਹਾਂ ਪਸ਼ੂਆਂ ਦੀ ਸਿਹਤਯਾਬੀ ਲਈ ਜ਼ਿਲ੍ਹਾ ਹੈਡਕੁਆਰਟਰ ’ਤੇ ਦਵਾਈਆਂ ਖਰੀਦਣ ਦੇ ਹੁਕਮ ਦੇ ਦਿੱਤੇ ਹਨ ਤੇ ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਈ ਵੀ ਦਵਾਈ ਬਾਜ਼ਾਰੋਂ ਨਾ ਖਰੀਦਣ ਤੇ ਸਰਕਾਰੀ ਹਸਪਤਾਲਾਂ ਤੋਂ ਮੁਫ਼ਤ ਲੈਣ।



# ਡੂੰਘੀਆਂ ਖੱਡਾਂ ਤੇ ਉੱਚੇ ਟਿੱਲਿਆਂ ’ਤੇ ਵਸਿਆ ਸੰਤੋਰਿਨੀ ਦੀਪ

ਸੰਤੋਰਿਨੀ ਕੁਦਰਤ ਦੀ ਖ਼ੂਬਸੂਰਤੀ ’ਚ ਸਮੇਟਿਆ ਹੋਇਆ ਇਕ ਦੀਪ ਹੈ। ਇਥੇ ਚਾਰੇ ਪਾਸੇ ਡੂੰਘੀਆਂ ਖੱਡਾਂ ਤੇ ਟਿੱਲੇ ਹਨ। ਇਸ ਦੀ ਉਚਾਈ 200 ਤੋਂ 400 ਮੀਟਰ ਤਕ ਹੈ। ਲਾਵੇ ਨਾਲ ਬਣੇ ਟਿੱਲੇ ਦੇ ਸ਼ਿਖ਼ਰ ਨੇ ਜਿੱਥੇ ਲਾਵੇ ਦਾ ਧੂਸਰ ਰੰਗ ਲਿਆ ਹੈ, ਉੱਥੇ ਫਿਰਾ ਤੇ ਓਈਆ ਜਿਹੇ ਦੀਪ ਪੂਰੀ ਤਰ੍ਹਾਂ ਆਕਰਸ਼ਕ ਹਨ। ਪੂਰਾ ਸੰਤੋਰਿਨੀ ਹੀ ਲੁਭਾਉਣੇ ਦ੍ਰਿਸ਼ਾਂ ਤੇ ਪੁਰਾਤਨ ਸਥਾਨਾਂ ਨਾਲ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇਸ ਨੂੰ ਰੋਮਾਂਟਿਕ ਸਥਾਨ ਨਾਲ ਜਾਣਿਆ ਜਾਂਦਾ ਹੈ। ਹਨੀਮੂਨ ਲਈ ਨਵ-ਵਿਆਹੇ ਜੋੜੇ ਤੇ ਮਸ਼ਹੂਰ ਹਸਤੀਆਂ ਇਥੇ ਆਉਂਦੀਆਂ ਹੀ ਰਹਿੰਦੀਆਂ ਹਨ। ਗ੍ਰੀਸ ਤੋਂ ਕਰੀਬ 200 ਕਿਲੋਮੀਟਰ ਦੂਰ ਏਸ਼ੀਅਨ ਸਾਗਰ ਦੇ ਦੱਖਣ ’ਚ ਸਥਿਤ ਇਹ ਦੀਪ ਤੁਹਾਨੂੰ ਉਦੋਂ ਹੋਰ ਆਕਰਸ਼ਿਤ ਕਰਦਾ ਹੈ, ਜਦੋਂ ਤੁਸੀਂ ਉੱਥੇ ਸਮੁੰਦਰ ਦੇ ਰਸਤੇ ਰਾਹੀ ਪਹੁੰਚਦੇ ਹੋ, ਕਿਉਂਕਿ ਉੱਥੇ ਤੁਸੀ ਜਵਾਲਾਮੁਖੀ ਨਾਲ ਬਣੇ ਖੱਡੇ, ਜਿਸ ’ਚ ਸਮੁੰਦਰ ਦਾ ਪਾਣੀ ਭਰ ਗਿਆ ਹੈ,ਉਸ ’ਚੋਂ ਲੰਘੋਗੇ।

### ਫਿਰਾ

ਨੀਲੇ ਡੋਮ ਵਾਲੇ ਗਿਰਜਾਘਰਾਂ ਦਾ ਸ਼ਹਿਰ ਸੰਤੋਰਿਨੀ ਦੀ ਰਾਜਧਾਨੀ ਫਿਰਾ ਸੰਘਣੇ ਸਫ਼ੈਦ ਘਰਾਂ ’ਤੇ ਛੱਤਾਂ, ਛੋਟੇ ਚੌਰਾਹੇ ਅਤੇ ਖੱਡਾਂ ਦੇ ਮੁਹਾਣ ’ਤੇ ਬਣੇ ਨੀਲੇ ਡੋਮ ਵਾਲੇ ਗਿਰਜਾਘਰਾਂ ਨਾਲ ਬਣਿਆ ਸ਼ਹਿਰ ਹੈ। ਇਹ ਕੇਲਡੇਰਾ ਤੋਂ 300 ਮੀਟਰ ਉਚਾਈ ’ਤੇ ਹੈ। ਕੇਲਡੇਰਾ ਸਕਾਲਾ ਬੰਦਰਗਾਹ ਨਾਲ ਲੱਗਿਆ ਹੈ। ਫਿਰਾ ਤਕ ਪਹੁੰਚਣ ਲਈ ਜਾਂ ਤਾਂ ਤਹਾਨੂੰ ਪੈਦਲ 587 ਪੌੜੀਆਂ ਚੜ੍ਹਨਾ ਪਵੇਗਾ ਜਾਂ ਫਿਰ ਕੇਵਲ ਕਾਰ ’ਤੇ ਜਾਣਾ ਹੋਵੇਗਾ। ਕੇਵਲ ਕਾਰ ਤੁਹਾਨੂੰ ਐਥੀਨਿਓਸ ਛੱਡੇਗੀ, ਜਿੱਥੋਂ ਸੜਕ ਮਾਰਗ ਤੋਂ ਫਿਰਾ ਦੀ ਦੂਰੀ 17 ਕਿਲੋਮੀਟਰ ਹੈ। ਉੱਥੋਂ ਹੀ ਜਹਾਜ਼ ਤੁਹਾਨੂੰ ਕੇਲਡੇਰਾ ਛੱਡੇਗਾ। ਇਥੋਂ ਹੀ ਯਾਤਰੀਆਂ ਨੂੰ ਸਕਾਲਾ ਲਿਜਾਇਆ ਜਾਂਦਾ ਹੈ। ਇਹ ਹੁਣ ਮੁੱਖ ਸੈਰ-ਸਪਾਟਾ ਸਥਾਨ ਹੀ ਹੈ, ਜਿੱਥੇ ਭਵਨਾਂ ਨੂੰ ਹੋਟਲ, ਰੈਸਟੋਰੈਂਟਾਂ, ਕੈਫੇ, ਦੁਕਾਨਾਂ ’ਚ ਬਦਲ ਦਿੱਤਾ ਗਿਆ ਹੈ।

### ਓਈਆ

ਸੰਤੋਰਿਨੀ ਦੇ ਉੱਤਰੀ ਮੁਹਾਣੇ ’ਤੇ ਫਿਰੇ ਦੀ ਬੰਦਰਗਾਹ ਤੋਂ 12 ਕਿ.ਮੀ. ਉਪਰ ਓਈਆ ਸਫ਼ੈਦ ਘਰਾਂ ਵਾਲਾ ਇਕ ਬਹੁਤ ਹੀ ਖ਼ੂਬਸੂਰਤ ਪਿੰਡ ਹੈ। ਇਥੇ ਘਰਾਂ ਨੂੰ ਹੁਣ ਪੂਲ ਵਾਲੇ ਹੋਟਲਾਂ ’ਚ ਬਦਲ ਦਿੱਤਾ ਗਿਆ ਹੈ। ਇੱਥੋਂ ਕਾਲਡੇਰਾ ਦਿਖਾਈ ਦਿੰਦਾ ਹੈ। ਇਹ ਵੀ ਸੈਲਾਨੀਆਂ ਦੀ ਜਗ੍ਹਾ ਹੀ ਹੈ, ਪਰ ਇਥੇ ਅਮੀਰ ਸੈਲਾਨੀ ਹੀ ਆਉਂਦੇ ਹਨ। ਅਮਾਉਦੀ ਖਾੜੀ ਦੇ ਤਿੱਖੇ ਮੋੜਾਂ ਤੇ ਘੁੰਮਣਘੇਰੀ ਵਾਲੇ ਰਸਤਿਆਂ ਨੂੰ ਹੋ ਕੇ ਇਥੇ ਪਹੁੰਚਿਆ ਜਾਂਦਾ ਹੈ। ਇੱਥੋਂ ਦੇ ਸੂਰਜ ਛਿਪਣ ਦਾ ਨਜ਼ਾਰਾ ਪੂਰੇ ਦੀਪ ਦੇ ਸੈਲਾਨੀਆਂ ਨੂੰ ਹਰ ਸ਼ਾਮ ਇਥੇ ਖਿੱਚ ਲਿਆਉਂਦਾ ਹੈ। ਕਾਲਡੇਰਾ ਤੋਂ ਟਿੱਲੇ ’ਤੇ ਬਣੇ ਫੁੱਟਪਾਥ ’ਤੇ ਚੱਲ ਕੇ ਵੀ ਤੁਸੀ ਓਈਆ ਪਹੁੰਚ ਸਕਦੇ ਹੋ। ਇਸ ’ਚ ਤਕਰੀਬਨ ਤਿੰਨ ਘੰਟੇ ਲੱਗਦੇ ਹਨ।

### ਕਾਲਡੇਰਾ

ਕਰੀਬ 3600 ਸਾਲ ਪਹਿਲਾਂ ਜਵਾਲਾਮੁਖੀ ਵਿਸਫੋਟ ਨਾਲ ਬਣੇ ਕਰੇਟਰ ’ਚ ਸਮੁੰਦਰੀ ਪਾਣੀ ਭਰਨ ਨਾਲ ਇਹ ਸਥਾਨ ਬਣਿਆ ਹੈ। ਇਸ ਦੇ ਮੱਧ ’ਚ ਦੋ ਦੀਪ ਹਨ, ਜਿੱਥੇ ਗਰਮ ਪਾਣੀ ਤੇ ਗੈਸ ਨਿਕਲਦੀ ਹੈ। ਕਈ ਏਜੰਸੀਆਂ ਕਿਸ਼ਤੀਆਂ ਨਾਲ ਕਾਲਡੇਰਾ ਦਾ ਇਕ ਦਿਨ ਦਾ ਟੂਰ ਕਰਵਾਉਂਦੀਆਂ ਹਨ। ਇਥੋਂ ਸੰਤੋਰਿਨੀ ਦਾ ਦ੍ਰਿਸ਼ ਦਿਲਚਸਪ ਹੁੰਦਾ ਹੈ।

### ਸੰਤੋਰਿਨੀ ’ਚ ਕਿੱਥੇ ਠਹਿਰੋ

ਜੇ ਤੁਸੀਂ ਇਥੋਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਦੇਖਣ ਆਏ ਹੋ ਤਾਂ ਕਾਲਡੇਰਾ ਅਤੇ ਏਜੀਅਨ ਸਮੁੰਦਰ ’ਤੇ ਹੈ ਤਾਂ ਤੁਹਾਨੂੰ ਓਈਆ ਜਾਂ ਫਿਰਾ ’ਚ ਠਹਿਰਨਾ ਚਾਹੀਦਾ। ਇਹ ਸ਼ਹਿਰ ਟਿੱਲਿਆਂ ਦੇ ਸ਼ਿਖ਼ਰ ’ਤੇ ਹੈ, ਜੋ ਸਮੁੰਦਰ ਦੇ ਉੱਪਰ ਹੈ, ਇਥੋਂ ਸੁੰਦਰ ਦ੍ਰਿਸ਼, ਛੋਟੀਆਂ ਸੜਕਾਂ, ਪਹਾੜੀ ਖੇਤ ਦਿਖਾਈ ਦਿੰਦੇ ਹਨ।
- ਦਿ ਨਿਊ ਫਿਲੂਟੋਰਾ- ਓਈਆ
- ਸੇਲੇਸਟੀਆ ਗਰੈਂਡ ਇਨ ਫਿਰਾ
- ਕੋਸਟਾ ਮੇਰਿਨਾ ਵਿਲਾ-ਫਿਰਾ
- ਗਰੈਂਡ ਵਿਊ ਹੋਟਲ ਮੇਗਾਲੋਚੋਰੀ, ਫਿਰਾ
- ਸਸਤੇ ਹੋਟਲ
- ਐਨੀਮੋਮੀਅਲ ਹੋਟਲ- ਓਈਆ
- ਹੋਟਲ ਕਾਵਾਲਾਰੀ - ਫਿਰਾ
- ਪੈਂਸੀਓਨ ਜਹਾਰੋਓਲਾ - ਫਿਰਾ



### ਅਕਰੋਟਿਰੀ ਪੂਰਾ ਤੇ ਲਾਲ ਬੀਚ

ਅੱਜ ਦੇ ਅਕਰੋਟਿਰੀ ਪਿੰਡ ਦੇ ਕੋਲ, ਜੋ ਫਿਰਾ ਤੋਂ 12 ਕਿ. ਮੀ ਦੂਰ ਇਕ ਸਥਾਨ ਹੈ, ਜੋ ਲਾਵਾ ’ਚ ਸਮਾ ਗਿਆ। ਇਹ ਈਸਾ ਪੂਰਵ 26ਵੀ ਸਦੀ ਦੀ ਗੱਲ ਹੈ। ਇਸ ਤੋਂ ਕਾਲਡੇਰਾ ਬਣਿਆ। ਖੋਜਾਰਥੀਆਂ ਤੋਂ ਪਤਾ ਚੱਲਦਾ ਹੈ ਕਿ ਸੰਤੋਰਿਨੀ ਵਿਸਫੋਟ ਤੋਂ ਪਹਿਲਾਂ ਜਹਾਜ਼ਾਂ ਅਤੇ ਵਪਾਰ ਕਾਰਨ ਕਾਫੀ ਖ਼ੁਸ਼ਹਾਲ ਦੀਪ ਸੀ।

ਉੱਤਰੀ ਅਫ਼ਰੀਕਾ ਨੂੰ ਉਸ ਦੇ ਕੰਧ ਚਿੱਤਰਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ’ਚੋਂ ਹੁਣ ਕਈ ਏਥੈਂਸ ਦੇ ਮਿਊਜ਼ੀਅਮ ’ਚ ਹਨ। ਇਨ੍ਹਾਂ ਹੀ ਕੰਧ ਚਿੱਤਰਾਂ ਨਾਲ ਇੱਥੋਂ ਦੇ ਘਰ ਸਜੇ ਹੋਏ ਸੀ। ਕਈ ਸਾਲਾਂ ਤਕ ਬੰਦ ਰਹਿਣ ਤੋਂ ਬਾਅਦ 2012 ’ਚ ਅਕਰੋਟਿਰੀ ਦੇ ਲੋਕਾਂ ਲਈ ਫਿਰ ਤੋਂ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਕੋਲ ਹੀ ਲਾਲ ਬੀਚ ਹੈ, ਜੋ ਰੇਡਫਿਲਕ ਦੀਵਾਰ ਦੇ ਥੱਲੇ ਹੈ। ਅਕਰੋਟਿਰੀ ਤੋਂ ਇਸ ਨੂੰ ਦੇਖਿਆ ਜਾ ਸਕਦਾ ਹੈ।

### ਪ੍ਰਾਚੀਨ ਥਿਰਾ

ਦੱਖਣੀ-ਪੂਰਬੀ ਤੱਟ ’ਤੇ ਪ੍ਰਾਚੀਨ ਥਿਰਾ ਹੈ, ਜੋ ਈਸਾ ਪੂਰਵ ਨਵੀ ਸਦੀ ਦਾ ਹੈ। ਇਥੇ ਤੁਸੀ ਯੂਨਾਨਕਾਲੀਨ ਮੰਦਿਰਾਂ ਤੇ ਹੋਰ ਅਕ੍ਰਿਤੀਆਂ ਨੂੰ ਦੇਖ ਸਕਦੇ ਹੋ। ਇਸ ਦੇ ਨਾਲ ਹੀ ਰੋਮਨ ਤੇ ਪ੍ਰਾਚੀਨ ਯੂਨਾਨੀ ਸਾਮਰਾਜ ਭਵਨਾਂ ਦੀ ਨੀਂਹ ਵੀ ਦਿਖਾਈ ਦਿੰਦੀ ਹੈ। ਫਿਰਾ ਦੇ ਮਿਊਜ਼ੀਅਮ ’ਚ ਇਸ ਨੂੰ ਰੱਖਿਆ ਗਿਆ ਹੈ।

### ਪੁਰਾਤਤਵ ਅਜਾਇਬਘਰ ਫਿਰਾ

ਫਿਰਾ ਦੀ ਕੇਬਲ ਕਾਰ ਦੇ ਉਪਰੀ ਸਟੇਸ਼ਨ ਕੋਲ ਛੋਟਾ ਜਿਹਾ ਪੁਰਾਤਤਵ ਅਜਾਇਬਘਰ ਹੈ, ਜਿਸ ’ਚ ਥਿਰਾ ’ਚ ਮਿਲੀਆਂ ਪੁਰਾਤਨ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ’ਚ ਦਿਹਾਤੀ, ਯੂਨਾਨਕਾਲੀਨ, ਰੋਮਨ ਤੇ ਯੂਨਾਨੀ ਸਾਮਰਾਜ ਕਾਲ ਦੀਆਂ ਵਸਤਾਂ ਸ਼ਾਮਿਲ ਹਨ।

### ਪੂਰਵ ਇਤਿਹਾਸਕ ਅਜਾਇਬਘਰ ਫਿਰਾ

ਇਥੇ ਅਕਰੋਟਿਰੀ ਪੁਰਾਤਨ ਸਥਾਨਾਂ ਤੋਂ ਮਿਲੀਆਂ ਵਸਤਾਂ ਹਨ। ਕਈ ਲੋਕਾਂ ਲਈ ਬਲੂ ਮੰਕੀ, ਕੰਧ ਚਿੱਤਰ ਹਨ। ਹੋਰ ਆਰਟ ਵਰਕ ’ਚ ਸੰਗਮਰਮਰ ਦੀਆਂ ਵਸਤਾਂ, ਰੰਗੀਨ ਚੀਨੀ ਮਿੱਟੀ ਦੇ ਬਰਤਨ, ਉਪਕਰਨ ਤੇ ਹਥਿਆਰ ਹਨ। ਇਹ ਫਿਰਾ ਦੇ 150 ਦੇ ਮੈਟਰੋਪੋਲਿਸ ਚਰਚ ਦੇ ਕੋਲ ਹੈ।

### ਪਾਇਗੋਰਸ

ਫਿਰਾ ਤੋਂ ਪਹਿਲਾਂ 1800 ’ਚ ਸੰਤੋਰਿਨੀ ਦੀ ਰਾਜਧਾਨੀ ਪਾਇਗੋਰਸ ਸੀ। ਇਹ ਸਫ਼ੈਦ ਘਰਾਂ ਦਾ ਸ਼ਹਿਰ ਹੈ, ਜਿਸ ’ਚ ਮੱਧਕਾਲੀਨ ਪਹਾੜੀ ਦੁਰਗ ਦੇ ਖੰਡਰਾਂ ਨੂੰ ਬਣਾਇਆ ਗਿਆ ਹੈ। 2004 ਤੋਂ ਪਹਿਲਾਂ ਸੈਲਾਨੀ ਇਸ ਤੋਂ ਅਨਜਾਣ ਸਨ। ਇਸ ਤੋਂ ਬਾਅਦ ਜਦੋਂ ਇਥੇ ਛੋਟੇ ਹੋਟਲ ਅਤੇ ਰੈਸਟੋਰੈਂਟ ਖੁੱਲ੍ਹੇ ਤਾਂ ਸੈਲਾਨੀ ਪਹੁੰਚਣ ਲੱਗੇ। ਇਹ ਫਿਰਾ ਤੋਂ 8 ਕਿ. ਮੀ ਦੂਰ ਦੀਪ ਦੇ ਮੱਧ ’ਚ ਹੈ।

### ਇਲਿਆਸ ਮਠ

ਪਾਇਗਰੋਸ ਤੋਂ ਇਕ ਸੜਕ ਪ੍ਰੋਫਿਟਿਸ ਇਲਿਆਸ (584 ਮੀਟਰ) ਤਕ ਜਾਂਦੀ ਹੈ। ਇਹ ਸੰਤੋਰਿਨੀ ਦਾ ਹੀ ਉਚਿੱਤ ਸਥਾਨ ਹੈ। ਇਥੋਂ ਦੀਪ ਦਾ ਮਨਮੋਹਰਕ ਨਜ਼ਾਰਾ ਅਤੇ ਸਮੁੰਦਰੀ ਦ੍ਰਿਸ਼ ਦਿਖਾਈ ਦਿੰਦੇ ਹਨ। ਇਹ ਇਲਿਆਸ ਦਾ ਮੱਠ ਹੈ, ਜੋ ਲੋਕਾਂ ਲਈ ਖੁੱਲ੍ਹਿਆ ਹੈ। ਇਸ ਦੇ ਅੰਦਰ ਇਕ ਚਰਚ ਹੈ। ਇਥੇ ਕੁਲਪਿਤਾ ਗ੍ਰੇਗੋਰੀ ਪੰਚਿਮ ਦੀ ਮਾਈਟਰ (ਪਾਦਰੀ ਦੀ ਟੋਪੀ) ਅਤੇ ਅਧਿਕਾਰੀ ਦੰਡ ਰੱਖਿਆ ਹੈ। ਇਸ ਨੂੰ 1821 ’ਚ ਕਾਸਲਟੇਨਟਾਈਨੋਪੋਲ ’ਚ ਤੁਰਕੀਆਂ ਨੇ ਫਾਂਸੀ ਦੇ ਦਿੱਤੀ ਸੀ। ਤੁਰਕ ਕਾਲ ’ਚ ਇਥੇ ਇਕ ਗੁਪਤ ਸਕੂਲ ਵੀ ਚਲਾਇਆ ਜਾਂਦਾ ਸੀ।

### ਪੇਰੀਸਾ ਬੀਚ

ਸੰਤੋਰਿਨੀ ਦੇ ਦੱਖਣੀ ਪੂਰਬੀ ਤੱਟ ’ਤੇ ਲੋਕਪ੍ਰਿਯ ਬੀਚ ਹੈ। ਇਹ ਪੇਰਿਸਾ ਅਤੇ ਪੇਰੀਵੋਲੋਸ ਪਿੰਡਾਂ ਵਿਚਕਾਰ ਹੈ। ਇਸ ਦਾ ਤੱਟ ਛੇ ਕਿਲੋਮੀਟਰ ’ਚ ਫੈਲਿਆ ਹੋਇਆ ਹੈ। ਇਸ ’ਤੇ ਜਵਾਲਾਮੁਖੀ ਦੀ ਕਾਲੀ ਰੇਤ, ਸਮੁੰਦਰੀ ਭੋਜਨ, ਮਧੁਸ਼ਾਲਾ ਤੇ ਕੈਫੇ ਹੈ। ਇਸ ਤੋਂ ਫਿਰਾ 2 ਕਿਲੋਮੀਟਰ ਦੂਰ ਹੈ।

### ਕਿਵੇਂ ਕਰੋ ਯਾਤਰਾ

ਇਥੇ ਇਕੱਲੇ ਘੁੰਮਣ ਦੀ ਬਜਾਇ ਗਾਈਡ ਨਾਲ ਘੁੰਮਣਾ ਜ਼ਿਆਦਾ ਸੌਖਾ ਹੋਵੇਗਾ, ਕਿਉਂਕਿ ਉਹ ਇਥੋਂ ਦਾ ਇਤਿਹਾਸ ਵੀ ਦੱਸਦੇ ਜਾਂਦੇ ਹਨ। ਨਾਲ ਹੀ ਇਥੋਂ ਦੀ ਸੰਸਕ੍ਰਿਤੀ ਦੀ ਵੀ ਜਾਣਕਾਰੀ ਦਿੰਦੇ ਹਨ। ਇਥੇ ਟੂਰ ਪੈਕੇਜ ’ਚ ਹੋਟਲ ਤੋਂ ਲਿਆਉਣਾ-ਛੱਡਣਾ ਵੀ ਸ਼ਾਮਿਲ ਹੁੰਦਾ ਹੈ। ਇਸ ਨਾਲ ਤੁਹਾਡਾ ਪੈਸਾ ਤੇ ਸਮਾਂ ਵੀ ਬਚੇਗਾ।

### ਸੈਰ-ਸਪਾਟਾ ਥਾਵਾਂ ਨੂੰ ਦੇਖਣਾ

ਸੰਤੋਰਿਨੀ ਦੇ ਇਤਿਹਾਸ ਨੂੰ ਜਾਣਨਾ, ਸੁੰਦਰ ਪਿੰਡਾਂ ਦੀ ਸੈਰ, ਓਈਆ ਦਾ ਸੂਰਜ ਛਿਪਣ ਦਾ ਨਜ਼ਾਰਾ ਦੇਖਣਾ, ਪ੍ਰੰਪਰਿਕ ਪਿੰਡਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਅਕਰੋਟਿਰੀ, ਪਾਇਗਰੋਸ ਅਤੇ ਓਈਆ ਦਾ ਸੂਰਜ ਛਿਪਣਾ ਦੇਖਣ ਦੇ ਨਾਲ ਜੇ ਤੁਸੀ ਆਪਣੀ ਪਸੰਦ ਦੀ ਜਗ੍ਹਾ ਦੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਿੱਜੀ ਕਸਟਮ ਟੂਰ ਲੈਣਾ ਪਵੇਗਾ ਜੋ ਤੁਹਾਡੀ ਪਸੰਦ ਦਾ ਹੁੰਦਾ ਹੈ। ਇਹ ਤੁਹਾਡੀ ਪਸੰਦ ਦੇ ਸਥਾਨਾਂ ’ਤੇ ਆਪਣੇ ਹਿਸਾਬ ਨਾਲ ਤੁਹਾਡਾ ਸਮਾਂ ਬਿਤਾ ਸਕਦੇ ਹਨ। ਇਸ ’ਚ ਕਰੂਜ਼ਸ਼ਿਪ ’ਚ ਯਾਤਰਾ ਅਤੇ ਬੰਦਰਗਾਹ ਤੋਂ ਲੈਣਾ-ਛੱਡਣਾ ਵੀ ਸ਼ਾਮਿਲ ਹੈ।

---

# ਟ੍ਰੈਕਿੰਗ ਦਾ ਰੋਮਾਂਚ ਨਾਗ ਟਿੱਬਾ ਟਰੈਕ

ਨਾਗ ਟਿੱਬਾ ਤੋਂ ਗੜ੍ਹਵਾਲ ਖੇਤਰ ਦੀਆਂ ਬਰਫ਼ ਨਾਲ ਢਕੀਆਂ ਉੱਚੀਆਂ ਪਹਾੜੀਆਂ ਦਿਖਾਈ ਦਿੰਦੀਆਂ ਹਨ। ਇਥੇ ਪਹੁੰਚਣ ਲਈ ਦੇਵਲਸਾਰੀ ਤੇ ਪੰਤਵਾਰੀ ਪਿੰਡ ਤੋਂ ਦੋ ਮਾਰਗ ਜ਼ਿਆਦਾ ਪ੍ਰਚਲਿਤ ਹਨ...



ਨਾਗ ਟਿੱਬਾ ਉੱਤਰਾਖੰਡ ਦੇ ਟਿਹਰੀ ਗੜ੍ਹਵਾਲ ਜ਼ਿਲ੍ਹੇ ’ਚ ਸਥਿਤ ਇਕ ਚੋਟੀ ਦਾ ਨਾਂ ਹੈ। ਟਿੱਬਾ ਇਕ ਉੱਚੀ ਚੋਟੀ ਨੂੰ ਕਹਿੰਦੇ ਹਨ। ਨਾਗ ਟਿੱਬਾ ਤੋਂ ਕੁਝ ਪਹਿਲਾਂ ਨਾਗ ਦੇਵਤਾ ਦਾ ਇਕ ਮੰਦਿਰ ਹੈ, ਜਿਸ ਪ੍ਰਤੀ ਸਥਾਨਕ ਲੋਕਾਂ ਦੀ ਬਹੁਤ ਮਾਨਤਾ ਹੈ। ਲੋਕਾਂ ਦਾ ਮੰਨਣਾ ਹੈ ਕਿ ਨਾਗ ਦੇਵਤਾ ਉਨ੍ਹਾਂ ਦੇ ਪਸ਼ੂਆਂ ਦੀ ਰੱਖਿਆ ਕਰਦੇ ਹਨ। ਸਥਾਨਕ ਲੋਕ ਨਾਗ ਟਿੱਬਾ ਨੂੰ ਜੰਡੀ ਵੀ ਕਹਿੰਦੇ ਹਨ। ਨਾਗ ਟਿੱਬਾ ਤੋਂ ਸੂਰਜ ਚੜ੍ਹਨ ਤੇ ਸੂਰਜ ਛਿਪਣ ਦੇ ਸੁੰਦਰ ਨਜ਼ਾਰੇ ਦਿਸਦੇ ਹਨ। ਸਰਦੀਆਂ ’ਚ ਇਥੇ ਬਰਫ਼ ਵੀ ਪੈਂਦੀ ਹੈ। ਨਾਗ ਟਿੱਬਾ ਤੋਂ ਗੜ੍ਹਵਾਲ ਖੇਤਰ ਦੀਆਂ ਜ਼ਿਆਦਾਤਰ ਬਰਫ਼ ਨਾਲ ਢਕੀਆਂ ਉੱਚੀਆਂ ਪਹਾੜੀਆਂ ਦਿਖਾਈ ਦਿੰਦੀਆਂ ਹਨ। ਇਥੋਂ ਤਕ ਪਹੁੰਚਣ ਲਈ ਦੋ ਮਾਰਗ ਜ਼ਿਆਦਾ ਪ੍ਰਚਲਿਤ ਹਨ, ਇਕ ਦੇਵਲਸਾਰੀ ਪਿੰਡ ਤੇ ਦੂਸਰਾ ਪੰਤਵਾਰੀ ਪਿੰਡ ਤੋਂ। ਇਨ੍ਹਾਂ ਦੋਵਾਂ ਥਾਵਾਂ ਤੋਂ ਹੀ ਟ੍ਰੈਕਿੰਗ ਕਰਦਿਆਂ ਨਾਗ ਟਿੱਬਾ ਤਕ ਪਹੁੰਚਿਆ ਜਾ ਸਕਦਾ ਹੈ।

### ਦਿੱਲੀ ਤੋਂ ਪੰਤਵਾਰੀ ਪਿੰਡ:

ਸਵੇਰੇ-ਸਵੇਰੇ ਕੁਝ ਦੋਸਤਾਂ ਨਾਲ ਦਿੱਲੀ ਤੋਂ ਨਾਗ ਟਿੱਬਾ ਟਰੈਕਿੰਗ ਲਈ ਨਿਕਲ ਗਏ ਅਤੇ ਨਾਲ ਜ਼ਰੂਰੀ ਸਾਮਾਨ ਵੀ ਰੱਖ ਲਿਆ, ਜਿਵੇਂ ਟੈਂਟ, ਸਲੀਪਿੰਗ ਬੈਗ ਅਤੇ ਮੈਟ। ਵੈਸੇ ਇਹ ਸਾਰਾ ਸਾਮਾਨ ਪੰਤਵਾਰੀ ਪਿੰਡ ਤੋਂ ਕਿਰਾਏ ’ਤੇ ਵੀ ਮਿਲ ਜਾਂਦਾ ਹੈ, ਪਰ ਅਸੀ ਨਾਲ ਲਿਜਾਣਾ ਹੀ ਜ਼ਰੂਰੀ ਸਮਝਿਆ। ਅਸੀਂ ਦਿੱਲੀ ਕਰਨਾਲ ਰੋਡ ਤੋਂ ਹੁੰਦੇ ਹੋਏ ਇੰਦਰੀ-ਯਮੁਨਾਨਗਰ-ਪਾਉਂਟਾ ਸਾਹਿਬ ਗੁਰਦੁਆਰੇ ਹੁੰਦੇ ਹੋਏ ਵਿਕਾਸ ਨਗਰ ਪਹੁੰਚੇ। ਇਸੇ ਹੀ ਰੋਡ ’ਤੇ ਯਮੁਨਾ ਬ੍ਰਿਜ ਆਉਂਦਾ ਹੈ। ਇਥੋਂ ਹੀ ਥੋੜ੍ਹਾ ਅੱਗੇ ਇਕ ਰਸਤਾ ਮਨਸੂਰੀ ਲਈ ਨਿਕਲ ਜਾਂਦਾ ਹੈ। ਕੁਝ ਲੋਕ ਦਿੱਲੀ-ਮੇਰਠ-ਰੁੜਕੀ-ਦੇਹਰਾਦੂਨ-ਮਨਸੂਰੀ ਹੁੰਦੇ ਹੋਏ ਵੀ ਨਾਗ ਟਿੱਬਾ ਪਹੁੰਚਦੇ ਹਨ। ਯਮੁਨਾ ਪੁਲ ਤੋਂ ਕੁਝ ਦੂਰੀ ’ਤੇ ਨੈਨਬਾਗ਼ ਦੀ ਇਕ ਜਗ੍ਹਾ ਹੈ। ਇਥੋਂ ਹੀ ਪੰਤਵਰੀ ਪਿੰਡ ਲਈ ਰਸਤਾ ਅਲੱਗ ਹੋ ਜਾਂਦਾ ਹੈ। ਲਗਪਗ ਸ਼ਾਮ ਨੂੰ ਸੱਤ ਵਜੇ ਪੰਤਵਰੀ ਪਹੁੰਚੇ। ਇਥੇ ਜ਼ਿਆਦਾ ਸੁਵਿਧਾਵਾਂ ਵਾਲੇ ਹੋਟਲ ਨਹੀਂ ਹਨ, ਕਿਉਂਕਿ ਇਥੇ ਕੇਵਲ ਟ੍ਰੈਕਰ ਹੀ ਆਉਂਦੇ ਹਨ। ਅਸੀ ਉਪਰ ਨਾਗ ਟਿੱਬਾ ਤਕ ਜਾਣ ਲਈ ਇਕ ਵਿਅਕਤੀ ਨਾਲ ਗੱਲ ਕਰ ਲਈ। ਉਹ 700 ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਘੋੜੇ ਨਾਲ ਉੱਪਰ ਤਕ ਸਾਮਾਨ ਪਹੁੰਚਾਉਣ ਲਈ ਤਿਆਰ ਹੋ ਗਿਆ। ਵੈਸੇ, ਇਥੇ ਰਸਤੇ ਲਈ ਗਾਈਡ ਵੀ ਮਿਲ ਜਾਂਦੇ ਹਨ, ਜੋ 800 ਰੁਪਏ ਦੇ ਹਿਸਾਬ ਨਾਲ ਰੋਜ਼ਾਨਾ ਲੈਂਦਾ ਹੈ।

### ਪੰਤਵਰੀ ਤੋਂ ਨਾਗ ਦੇਵਤਾ ਮੰਦਿਰ ਤਕ ਟ੍ਰੈਕਿੰਗ

ਅਗਲੇ ਦਿਨ ਸਵੇਰੇ ਜਲਦੀ ਉੱਠ ਕੇ ਬਾਜ਼ਾਰ ਤੋਂ ਖਾਣ-ਪੀਣ ਦਾ ਸਾਮਾਨ ਅਤੇ ਰਾਸ਼ਨ ਖ਼ਰੀਦਿਆ। ਬਾਕੀ ਸਾਮਾਨ ਘੋੜੇ ਵਾਲੇ ਨੇ ਖ਼ੁਦ ਇਕੱਠਾ ਕਰ ਲਿਆ। ਫਿਰ ਦੁਪਹਿਰ ਤਕ ਅਸੀ ਸਾਰੇ ਨਾਗ ਟਿੱਬਾ ਟ੍ਰੈਕਿੰਗ ਲਈ ਨਿਕਲ ਗਏ। ਟ੍ਰੈਕਿੰਗ ਦਾ ਪਹਿਲਾ ਨਿਯਮ ਇਹ ਹੁੰਦਾ ਹੈ ਕਿ ਆਪਣੇ ਬੈਗ ’ਚ ਜ਼ਰੂਰਤ ਦਾ ਸਾਮਾਨ ਰੱਖੋ, ਤਾਂ ਕਿ ਵਾਰ-ਵਾਰ ਕਿਸੇ ਤੋਂ ਮੰਗਣਾ ਨਾ ਪਵੇ, ਜਿਵੇਂ ਪਾਣੀ, ਖਾਣ ਲਈ ਡਰਾਈ ਫਰੂਟ ਆਦਿ। ਆਪਣੇ ਬੈਗ ’ਚ ਜ਼ਰੂਰੀ ਸਾਮਾਨ ਤੇ ਕੱਪੜੇ ਵੀ ਰੱਖ ਲਓ, ਕਿਉਂਕਿ ਇਹ ਸਾਮਾਨ ਤੁਹਾਡੀ ਪਿੱਠ ’ਤੇ ਹੀ ਹੁੰਦਾ ਹੈ। ਇਸ ਲਈ ਜ਼ਿਆਦਾ ਭਾਰਾ ਬੈਗ ਵੀ ਤਹਾਨੂੰ ਪ੍ਰੇਸ਼ਾਨ ਕਰ ਸਕਦਾ ਹੈ। ਹੁਣ ਚੜ੍ਹਾਈ ਇਕਦਮ ਸਿੱਧੀ ਹੋ ਗਈ ਸੀ। ਥੋੜ੍ਹਾ ਜਿਹਾ ਚੱਲਣ ’ਤੇ ਹੀ ਸਾਹ ਚੜ੍ਹਨ ਲੱਗਾ। ਥੋੜ੍ਹਾ ਰੁਕਦਿਆਂ ਅਤੇ ਆਰਾਮ ਕਰਦਿਆਂ ਅਸੀ ਇਕ ਛੋਟੇ ਬੁਗਿਆਲ ’ਚ ਪਹੁੰਚੇ। ਉਤਰਾਖੰਡ ’ਚ ਘਾਹ ਦੇ ਮੈਦਾਨ ਨੂੰ ਬੁਗਿਆਲ ਕਹਿੰਦੇ ਹਨ। ਇੱਥੇ ਆਪਣੇ ਨਾਲ ਲਿਆਂਦਾ ਖਾਣਾ ਖਾਣ ਤੋਂ ਬਾਅਦ ਉੱਥੋਂ ਹੀ ਨੇੜੇ ਤੋਂ ਪਾਣੀ ਲੈ ਆਏ। ਥੋੜ੍ਹੀ ਦੇਰ ਆਰਾਮ ਕਰਨ ਤੋਂ ਬਾਅਦ ਅਸੀ ਅੱਗੇ ਚੱਲ ਪਏ। ਹੁਣ ਰਸਤਾ ਦਰੱਖ਼ਤਾਂ ਵਿੱਚੋਂ ਹੋ ਕੇ ਲੰਘ ਰਿਹਾ ਸੀ। ਇਥੇ ਦੋ ਹਿਮਾਲੀਅਨ ਰੇਡ ਫਾਕਸ ਵੀ ਦਿਸੀਆਂ। ਕੁਝ ਸਮੇਂ ਬਾਅਦ ਅਸੀ ਇਕ ਵੱਡੇ ਮੈਦਾਨ ’ਚ ਪਹੁੰਚੇ, ਜੋ ਸਾਡਾ ਅੱਜ ਦਾ ਪੜਾਅ ਸੀ, ਅਸੀ ਟੈਂਟ ਲਗਾ ਲਏ। ਅੱਗ ਜਲਾ ਲਈ ਤਾਂ ਕਿ ਖਾਣਾ ਬਣ ਸਕੇ ਅਤੇ ਜੰਗਲੀ ਜਾਨਵਰ ਵੀ ਨੇੜੇ ਨਾ ਆ ਸਕਣ। ਨੇੜੇ ਹੀ ਨਾਗ ਦੇਵਤਾ ਦਾ ਮੰਦਿਰ ਵੀ ਬਣਿਆ ਹੋਇਆ ਹੈ। ਅਸੀ ਸਾਰੇ ਉਥੇ ਜਾ ਕੇ ਦਰਸ਼ਨ ਵੀ ਕਰ ਆਏ। ਪੰਤਵਰੀ ਤੋਂ ਨਾਗ ਦੇਵਤਾ ਮੰਦਿਰ ਤਕ ਪਹੁੰਚਣ ਲਈ ਤਕਰੀਬਨ ਪੰਜ ਘੰਟੇ ਲੱਗੇ ਅਤੇ ਅੱਜ ਅਸੀਂ ਸਾਰੇ ਸੱਤ-ਅੱਠ ਕਿਲੋਮੀਟਰ ਪੈਦਲ ਚੱਲੇ ਸੀ, ਜਿਥੋਂ ਪੰਤਵਰੀ ਪਿੰਡ ਲਗਪਗ 1700 ਮੀਟਰ ਉਚਾਈ ’ਤੇ ਹੈ, ਉਥੇ ਹੀ ਨਾਗ ਦੇਵਤਾ ਦੀ ਉਚਾਈ ਲਗਪਗ 2620 ਮੀਟਰ ਹੈ। ਇਥੋਂ ਸੂਰਜ ਛਿਪਣ ਦਾ ਨਜ਼ਾਰਾ ਦੇਖਦਿਆਂ ਹੀ ਬਣਦਾ ਹੈ। ਦੇਰ ਰਾਤ ਤਕ ਕਿੱਸੇ-ਕਹਾਣੀਆਂ ਦਾ ਦੌਰ ਚੱਲਿਆ ਅਤੇ ਫਿਰ ਸੌਣ ਲਈ ਸਾਰੇ ਆਪਣੇ ਟੈਂਟਾਂ ’ਚ ਚਲੇ ਗਏ।

### ਕਿਵੇਂ ਪਹੁੰਚੇ

ਨਾਗ ਟਿੱਬਾ ਟਰੈਕ ਲਈ ਪਹਿਲਾਂ ਦੇਵਲਸਾਰੀ ਜਾਂ ਫਿਰ ਪੰਤਵਰੀ ਪਹੁੰਚਣਾ ਹੋਵੇਗਾ। ਇਹ ਦੋਵੇਂ ਥਾਵਾਂ ਹੀ ਸੜਕ ਮਾਰਗ ਨਾਲ ਜੁੜੀਆਂ ਹਨ। ਆਪਣੀ ਗੱਡੀ ’ਤੇ ਵੀ ਜਾਇਆ ਜਾ ਸਕਦਾ ਜਾਂ ਫਿਰ ਬੱਸ ਜਾਂ ਟੈਕਸੀ ’ਤੇ ਵੀ ਪਹੁੰਚ ਸਕਦੇ ਹੋ। ਇਥੋਂ ਸਭ ਤੋਂ ਨੇੜੇ ਰੇਲਵੇ ਸਟੇਸ਼ਨ ਦੇਹਰਾਦੂਨ ਦਾ ਹੀ ਹੈ। ਦਿੱਲੀ ਤੋਂ ਦੋਵਾਂ ਥਾਵਾਂ ’ਤੇ ਪਹੁੰਚਣ ਲਈ ਸੱਤ-ਅੱਠ ਘੰਟੇ ਲੱਗਦੇ ਹਨ। ਪੰਤਵਰੀ ਲਈ ਵਿਕਾਸਨਗਰ-ਯਮੁਨੋਤਰੀ ਮਾਰਗ ਤੋਂ ਜਾਣਾ ਹੋਵੇਗਾ, ਜਦੋਂਕਿ ਦੇਵਲਸਾਰੀ ਲਈ ਮਨਸੂਰੀ, ਧਨੌਲਟੀ ਰੋਡ ਤੋਂ। ਦੇਵਲਸਾਰੀ ਵੱਲ ਟ੍ਰੈਕਿੰਗ ਲਈ ਮਨਸੂਰੀ ਵਣ ਵਿਭਾਗ ਤੋਂ ਮਨਜ਼ੂਰੀ ਲੈਣੀ ਪਵੇਗੀ। ਜਦੋਂਕਿ ਪੰਤਵਰੀ ਵੱਲ ਜਾਣ ਲਈ ਕੋਈ ਮਨਜ਼ੂਰੀ ਦੀ ਲੋੜ ਨਹੀਂ।



### ਕਦੋਂ ਜਾਓ

ਨਾਗ ਟਿੱਬਾ ਟਰੈਕ ਬਹੁਤ ਲੋਕਪ੍ਰਿਯਤਾ ਹੋ ਚੁੱਕਿਆ ਹੈ, ਕਿਉਂਕਿ ਇਹ ਸੌਖੀ ਸ਼੍ਰੇਣੀ ਦੀ ਟ੍ਰੈਕਿੰਗ ’ਚ ਆਉਂਦਾ ਹੈ। ਇਹ ਕੇਵਲ ਦੋ ਦਿਨ ਦਾ ਹੀ ਟਰੈਕ ਹੈ। ਇਸ ਲਈ ਸਾਰੀਆਂ ਟਰੈਵਲਜ਼ ਕੰਪਨੀਆਂ ਪੂਰਾ ਸਾਲ ਕਰਾਉਂਦੀਆਂ ਹਨ, ਪਰ ਮੌਨਸੂਨ ਦੇ ਮਹੀਨੇ ਨੂੰ ਛੱਡ ਕੇ ਕਦੇ ਵੀ ਜਾ ਸਕਦੇ ਹੋ।

### ਨਾਗ ਦੇਵਤਾ ਮੰਦਿਰ ਤੋਂ ਨਾਗ ਟਿੱਬਾ:

ਅਗਲੇ ਦਿਨ ਸਾਰੇ ਜਲਦੀ ਉਠ ਗਏ। ਦੇਖਿਆ ਤਾਂ ਅਜੇ ਵੀ ਅੱਗ ਸੁਲਗ ਰਹੀ ਸੀ। ਕੁਝ ਹੋਰ ਲੱਕੜੀਆਂ ਉਸ ’ਤੇ ਰੱਖ ਕੇ ਅੱਗ ਬਾਲ ਦਿੱਤੀ। ਠੰਢ ਬਹੁਤ ਲੱਗ ਰਹੀ ਸੀ। ਸਵੇਰ ਦੀ ਚਾਹ ਬਣਾ ਕੇ ਪੀਤੀ ਅਤੇ ਨਾਗ ਟਿੱਬਾ ਵੱਲ ਅੱਗੇ ਵਧੇ। ਨਾਗ ਦੇਵਤਾ ਮੰਦਿਰ ਤੋਂ ਨਾਗ ਟਿੱਬਾ ਤਕਰੀਬਨ ਦੋ ਕਿਲੋਮੀਟਰ ਦੀ ਦੂਰੀ ’ਤੇ ਹੈ ਅਤੇ ਕਾਫ਼ੀ ਚੜ੍ਹਾਈ ਵਾਲਾ ਰਸਤਾ ਹੈ। ਹੁਣ ਇਥੇ ਬਰਫ਼ ਪਈ ਹੋਈ ਦਿਸ ਰਹੀ ਸੀ। ਬਰਫ਼ ’ਤੇ ਕੁਝ ਪੰਜਿਆਂ ਦੇ ਨਿਸ਼ਾਨ ਬਣੇ ਹੋਏ ਸਨ, ਜੋ ਸ਼ਾਇਦ ਭਾਲੂ ਦੇ ਹੋ ਸਕਦੇ ਹਨ। ਲਗਪਗ ਡੇਢ ਘੰਟੇ ਤਕ ਪੈਦਲ ਚੱਲਣ ਤੋਂ ਬਾਅਦ ਅਸੀ ਨਾਗ ਟਿੱਬਾ ਚੋਟੀ ’ਤੇ ਪਹੁੰਚ ਗਏ। ਨਾਗ ਟਿੱਬਾ ਦੀ ਉਚਾਈ ਲਗਪਗ 3020 ਮੀਟਰ ਹੈ। ਉੱਪਰ ਕਾਫ਼ੀ ਬਰਫ਼ ਪਈ ਹੋਈ ਸੀ। ਨਾਗ ਟਿੱਬਾ ਤੋਂ ਹਿਮਾਲਿਆ ਦੀਆਂ ਬਰਫ਼ ਨਾਲ ਭਰੀਆਂ ਪਹਾੜੀਆਂ ਦਾ ਖ਼ੂਬਸੂਰਤ ਨਜ਼ਾਰਾ ਦਿਸ ਰਿਹਾ ਸੀ। ਇਥੇ ਆ ਕੇ ਮਨ ਖ਼ੁਸ਼ ਸੀ, ਜਿਵੇਂ ਕੁਝ ਪਾ ਲਿਆ ਹੋਵੇ। ਇਥੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਅਸੀ ਥੱਲੇ ਵੱਲ ਚੱਲ ਪਏ ਅਤੇ ਦੁਪਹਿਰ ਤਕ ਪੰਤਵਰੀ ਪਹੁੰਚ ਗਏ, ਜਿਥੋਂ ਅਸੀ ਵਾਪਸ ਆਪਣੇ ਘਰਾਂ ਲਈ ਨਿਕਲ ਗਏ।

### ਕੁਝ ਜ਼ਰੂਰੀ ਸੁਝਾਅ

ਨਾਗ ਟਿੱਬਾ ਜਾਣ ਤੋਂ ਪਹਿਲਾਂ ਤੁਸੀ ਸਵੇਰ ਦੀ ਸੈਰ ਅਤੇ ਦੌੜ ਲਾਗਉਣਾ ਸ਼ੁਰੂ ਕਰੋ ਤਾਂ ਕਿ ਪਹਾੜ ’ਤੇ ਚੜ੍ਹਨ ਦੌਰਾਨ ਕੋਈ ਔਖਿਆਈ ਨਾ ਹੋਵੇ। ਗਰਮ ਜੈਕੇਟ, ਇਨਰ ਅਤੇ ਟੋਪੀ ਆਪਣੇ ਬੈਗ ’ਚ ਜ਼ਰੂਰ ਰੱਖੋ। ਜ਼ਰੂਰੀ ਦਵਾਈਆਂ ਅਤੇ ਟਾਰਚ ਵੀ ਨਾਲ ਰੱਖ ਲਓ। ਕੁਝ ਡਰਾਈ ਫਰੂਟ ਅਤੇ ਬਿਸਕੁਟ ਵੀ ਆਪਣੇ ਕੋਲ ਰੱਖੋ।

---

# ਯਾਦਗਾਰੀ ਹੈ ਓਨਿਕ ਕਾਸਲ ਦੀ ਜ਼ਿਆਰਤ

ਉੱਤਰੀ ਇੰਗਲੈਂਡ ਦੇ ਕੁਝ ਵਿਸ਼ੇਸ਼ ਅਸਥਾਨਾਂ ’ਚ ਨਾਰਥੰਬਰਲੈਂਡ ਖੇਤਰ ਦੇ ਕਈ ਕਿਲ੍ਹੇ ਸ਼ਾਮਲ ਹਨ ਜਿਨ੍ਹਾਂ ਦਾ ਹਰੇਕ ਪੱਥਰ, ਹਰ ਕਮਰਾ ਅਤੇ ਇਥੋਂ ਤਕ ਕਿ ਚਾਹ-ਕੱਪ ਵੀ ਇਕ ਅਣਸੁਣੀ ਕਹਾਣੀ ਕਹਿੰਦਾ ਜਾਪਦਾ ਹੈ...



• ਸੀਮਾ ਆਨੰਦ ਚੋਪੜਾ

ਗਰਮ ਰੁੱਤ ’ਚ ਸਾਨੂੰ ਓਨਿਕ ਕਾਸਲ ਨੂੰ ਦੇਖਣ ਦਾ ਮੌਕਾ ਮਿਲਿਆ। ਕਿਲ੍ਹੇ ਦੇ ਆਲੇ ਦੁਆਲੇ ਬਣੀ ਖਾਈ ਨੂੰ, ਇਕ ਤੰਗ ਪੁਲ ਰਾਹੀ ਪਾਰ ਕਰ ਕੇ ਸਾਨੂੰ 700 ਵਰਗ ਪੁਰਾਣੇ ਗੌਰਵਸ਼ਾਲੀ ਕਿਲ੍ਹੇ ਦੀ ਪਹਿਲੀ ਝਲਕ ਨਜ਼ਰ ਆਈ। ਅਸੀ ਸ਼ੇਰ ਦੇ ਮੂੰਹ ਵਾਲੇ ਦੁਆਰ ਰਾਹੀ ਕਿਲ੍ਹੇ ਅੰਦਰ ਦਾਖ਼ਲ ਹੋਏ ਅਤੇ ਇਸ ਤਰ੍ਹਾਂ ਅਨੋਖੀਆਂ ਕਲਾਕ੍ਰਿਤੀਆਂ ਦੇ ਸੰਗ੍ਰਹਿ ਤੋਂ ਲੈ ਕੇ ਪ੍ਰਸਿੱਧ ਅੰਗਰੇਜ਼ੀ ਨਾਵਲ ਅਤੇ ਫਿਲਮੀ ਪਾਤਰ ਹੈਰੀ-ਪਾਟਰ ਦੀਆਂ ਜਾਦੂਈ ਸ਼ਕਤੀਆਂ ਖੋਜਣ ਦੀ ਯਾਤਰਾ ਸ਼ੁਰੂ ਹੋਈ। ਓਨਿਕ ਕਿਲ੍ਹੇ ’ਚ ਪ੍ਰਸਿੱਧ ਹੈਰੀ-ਪਾਟਰ ਫਿਲਮ ਦੀ ਸ਼ੂਟਿੰਗ ਕੀਤੀ ਗਈ ਸੀ। ਇਥੇ ਹੀ ਆਸਕਰ- ਨਾਮਜ਼ਦ ਫਿਲਮ ਐਲਿਜ਼ਬੇਥ, ਨੂੰ ਵੀ ਫਿਲਮਾਇਆ ਗਿਆ ਸੀ।

ਓਨਿਕ ਕਿਲ੍ਹੇ ਦੀ ਅੰਦਰਲੀ ਕੰਧ ’ਤੇ ਸਾਨੂੰ ਇਕ ਵਿਸ਼ਾਲ ਹੋਰਡਿੰਗ ਦਿਸੀ ਜਿਸ ’ਤੇ ਨਾਰਥੰਬਰਲੈਂਡ ਖੇਤਰ ਦੇ ਵਰਤਮਾਨ ਡਿਊਕ ਅਤੇ ਇੱਚੈਸ ਦੀਆਂ ਆਕ੍ਰਸ਼ਕ ਫੋਟੋ ਛਪੀਆਂ ਸਨ ਅਤੇ ਉਨ੍ਹਾਂ ਦੀ ਮਨਮੋਹਕ ਮੁਸਕਰਾਹਟ ਅਤੇ ਨਾਲ ਲਿਖਿਆ ਸੰਦੇਸ਼, ਆਉਣ ਵਾਲਿਆਂ ਦਾ ਸਵਾਗਤ ਕਰ ਰਿਹਾ ਸੀ। ਸੰਦੇਸ਼ ’ਚ ਆਉਣ ਵਾਲਿਆਂ ਦਾ ਸਵਾਗਤ ਕੀਤਾ ਗਿਆ ਸੀ ਜੋ ਉਨ੍ਹਾਂ ਦੇ 700 ਸਾਲ ਪੁਰਾਣੇ ਘਰ ਨੂੰ ਦੇਖਣ ਆਏ ਸਨ ਅਤੇ ਅੱਜ ਇਹ 21ਵੀਂ ਸਦੀ ਦਾ ‘ਵਰਕਿੰਗ ਕਾਸਲ’ ਹੈ, ਇਥੇ ਉਹ ਖ਼ੁਦ ਪਰਿਵਾਰ ਸਮੇਤ ਰਹਿੰਦੇ ਸਨ। ਅਖ਼ੀਰ ’ਚ ਉਨ੍ਹਾਂ ਦੇ ਦਸਤਖ਼ਤ ਵੀ ਸਨ। ਓਨਿਕ ਕਿਲ੍ਹਾ ਸਿਰਫ਼ ਰੋਚਕ ਇਤਿਹਾਸ ਦਾ ਹਿੱਸਾ ਹੀ ਨਹੀਂ ਹਨ ਪ੍ਰੰਤੂ ਉਸ ਨਾਲ ਜੁੜੀਆਂ ਕਈ ਕਹਾਣੀਆਂ ਓਨਿਕ ਦੁਰਗ ’ਚ ਰਹਿਣ ਵਾਲੇ ਰਾਜ ਪਰਿਵਾਰ ਦੇ ਖ਼ਜ਼ਾਨਿਆਂ ਵੱਲ ਅਤੇ ਉਨ੍ਹਾਂ ਦੇ ਸਟਾਈਲਿਸ਼ ਸੰਗ੍ਰਹਿਆਂ ਦੀਆਂ ਹਨ। ਮਿਡਲ ਗੇਟਵੇ ’ਤੇ ਫੋਟੋਗ੍ਰਾਫੀ ਕਰ ਅਸੀ ਦੁਰਗ ਦੇ ਸਟੇਟ-ਰੂਮਜ਼ ਦੀਆਂ ਟਿਕਟਾਂ ਖ਼ਰੀਦੀਆਂ।

ਹੁਣ ਸਾਡੇ ਸਾਹਮਣੇ ਜੋ ਸ਼ਾਨਦਾਰ ਕਿਲ੍ਹਾ ਸੀ ਉਹ 18ਵੀ ਸਦੀ ਤਕ ਖੰਡਰ ਬਣ ਗਿਆ ਸੀ ਜਿਸ ਨੂੰ ਦੁਰਗ ਦੇ ਰਾਜ-ਪਰਿਵਾਰ ਦੇ ਵੰਸ਼ਜ ਡਿਊਕ ਅਤੇ ਇੱਚੈਸ ਆਫ ਨਾਰਥੰਬਰਲੈਂਡ-ਪਹਿਲੇ, ਐਲਿਜ਼ਬੈਥ-ਪਰਸੀ-ਸੇਮੋਰ ਅਤੇ ਉਨ੍ਹਾਂ ਦੇ ਪਤੀ ਨੇ ਮੁੜ ਨਿਰਮਾਣ ਕਰਵਾਇਆ। ਯੂਰਪ ਦੇ ਪ੍ਰਸਿੱਧ ਆਰਕੀਟੈਕਟ ਦੀ ਸਹਾਇਤਾ ਨਾਲ ਸੌ ਸਾਲਾਂ ਤਕ ਰਿਸਟੋਰੇਸ਼ਨ ਕਾਰਜ ਹੋਇਆ। ਅੰਤ ’ਚ ਸ਼ਾਨਦਾਰ ਇੰਟੀਰੀਅਰ ਵਾਲਾ ਕਿਲ੍ਹਾ ਬਣ ਕੇ ਤਿਆਰ ਹੋਇਆ, ਜਿਸ ਦੀ ਯਾਤਰਾ ਅਸੀ ਸ਼ੁਰੂ ਕਰਨ ਵਾਲੇ ਸਾਂ। ਇਸ ਕੰਮ ’ਚ ਰੋਮਨ-ਆਰਕੀਟੈਕਟ ਅਤੇ ਪੁਰਾਤਤਵ-ਮਾਹਿਰ, ‘ਕਨਾਇਨਾ’ ਨੇ ਵਿਸ਼ੇਸ਼ ਯੋਗਦਾਨ ਦਿੱਤਾ, ਜਿਸ ਨੇ ਇਟਲੀ ਦੇ ਕਈ ਪੁਰਾਣੇ ਰੋਮਨ ਮਹਿਲਾਂ ਨੂੰ ਵੀ ਪੁਨਰ ਨਿਰਮਤ ਕੀਤਾ ਸੀ।

### ਇਤਿਹਾਸ

ਓਨਿਕ ਕਿਲ੍ਹਾ ਦਾ ਟਜ਼ੂਰ ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਪਾਠਕਾਂ ਨਾਲ ਉਸ ਦਾ ਸੰਖੇਪ ਇਤਿਹਾਸ ਸਾਂਝਾ ਕਰਨਾ ਚਾਹੁੰਦੀ ਹਾਂ। ਸ਼ੁਰੂ ’ਚ, ਓਨਿਕ ਕਿਲ੍ਹਾ ਨੂੰ ਇਸ ਖੇਤਰ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ। ਇਸ ਵਿਸ਼ੇਸ਼ ਕਾਰਜ ਲਈ ਓਨਿਕ ਕਿਲ੍ਹੇ ਦੇ ਪਿੱਛੇ ਵਗਦੀ ਪ੍ਰਾਚੀਨ ਓਨ-ਨਦੀ ਦੇ ਨੇੜੇ, ਇਕ ਸੜਕ ਵੀ ਬਣਾਈ ਗਈ ਸੀ। ਓਨ-ਨਦੀ ਤੋਂ ਹੀ ਦੁਰਗ ਦਾ ਨਾਂ ਰੱਖਿਆ ਗਿਆ ਹੈ। ਦੂਜੀ ਸਦੀ ’ਚ ਲਿਖੀ ਪੁਸਤਕ ‘ਦਿ ਜੌਗਰਾਫੀ ਵਾਈ ਗਰੀਕ ਸਕਾਲਰ-ਪਟੋਲਮੀ’ ’ਚ ਵੀ ਇੰਗਲੈਂਡ ਦੀ ਓਨ-ਨਦੀ ਦਾ ਜ਼ਿਕਰ ਹੈ ਜੋ ਉਸ ਦੀ ਪ੍ਰਾਚੀਨਤਾ ਸਿੱਧ ਕਰਦਾ ਹੈ। ਰਿਕਾਰਡਜ਼ ਅਨੁਸਾਰ 1096 ’ਚ ਓਨਿਕ ਦੇ ਬੈਰਨ (ਉਹ ਵਿਅਕਤੀ ਜਿਸ ਨੂੰ ਲਾਰਡ ਦੀ ਉਪਲੱਬਧੀ ਪ੍ਰਾਪਤ ਹੋਵੇ) ‘ਵੇਸੀ’ ਨੇ ਇਥੇ ਪਹਿਲੇ ਕਿਲ੍ਹੇ ਦੀ ਸਥਾਪਨਾ ਕੀਤੀ ਜੋ ਖ਼ੁਦ ਫਰਾਂਸ ਦੇਸ਼ ਤੋਂ ਆਏ ਨੌਰਮਨ ਹਮਲਾਵਰ ਸਨ। ਫਿਰ 14ਵੀ ਸਦੀ ਪਿੱਛੋਂ ਇਹ ਦੁਰਗ-ਪਰਸੀ-ਪਰਿਵਾਰ ਕੋਲ ਰਿਹਾ ਜਿਨ੍ਹਾਂ ਦੇ ਵੰਸ਼ਜ, ਵਰਤਮਾਨ ਦੇ ‘ਡਿਊਕ ਆਫ ਨਾਰਥੰਬਰਲੈਂਡ’ ਦਾ ਟਾਈਟਲ ਨਾਲ ਸਨਮਾਨਿਤ ਹਨ।

### ਸਟੇਟਰੂਮਜ਼

ਸੰਖੇਪ ਇਤਿਹਾਸ ਜਾਣਨ ਪਿੱਛੋਂ ਅਸੀ ਓਨਿਕ-ਦੁਰਗ ਦਾ ਟੂਰ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਅਸੀ ਔਲਕਿਕ ਚੇਪਲ (ਛੋਟਾ ਨਿੱਜੀ ਚਰਚ) ’ਚ ਦਾਖ਼ਲ ਹੋਏ, ਜਿਸ ਨੂੰ 19ਵੀ ਸਦੀ ’ਚ ਓਨਿਕ ਕਿਲ੍ਹੇ ’ਚ ਜੋੜਿਆ ਗਿਆ ਸੀ। ਪਰਸੀ ਰਾਜ ਪਰਿਵਾਰ, ਸਦੀਆਂ ਤੋਂ ਚਰਚ ਦੇ ਪਾਦਰੀ, ਕਲਰਚੀ ਅਤੇ ਵਿਦਵਾਨਾਂ ਦਾ ਸਹਾਇਕ ਅਤੇ ਹਿਤਕਾਰੀ ਰਿਹਾ ਹੈ। ਦੂਜੇ ਪਾਸੇ ਧਾਰਮਿਕ ਅਨੁਸ਼ਠਾਨਾਂ ਦੇ ਨਾਲ-ਨਾਲ ਉਨ੍ਹਾਂ ਨੇ ਪਰਸੀ-ਪਰਿਵਾਰ ਦਾ ਘਰੇਲੂ-ਲੇਖਾ ਅਤੇ ਲਾਇਬ੍ਰੇਰੀ ਦਾ ਕਾਰਜਭਾਰ ਵੀ ਸੰਭਾਲਿਆ ਸੀ। ਚੇਪਲ ’ਚ ਦੋ ਤਰ੍ਹਾਂ ਦੇ ਆਰਕੀਟੈਕਚਰ ਦੇ ਮਿਸ਼ਰਣ ਹਨ ਜਿਨ੍ਹਾਂ ਨੇ ਸਾਨੂੰ ਖਿੱਚਿਆ-ਅੰਗਰੇਜ਼ੀ-ਵਿਕਰੀਅਨ ਨੌਥਿਕ-ਆਰਟ ਅਤੇ ਨਾਲ ਹੀ ਇਟੈਲੀਅਨ-ਆਰਟ।

ਇਸ ਤੋਂ ਪਿੱਛੋਂ ਅਸੀ ਬਹੁਤ ਦਿਲਖਿੱਚ ਲਾਇਬ੍ਰੇਰੀ ’ਚ ਗਏ ਜੋ 16ਵੀ ਸਦੀ ਤੋਂ ਅੱਜ ਤਕ ਦੀਆਂ ਪੁਸਤਕਾਂ ਦੀ ਵਿਸ਼ਾਲ ਲਾਇਬ੍ਰੇਰੀ ਹੈ। ਲਾਇਬ੍ਰੇਰੀ ਦੀ ਵਿਸ਼ੇਸ਼ ਖਿੱਚ ਹੈ-ਓਕ ਲੱਕੜੀ ਦੇ ਬੁਕ-ਸ਼ੈਲਫ, ਫਰਨੀਚਰ, ਉਸ ਦੀ ਅਨੋਖੀ ਛੱਤ, ਟ੍ਰਾਫੋ ਕਲੈਕਸ਼ਨ, ਬੈਰੋਮੀਟਰ ਅਤੇ ਹੋਰ ਰੁੱਤ ਸਬੰਧੀ ਯੰਤਰ (ਹਵਾ-ਗਤੀ, ਵਰਖਾ-ਮਾਤਰਾ, ਤਾਪਮਾਨ) ਵੈਦਰ-ਗੇਜ ਜਾਂ ਰੁੱਤ ਉਪਕਰਣਾਂ ਦਾ ਸੰਗ੍ਰਹਿ, ਅਸੀ ਅਕਸਰ ਭਾਰਤੀ ਅਤੇ ਵਿਦੇਸ਼ੀ, ਮੱਧਕਾਲੀਨ ਮਹਿਲਾਂ ’ਚ ਪਹਿਲਾਂ ਵੀ ਦੇਖਿਆ ਸੀ। ਇਸ ਤੋਂ ਇਲਾਵਾ ਪ੍ਰਸਿੱਧ ਨਾਟਕਕਾਰ ਸ਼ੈਕਸਪੀਅਰ ਅਤੇ ਵਿਗਿਆਨੀ ਨਿਊਟਨ ਦੇ ‘ਬਸਟ’ (ਸਰੀਰ ਦੇ ਉਪਰਲੇ ਹਿੱਸੇ ਦੀ ਮੂਰਤੀ) ਦੇਖਣਯੋਗ ਹੈ। ਸ਼ੈਕਸਪੀਅਰ ਨੇ 9ਵੀਂ ਅਰਲ-ਪਰਸੀ (ਪਰਿਵਾਰ ਦਾ ਵਿਸ਼ੇਸ਼ ਵਿਅਕਤੀ ਜਿਸ ਨੂੰ ਅਰਲ ਦੀ ਉਪਾਧੀ ਪ੍ਰਾਪਤ ਹੋਈ ਸੀ) ਦੇ ਸਮੇਂ ਵੀ ਪ੍ਰਸਿੱਧ ਪਲੇਅ ‘ਰੋਮੀਓ ਐਂਡ ਜਿਊਲੀਅਟ’ ਲਿਖਿਆ ਸੀ। ਦੂਜੇ ਪਾਸੇ, ਨਾਰਥੰਬਰਲੈਂਡ ਦੇ ਪਹਿਲੇ ਡਿਊਕ ਅਤੇ ਇੱਚੈਸ ਦੇ ਜੀਵਨਕਾਲ ’ਚ, ਨਿਊਟਨ ਨੇ ਲਾਅ ਆਫ ਮੋਸ਼ਨ ਦੀ ਮਹੱਤਵਪੂਰਨ ਵਿਗਿਆਨਕ ਖੋਜ ਕੀਤੀ ਸੀ।

ਇਸ ਤੋਂ ਬਾਅਦ ਅਸੀ ਸੈਲੂਨ ਅਤੇ ਡ੍ਰਾਇੰਗ ਰੂਮ ਵੱਲ ਗਏ ਜੋ ਇਕ-ਦੂਜੇ ਦੇ ਬਿਲਕੁਲ ਨਾਲ ਸਨ ਅਤੇ ਇਕ ਦੂਜੇ ਦੇ ਅਨੁਕੂਲ ਹਨ। ਕਮਰਿਆਂ ਦੇ ਦਰਵਾਜ਼ੇ, ਛੱਤ, ਖਿੜਕੀਆਂ, ਫਰਨੀਚਰ, ਫਾਇਰ-ਪਲੇਸ ਆਦਿ, ਸਾਰੀਆਂ ਵਸਤੂਆਂ ’ਚ ਧਨ ਅਤੇ ਖ਼ੁਸ਼ਹਾਲੀ ਦੀ ਗੂੰਜ ਹੈ ਜੋ ਫੈਸ਼ਨੇਬਲ ਇਟੈਲੀਅਨ ਆਰਟ ਦਾ ਦਰਪਣ ਵੀ ਹਨ ਅਤੇ ਜਿਨ੍ਹਾਂ ਨੂੰ ਰੋਮਨ ਸ਼ਿਲਪਕਾਰਾਂ ਨੇ ਸਿਰੇ ਚੜ੍ਹਾਇਆ। ਇਟਲੀ ਦੇ ਵੈਟੀਕੇਨ ਪੈਲੇਸ ਨੂੰ ਸਜਾਉਣ ਵਾਲੇ ਪ੍ਰਸਿੱਧ ਰੋਮਨ ਆਰਟਿਸਟ ‘ਮੈਨਟੋਵੈਨੀ’ ਨੇ ਓਨਿਕ ਕਿਲ੍ਹੇ ਸਜਾਵਟ ਦਾ ਕਾਰਜ ਵੀ ਕੀਤਾ ਸੀ। ਹੋਰ ਦੇਖਣਯੋਗ ਵਸਤੂਆਂ ਸਨ ਪਿਕਚਰ ਫਰੇਮਜ਼, ਹਾਥੀ ਦੰਦ ਦੀਆਂ ਵਸਤੂਆਂ ਅਤੇ ਸਜਾਵਟੀ ਸ਼ੀਸ਼ੇ।

ਇਸ ਤੋਂ ਬਾਅਦ ਅਸੀ ਕਾਪਰ-ਗ੍ਰੀਨ ਡਾਈਨਿੰਗ ਹਾਲ ’ਚ ਪ੍ਰਵੇਸ਼ ਕੀਤੇ ਜਿੱਥੇ ਪਹਿਲਾਂ ਤੋਂ ਵੀ ਸਥਾਨਕ ਇੰਗਲਿਸ਼ ਸਕੂਲ ਦੇ ਬੱਚੇ ਆਏ ਹੋਏ ਸਨ। ਉਨ੍ਹਾਂ ਦਾ ਆਪਣੀ ਟੀਚਰ ਨਾਲ ਰੋਚਕ ਵਾਰਤਾਲਾਪ ਚੱਲ ਰਿਹਾ ਸੀ। ਟੀਚਰ ਨੇ ਹੱਸਦੇ ਹੋਏ ਇੰਨੇ ਵੱਡੇ ਡਾਈਨਿੰਗ ਹਾਲ ਵੱਲ ਦੇਖਦੇ ਹੋਏ ਪੁੱਛਿਆ ਕਿ,‘ ਡਿਊਕ ਅਤੇ ਉਸ ਦੇ ਰਾਜ-ਮਹਿਮਾਨ ਇਕ ਕਮਰੇ ’ਚ ਕੀ-ਕੀ ਖਾਂਦੇ ਹੋਣਗੇ?’ ਸਾਰੇ ਬੱਚੇ ਚੁੱਪ ਹੋ ਗਏ ਤਾਂ, ਆਤਵਿਸ਼ਵਾਸ ਨਾ ਭਰੀ ਇਕ ਨੰਨ੍ਹੀ ਆਵਾਜ਼ ਨੇ ਜਵਾਬ ਦਿੱਤਾ,‘ਕੇਕ ਅਤੇ ਕੇਕ ਹੀ ਕੇਕ’। ਸਾਰੇ ਪਾਸੇ ਹਾਸੇ ਦੀ ਲਹਿਰ ਦੌੜ ਗਈ। ਨਾਲ ਹੀ ਸਾਨੂੰ ਦੱਸਿਆ ਗਿਆ ਕਿ ਹੁਣੇ ਜਿਹੇ ਲੰਘੇ ਹਫਤੇ ’ਚ ਡਾਈਨਿੰਗ-ਹਾਲ ’ਚ ਵਿਸ਼ੇਸ਼ ਸਮਾਰੋਹ ਕੀਤਾ ਗਿਆ ਸੀ ਜੋ ਕਿ ਵਰਤਮਾਨ ਡਿਊਕ ਐਂਚ ਇੱਚੈਸ ਦੀ ਦੂਜੀ ਪੁੱਤਰੀ ਨਾਲ ਸਬੰਧਤ ਸੀ।

ਇਹ ਕਮਰਾ ਦਾ ਮੱਧਕਾਲ ਤੋਂ ਇਥੇ ਬਣਿਆ ਹੋਇਆ ਹੈ ਪ੍ਰੰਤੂ 18 ਵੀ ਸਦੀ ਪਿੱਛੋਂ ਇਸ ਨੂੰ ਸੁੰਦਰ ਢੰਗ ਨਾਲ ਪੁਨਰ ਨਿਰਮਾਣ ਕੀਤਾ ਗਿਆ ਅਤੇ ਪ੍ਰਤੀਦਿਨ ਪਰਸੀ-ਰਾਜ ਪਰਿਵਾਰ ਦੁਆਰਾ, ਭੋਜਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਸੀ।

### ਯੂਰੋਪੀਅਨ-ਪੋਰਸਲੇਨ ਸੰਗ੍ਰਹਿ

ਸ਼ਾਨਦਾਰ ਓਨਿਕ ਕਿਲ੍ਹੇ ਦੇ ਬਾਹਰ ਜਾਂਦੇ ਹੋਏ ਅਸੀ ਇਕ ਪੈਸੇਜ ਵਰਗੇ ਖੇਤਰ ’ਚੋਂ ਲੰਘੇ ਜਿੱਥੇ ਕੱਚ ਦੀਆਂ ਚਮਕਦੀਆਂ ਅਲਮਾਰੀਆਂ ’ਚ ਚਕਾਚੌਂਧ ਕਰਨ ਵਾਲਾ ਨਾਰਥੰਬਰਲੈਂਡ ਚਾਇਨਾ (ਚੀਨੀ ਦੇ ਬਰਤਨ ਅਤੇ ਵਸਤੂਆਂ) ਦਾ ਗੌਰਵਸ਼ਾਲੀ ਸੰਗ੍ਰਹਿਆਂ ਦੇ ਪ੍ਰਦਰਸ਼ਨ ਹਨ- ਮੀਸਨ, ਪੈਰਿਸ ਅਤੇ ਚੇਲਸੀ-ਪੋਰਸਲੇਨ ਜਿਨ੍ਹਾਂ ਦੇ ਪ੍ਰੇਰਣਾ ਸਰੋਤ ਯੂਰਪੀਅਨ-ਪੋਰਸਲੇਨ ਸੰਗ੍ਰਹਿ ਹਨ, ਜੋ 17 ਵੀਂ ਅਤੇ 18ਵੀ ਸਦੀ ਦੇ ਯੂਰਪ ਦੇ ਮਹਿਲਾਂ ’ਚ ਡਿਸਪਲੇ ’ਤੇ ਹਨ। ਉੱਥੇ ਸਜੇ ਡਿਨਰ-ਸੈੱਟਜ਼ ਅਤੇ ਟੀ-ਸੈੱਟ ਦੀ ਬਾਰੀਕੀ ਅਤੇ ਹਸਤਕਲਾ ਸ਼ਲਾਘਾਯੋਗ ਹੈ। ਬੀਤੇ ਯੁਗਾਂ ’ਚ ਇਸ ਪੈਸੇਜ ਨੂੰ ਸਟੇਟਰੂਮਜ਼ ਦੀ ਸਰਵਿਸ ਲਈ ਵਰਤਿਆ ਜਾਂਦਾ ਸੀ। ਵਿਕਾਸ-ਮਾਰਗ ਵੱਲ ਜਾਂਦੇ ਹੋਏ ਸਾਨੂੰ ਦੱਸਿਆ ਗਿਆ ਕਿ ਸਟੇਟ-ਰੂਮਜ਼ ਅਤੇ ਹੋਰ ਸ਼ਾਨਦਾਰ ਸੰਗ੍ਰਹਿਆਂ ਨੂੰ ਇਕੱਠਾ ਕਰਨ ’ਚ ਕਈ ਸਾਲ ਲੱਗ ਗਏ। ਇਸ ’ਚ ਮਹੱਤਵਪੂਰਨ ਗੱਲ ਇਹ ਸੀ ਕਿ ਪਰਸੀ-ਪਰਿਵਾਰ ਨੇ ਸਦਾ ਆਰਟਿਸਟ, ਸ਼ਿਲਪਕਾਰਾਂ ਅਤੇ ਦਸਤਕਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਕਲਾ ਪ੍ਰਸ਼ੰਸਕ ਰਹੇ।

### ਇਨਰ-ਵੈਲੀ

ਓਕਟੇਗੌਨਲ-ਟਾਵਰ ਤੋਂ ਅਸੀ ਬਾਹਰ ਆ ਕੇ ਓਨਿਕ-ਕਾਸਲ ਦੇ ਹਰੇ ਭਰੇ ਢਲਾਨਾਂ ਵਾਲੇ ਖੇਤਾਂ ’ਚ ਪਹੁੰਚੇ ਜਿਸ ਨੂੰ ਕਿਲ੍ਹੇ ਦੇ ਪ੍ਰੰਪਰਿਕ ਨਾਂ, ਇਨਰ-ਵੈਲੀ ਨਾਲ ਜਾਣਿਆ ਜਾਂਦਾ ਹੈ। ਨਾਲ ਦੇ ਦੋ ਟਾਵਰਜ਼ (ਮੀਨਾਰਾਂ) ’ਚ ਦੋ ਪ੍ਰਦਰਸ਼ਨੀਆਂ ਦੇਖਣ ਪਿੱਛੋਂ ਅਸੀ ਤੰਗ ਰਸਤੇ ‘ਰੈਮਪਾਰਟ-ਵਾਰਕ’ ’ਤੇ ਪਹੁੰਚੇ ਜਿਸ ਉੱਪਰ ਨੀਲਮ ਵਰਗਾ ਆਕਾਸ਼ ਸੀ। ‘ਰੈਮਪਾਰਟ ਵਾਕ’ ਓਨਿਕ ਦੁਰਗ ਦੀ ਬਾਹਰੀ ਦੀਵਾਰ ਨਾਲ ਹਨ ਜਿਸ ਪਿੱਛੋਂ ਸ਼ਾਨਦਾਰ ਦ੍ਰਿਸ਼ ਹੈ ਈਮਰੈਲਡ ਰਤਨ ਵਰਗੀ ਹਰੀ ਢਾਲਣ ਜਿਵੇਂ ਦੂਰ ਹੇਠਾਂ ਪ੍ਰਾਚੀਨ ਨਦੀ-ਓਨ ਨਾਲ ਮਿਲਨ ਕਰਦੀ ਹੈ।

### ਆਊਟਰ- ਵੈਲੀ

ਓਨਿਕ ਕਿਲ੍ਹੇ ਦਾ ਯਾਤਰਾ ਦੇ ਆਖ਼ਰੀ ਭਾਗ ’ਚ ਅਸੀ ਦੁਰਗ ਦੇ ਬਾਹਰੀ ਭਾਗ-ਆਊਟਰ ਵੈਲੀ ਵੱਲ ਚੱਲ ਪਏ। ਉੱਥੇ ਹਰੇ ਘਾਹ ’ਤੇ ਕਈ ਵਿਦਿਆਰਥੀ ਅਤੇ ਉਨ੍ਹਾਂ ਦੇ ਟੀਚਰ, ਹੈਰੀ ਪਾਟਰ ਨਾਟਕ ਦਾ ਅਭਿਆਸ ਕਰਦੇ ਹੋਏ ਦਿਖਾਈ ਦਿੱਤੇ। ਹੈਰੀ-ਪਾਟਰ ਨਾਮੀ ਪਾਤਰ ਦੇ ਨਾਵਲ ਨਵੀ ਪੀੜ੍ਹੀ ਦੇ ਫੇਵਰਿਟ ਹਨ ਅਤੇ ਸਾਰੇ ਨਾਵਲਾਂ ’ਤੇ ਅਧਾਰਿਤ, ਹਾਲੀਵੁੱਡ-ਮੁਵੀਜ਼ ਵੀ ਬਣ ਚੁੱਕੀਆਂ ਹਨ ਜੋ ਸੁਪਰ ਹਿਟਸ ਹਨ। ‘ਹੈਰੀ ਪਾਟਰ ਐਂਡ ਦਾ ਫਿਲੌਸਫਰਜ਼ ਸਟੋਨ’ ਅਤੇ ‘ਦਿ ਚੈਂਬਰ ਆਫ ਸੀਕ੍ਰੇਟਸ’ ਫਿਲਮਾਂ ਦੀ ਸ਼ੂਟਿੰਗ, ਓਨਿਕ-ਕਾਸਲ ’ਚ ਹੋਈ ਹੈ। ਕਾਸਲ ਦੇ ਬਾਹਰ ਅਤੇ ਅੰਦਰ ਦੇ ਦ੍ਰਿਸ਼, ਹੈਰੀ ਪਾਟਰ ਫਿਲਮਾਂ ’ਚ ਦਰਸਾਏ ਜਾਂਦੇ ਹਨ ਜਿਨ੍ਹਾਂ ਕਾਰਨ ਜ਼ਿਆਦਾਤਰ ਸੈਲਾਨੀ ਵੀ ਓਨਿਕ-ਕਾਸਲ ਵੱਲ ਖਿੱਚੇ ਆਉਂਦੇ ਹਨ। ਹੈਰੀ ਪਾਟਰ ਵਰਗੇ ਜਾਦੂਈ ਝਾੜੂ ਫੜੀ ਕਈ ਨੌਜਵਾਨ ਕਲਾਕਾਰ ਪਲੇਅ ਦਾ ਅਭਿਆਸ ਕਰਦੇ ਦਿਸੇ। ਇਥੇ ਕਈ ਹੋਰ ਹਿਟ ਫਿਲਮਾਂ ਦੀ ਸ਼ੂਟਿੰਗ ਹੋਈ ਹੈ ਜਿਸ ’ਚੋਂ ਅਹਿਮ ‘ਰੌਬਿਨ ਹੁਡ ਅਤ ਆਈਵਨ ਹਨ।

### ਕੈਫੇ

ਆਊਟਰ-ਵੈਲੀ ਤੋਂ ਚਲਦੇ ਹੋਏ ਜਦੋਂ ਅਸੀ ਓਨਿਕ ਕਾਸਲ ਦੇ ਕੈਫੇ ਵੱਲ ਜਾ ਰਹੇ ਸੀ ਤਾਂ ਮਾਰਗ ’ਚ ਕੋਚ-ਹਾਊਸ ਦਿਸਿਆ ਜਿੱਥੇ 18ਵੀ ਸਦੀ ਤੋਂ ਵੱਖਰੇ ਰਾਜਸੀ ਕੋਚ (ਘੋੜਾ ਗੱਡੀਆਂ) ਰੱਖੇ ਜਾਂਦੇ ਹਨ। ਅਸੀ ਉਤਸੁਕਤਾ ਨਾਲ ਉਸ ਰਾਇਲ ਕੋਚ ਨੂੰ ਦੇਖਿਆ ਜੋ ਪਿਛਲੇ ਹਫਤੇ ਵਰਤਮਾਨ ਡਿਊਕ ਦੀ ਪੁੱਤਰੀ ਦੇ ਵਿਆਹ ਸਮਾਗਮ ’ਚ ਵਰਤੀ ਗਈ ਸੀ। ਕੋਰਟ ਯਾਰਡ ਕੈਫੇ ਦਾ ਵਾਤਾਵਰਨ ਸਵਾਗਤਯੋਗ ਸੀ। ਚਾਹ ਪੀਂਦੇ ਹੋਏ ਅਸੀ ਓਨਿਕ ਕਾਸਲ ’ਚ ਹੋ ਰਹੀਆਂ ਮਨੋਰੰਜਕ ਖੇਡਾਂ ਦੇ ਵਿਸ਼ੇ ’ਚ ਜਾਣਕਾਰੀ ਲਈ।

### ਓਨਿਕ ਬਾਗ਼

ਆਪਣੀ ਇਕ ਦਿਨਾ ਓਨਿਕ ਕਿਲ੍ਹੇ ਦੀ ਯਾਤਰਾ ਦੇ ਅੰਤ ’ਚ ਅਸੀ ਓਨਿਕ ਗਾਰਡਨ ਪਹੁੰਚੇ ਜੋ ਸਥਾਨਕ ਲੋਕਾਂ ਅਤੇ ਸੈਲਾਨੀਆਂ ’ਚ ਲੋਕਪ੍ਰਿਯ ਹੈ। 18ਵੀ ਸਦੀ ਦੇ ਬਾਅਦ ਵੀ ਦੁਰਗ ਦੇ ਬਾਹਰ ਇਨ੍ਹਾਂ ਬਾਗ਼ਾਂ ਦਾ ਵਿਕਾਸ ਕੀਤਾ ਗਿਆ ਅਤੇ 21ਵੀ ਸਦੀ ਆਉਣ ਤਕ, ਇਨ੍ਹਾਂ ’ਚ ਕਈ ਸਕਾਰਾਤਮਕ ਅਤੇ ਦਿਲਖਿੱਚ ਤਬਦੀਲੀਆਂ ਕੀਤੀਆਂ ਗਈਆਂ। 2002 ਤੋਂ ਬਾਗ਼ ਦੇ ਫੁਹਾਰੇ ਅਤੇ ਲਾਈਟਾਂ, ਇਸ ਦੀ ਮੁੱਖ ਖਿੱਚ ਹਨ। ਓਨਿਕ-ਗਾਰਡਨ ਦੀ ਓਪਨਿੰਗ, ਇੰਗਲੈਂਡ ਦੇ ਰਾਜ-ਪਰਿਵਾਰ ਦੇ ਰਾਜਕੁਮਾਰ ਚਾਰਲਸ ਨੇ ਕੀਤੀ ਹੈ।

ਓਨਿਕ ਕਾਸਲ ਅਤੇ ਬਾਗ਼ ਦੀ ਯਾਤਰਾ ਤੋਂ ਮੁੜਦੇ ਸਮੇਂ ਮਨ ’ਚ ਵਿਚਾਰ ਆਇਆ ਕਿ ਭਾਰਤ ਦੇ ਅਣਗਿਣਤ ਕਿਲ੍ਹਿਆਂ ਅਤੇ ਮਹਿਲਾਂ ਨੂੰ ਵੀ ਤਾਂ ਓਨਿਕ ਕਾਸਲ ਦੇ ਬਰਾਬਰ ਸੈਲਾਨੀਆਂ ਦੇ ਨਾਲ-ਨਾਲ ਗਤੀਵਿਧੀ ਕੇਂਦਰ ਬਣਾਇਆ ਜਾ ਸਕਦਾ ਹੈ। ਫਿਲਮ ਸ਼ੂਟਿੰਗ ਦੇ ਇਲਾਵਾ, ਕਾਸਲ ਦੇ ਕੁਝ ਹਿੱਸਿਆਂ ਨੂੰ ਸਕੂਲਾਂ ਅਤੇ ਯੂਨੀਵਰਸਿਟੀਆਂ ਦੁਆਰਾ ਵਿੱਦਿਆ ਕੇਂਦਰਾਂ ਦੇ ਰੂਪ ’ਚ ਵਰਤੋਂ ਕੀਤੀ ਜਾ ਰਹੀ ਹੈ। ਇਥੇ ਸਮੇਂ-ਸਮੇਂ ’ਤੇ ਪ੍ਰਦਰਸ਼ਨੀਆਂ ਵੀ ਲਾਈਆਂ ਜਾਂਦੀਆਂ ਹਨ।



# ਹਰਿਆਣਾ ਸਰਕਾਰ ਸਿਖਿਆ, ਸਿਹਤ, ਸੁਰੱਖਿਆ, ਸਵਾਵਲੰਬਨ, ਸਵਾਭੀਮਾਨ, ਸੇਵਾ ਅਤੇ ਸੁਸਾਸ਼ਨ ਨੂੰ ਆਧਾਰ ਬਣਾ ਕੇ ਸੂਬੇ ਦੇ ਸਮੂਚੇ ਅਤੇ ਵਿਆਪਕ ਵਿਕਾਸ ਦੇ ਲਈ ਕਰ ਰਹੀ ਕੰਮ

## ਪ੍ਰਭੂ ਸ੍ਰੀਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਨਾਲ ਸਮੂਚਾ ਦੇਸ਼ ਹੋਇਆ ਰਾਮਮਈ, ਸ੍ਰੀਰਾਮ ਮੰਦਿਰ ਰਾਸ਼ਟਰ ਦੀ ਸਮਾਜਿਕ, ਸਭਿਆਚਾਰਕ ਅਤੇ ਦਾਰਨਿਕ ਵਿਰਾਸਤ ਦਾ ਪ੍ਰਤੀਕ : ਰਾਜਪਾਲ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਹਰਿਆਣਾ ਦੀ 14ਵੀਂ ਵਿਧਾਨਸਭਾ ਦੇ ਪੰਜਵੇਂ ਬਜਟ ਸੈਸ਼ਨ ਦੇ ਪਹਿਲੇ ਦਿਨ ਸਦਨ ਵਿਚ ਆਪਣਾ ਭਾਸ਼ਨ ਦਿੰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਵਿਚ ਸਿਖਿਆ, ਸਿਹਤ, ਸੁਰੱਖਿਆ, ਸਵਾਵਲੰਬਨ, ਸਵਾਭੀਮਾਨ, ਸੇਵਾ ਅਤੇ ਸੁਸਾਸ਼ਨ ਨੂੰ ਆਧਾਰ ਬਣਾ ਕੇ ਸੂਬੇ ਦੇ ਸਮੂਚੇ ਅਤੇ ਵਿਆਪਕ ਵਿਕਾਸ ਦੇ ਲਈ ਰੋਜਾਨਾਂ ਕੰਮ ਕਰ ਰਹੀ ਹੈ। ਸਰਕਾਰ ਦੇ ਲਈ ਗਰੀਬਾਂ, ਕਿਸਾਨਾਂ, ਨੌਜੁਆਨਾਂ ਅਤੇ ਮਹਿਲਾਵਾਂ ਦੀ ਭਲਾਈ -ਉਥਾਨ ਲਗਾਤਾਰ ਸਰਵੋਚ ਪ੍ਰਾਥਮਿਕਤਾ ਰਹੀ ਹੈ ਅਤੇ ਪੰਡਿਤ ਦੀਨਦਿਆਲ ਉਪਾਧਿਆਏ ਦਾ ਅੰਤੋਦੇਯ ਦਾ ਦਰਸ਼ਨ ਸਾਡੀ ਵਿਵਸਥਾ ਬਦਲਣ ਅਤੇ ਸੁਸਾਸ਼ਨ ਦੀ ਰਾਹ 'ਤੇ ਇਕ ਪ੍ਰਕਾਸ਼ ਥੰਮ੍ਹ ਵਜੋ ਸਾਡਾ ਮਾਰਗਦਰਸ਼ਨ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਕਣ-ਕਣ ਵਿਚ ਵੀਰਾਂ ਦੀ ਕੁਰਬਾਨੀਆਂ ਸਮਾਈਆਂ ਹੋਈਆਂ ਹਨ। ਸਾਡੇ ਬਹਾਦੁਰ ਜਵਾਨ ਦੇਸ਼ ਦੇ ਬਾਡਰਾਂ 'ਤੇ ਹਰ ਲੰਮ੍ਹਾ ਚੌਕਸ ਹਨ। ਸਾਡੇ ਕਿਸਾਨਾਂ ਦੇ ਮਿਹਨਤ ਨਾਲ ਦੇਸ਼ ਦੇ ਅਨਾਜ ਭੰਡਾਰ ਭਰ ਜਾਂਦੇ ਹਨ। ਸਾਡੇ ਖਿਡਾਰੀ ਕੌਮਾਂਤਰੀ ਮੁਕਾਬਲਿਆਂ ਵਿਚ ਜਿੱਤ ਕੇ ਦੇਸ਼ ਦਾ ਮਾਨ ਵਧਾਉਂਦੇ ਹਨ। ਹਰਿਆਣਾ ਸਹੀ ਮਾਇਨੇ ਵਿਚ ਜੈਯ ਜਵਾਨ-ਜੈਯ ਕਿਸਾਨ-ਜੈਯ ਵਿਗਿਆਨ ਦੇ ਨਾਰੇ ਨੂੰ ਸਾਕਾਰ ਕਰਦਾ ਹੈ। ਪ੍ਰਤੀ ਵਿਅਕਤੀ ਆਮਦਨ ਦੀ ਗੱਲ ਹੋਵੇ, ਉਦਯੋਗਾਂ ਦੇ ਵਿਕਾਸ ਦੀ ਗੱਲ ਹੋਵੇ, ਸਮਾਜਿਕ ਸੁਰੱਖਿਆ ਅਤੇ ਜਨਭਲਾਈ ਦੀ ਡਗਰ ਹੋਵੇ ਜਾਂ ਫਿਰ ਖੇਤੀਬਾੜੀ ਵਿਚ ਇਨੋਵੇਸ਼ਨ ਦੀ ਪਹਿਲ ਅੱਜ ਹਰ ਮਾਮਲੇ ਵਿਚ ਕੌਮੀ ਫਲਕ 'ਤੇ ਹਰਿਆਣਾ ਦੀ ਮੌਜੁਦਗੀ ਨਜਰ ਆਉਂਦੀ ਹੈ। ਸਾਡਾ ਖੇਤੀਬਾੜੀ ਪ੍ਰਧਾਨ ਸੂਬਾ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਰੱਥ 'ਤੇ ਸਵਾਰ ਹੋ ਕੇ ਪੂਰੇ ਵੇਗ ਤੋਂ ਪ੍ਰਗਤੀ ਪੱਥ 'ਤੇ ਵੱਧ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਰਾਸ਼ਟਰ ਨੂੰ ਕਈ ਇਤਹਾਸਕ ਉਪਲਬਧੀਆਂ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਸਾਡੇ ਵਿਗਿਆਨਕਾਂ ਨੇ ਚੰਦਰਮਾਂ ਦੇ ਸਾਊਥ ਪੋਲ 'ਤੇ ਚੰਦਰਯਾਨ-3 ਦੀ ਸਫਲ ਲੈਂਡਿੰਗ ਕਰਵਾ ਕੇ ਭਾਰਤ ਦਾ ਪਰਚਮ ਲਹਿਰਾਉਣ ਦਾ ਕੰਮ ਕੀਤਾ। ਇਸ ਤਰ੍ਹਾ ਸੂਰਜ ਦਾ ਅਧਿਐਨ ਕਰਨ ਦੇ ਲਈ ਭੇਜਿਆ ਗਿਆ ਆਦਿਤਯ ਏਲ-1 ਵੀ ਸਪੇਸ ਵਿਚ ਆਪਣਾ ਆਭਾ ਬਿਖੇਰਦਾ ਰਹੇਗਾ। ਪਿਛਲੇ ਸਾਲ ਭਾਂਰਤ ਨੂੰ ਜੀ-20 ਸਿਖਲ ਸਮੇਲਨ ਦੀ ਅਗਵਾਈ ਕਰਨ ਦਾ ਵੀ ਖੁਸ਼ਕਿਸਮਤੀ ਪ੍ਰਾਪਤ ਹੋਈ। ਇਸ ਸਿਖਰ ਸਮੇਲਨ ਦੌਰਾਨ ਭਾਰਤ ਕਈ ਗੰਭੀਰ ਮੁਦਿਆਂ 'ਤੇ ਕੌਮਾਂਤਰੀ ਸਹਿਮਤੀ ਕਾਇਮ ਕਰਨ ਵਿਚ ਸਫਲ ਰਿਹਾ ਅਤੇ ਵਿਸ਼ਵ ਨੇ ਸਾਡੀ ਅਗਵਾਈ ਸਮਰੱਕਾ ਦਾ ਲੋਹਾ ਮੰਨਿਆ ਹੈ।

ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਕਿ ਪ੍ਰਭੂ ਸ੍ਰੀਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਨਾਲ ਅੱਜ ਸਮੂਚਾ ਦੇਸ਼ ਰਾਮਮਈ ਹੈ। ਰਾਸ਼ਟਰ ਦੇ ਕਣ-ਕਣ ਵਿਚ ਭਗਤੀ, ਸ਼ਕਤੀ, ਮਾਣ ਅਤੇ ਗੌਰਵ ਦਾ ਭਾਵ ਵਿਆਪਤ ਹੈ। ਇਸ ਪਵਿੱਤਰ ਪਰਾਕਾਸ਼ਠਾ ਲਈ ਮੈਂ ਸਮੂਚੇ ਦੇਸ਼ਵਾਸੀਆਂ ਨੂੰ ਇਹ ਦਿਨ ਦਿਖਾਉਣ ਦੇ ਨਿਮਿਤ ਬਣੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਵੀ ਸਾਧੂਵਾਦ ਦਿੰਦਾ ਹੈ। ਭਗਵਾਨ ਸ੍ਰੀਰਾਮ ਦੇ ਮੰਦਿਰ ਨਿਰਮਾਣ ਦੇ ਸਪਨੇ ਨੂੰ ਸਾਕਾਰ ਬਣਾ ਕੇ ਉਨ੍ਹਾਂ ਨੇ ਕਰੋੜਾਂ ਭਾਂਰਤੀਆਂ ਦੀ ਆਸਾਂ ਨੂੰ ਪੂਰਾ ਕੀਤਾ ਹੈ ਅਤੇ ਉਨ੍ਹਾਂ ਦੀ ਆਸਥਾ ਨੂੰ ਸੰਭਲ ਪ੍ਰਦਾਨ ਕੀਤਾ ਹੈ। ਇਹ ਮੰਦਿਰ ਸਾਡੇ ਰਾਸ਼ਟਰ ਦੀ ਸਮਾਜਿਕ ,ਸਭਿਆਚਾਰਕ ਅਤੇ ਦਾਰਸ਼ਨਿਕ ਵਿਰਾਸਤ ਦਾ ਪ੍ਰਤੀਕ ਹੈ। ਰਾਜਪਾਲ ਨੇ ਸਾਰੇ ਸੂਬਾਵਾਸੀਆਂ ਦੇ ਸਿਹਤ, ਖੁਸ਼ਹਾਲ, ਸਵਾਵਲੰਬੀ ਬਨਣ ਅਤੇ ਸੂਬੇ ਦੇ ਵਿਕਾਸ ਵਿਚ ਹਰ ਵਿਅਕਤੀ ਦੀ ਸਮਾਨ ਰੂਪ ਨਾਲ ਸਹਿਭਾਗਤਾ ਹੋਣ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਹਰਿਆਣਾ ਪ੍ਰਗਤੀ ਦੇ ਪੱਥ 'ਤੇ ਲਗਾਤਾਰ ਗਤੀਸ਼ੀਲ ਹੈ, ਵਿਕਾਸ ਦੇ ਮਾਮਲੇ ਵਿਚ ਨਿੱਤ ਨਵੇਂ ਮੁਕਾਮ ਸਥਾਪਿਤ ਕਰਨ। ਇਹ ਸਦਨ ਲਗਭਗ 2 ਕਰੋੜ 85 ਲੱਖ ਸੂਬਾਵਸੀਆਂ ਦੀ ਆਸਾਂ ਨਦਾ ਧਵਜਵਾਹਕ ਹੈ।

**ਹਰਿਆਣਾ ਸਰਕਾਰ ਕਿਸਾਨਾਂ ਦੀ ਭਲਾਈ ਲਈ ਪ੍ਰਤੀਬੱਧ**

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਖੇਤੀਬਾੜੀ ਨੂੰ ਲਾਭਦਾਇਕ ਬਨਾਉਣ ਅਤੇ ਕਿਸਾਨਾਂ ਦੇ ਲਈ ਭਲਾਈ ਤੇ ਉਨ੍ਹਾਂ ਦੇ ਆਰਥਕ ਉਥਾਨ ਲਈ ਪ੍ਰਤੀਬੱਧ ਹੈ। ਰਾਜ ਸਰਕਾਰ ਨੇ 14 ਫਸਲਾਂ ਦੀ ਐਮਐਸਪੀ 'ਤੇ ਖਰੀਦ ਕਰ ਕੇ ਇਕ ਪੂਰੇ ਦੇਸ਼ ਵਿਚ ਅਨੋਖਾ ਉਦਾਹਰਣ ਪੇਸ਼ ਕੀਤਾ ਹੈ। ਇੰਨ੍ਹਾਂ ਹੀ ਨਹੀਂ, ਮੇਰੀ ਫਸਲ-ਮੇਰਾ ਬਿਊਰਾ ਪੋਰਟਲ 'ਤੇ ਰਜਿਸਟਰਡ ਕਿਸਾਨਾਂ ਦੇ ਖਾਂਿਆਂ ਵਿਚ ਪਿਛਲੇ 7 ਸੀਜਨ ਵਿਚ ਖਰੀਦੀ ਗਈ ਫਸਲ ਦੀ ਏਵਜ ਵਿਚ ਲਗਭਗ 90 ਹਜਾਰ ਕਰੋੜ ਰੁਪਏ ਦੀ ਰਕਮ ਸਿੱਧੇ ਪਾਈ ਗਈ ਹੈ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਰਾਹਤ ਦੇਣ ਲਈ ਸੂਬਾ ਸਰਕਾਰ ਵੱਲੋਂ ਭਾਵਾਂਤਰ ਭਰਪਾਈ ਯੋਜਨਾ ਸ਼ੁਰੂ ਕੀਤੀ ਹੈ। ਭਾਵਾਂਤਰ ਭਰਪਾਈ ਯੋਜਨਾ ਤਹਿਤ ਬਾਜਰਾ ਉਤਪਾਦਕ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ 836.12 ਕਰੋੜ ਰੁਪਏ ਦੀ ਰਕਮ ਪਾਈ ਗਈ ਹੈ।

ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਰਾਜ ਦੇ 19.94 ਲੱਖ ਕਿਸਾਨਾਂ ਦੇ ਖਾਤਿਆਂ ਵਿਚ ਪਿਛਲੇ ਚਾਰ ਸਾਲਾਂ ਵਿਚ 4157.73 ਕਰੋੜ ਰੁਪਏ ਦੀ ਰਕਮ ਸਿੱਧੇ ਜਮ੍ਹਾ ਕਰਵਾਈ ਗਈ ਹੈ। ਨਾਲ ਹੀ ਸੂਬਾ ਸਰਕਾਰ ਕੁਦਰਤੀ ਆਪਦਾਵਾਂ ਵਿਚ ਢਾਲ ਬਣ ਕੇ ਕਿਸਾਨ ਦੇ ਨਾਲ ਖੜੀ ਹੈ। ਪ੍ਰਧਾਨ ਮੰਤਰ ਫਸਲ ਬੀਮਾ ਯੋਜਨਾ ਤਹਿਤ 32.06 ਲੱਖ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਖਰੀਦ ਹੋਣ 'ਤੇ ਲਗਭਗ 8178 ਕਰੋੜ ਰੁਪਏ ਦੇ ਕਲੇਮ ਦਿੱਤੇ ਗਏ ਹਨ। ਕੁਦਰਤੀ ਆਪਦਾਵਾਂ ਤੋਂ ਫਸਲ ਖਰਾਬ ਹੋਣ 'ਤੇ ਮੁਆਵਜਾ ਰਕਮ 10,000 ਰੁਪਏ ਤੋਂ ਵਧਾ ਕੇ 15,000 ਰੁਪਏ ਕੀਤੀ ਗਈ ਹੈ। ਪਿਛਲੇ ਚਾਰ ਸਾਲਾਂ ਵਿਚ ਕੁਦਰਤੀ ਆਪਦਾ ਨਾਲ ਫਸਲਾਂ ਖਰਾਬ ਹੋਣ 'ਤੇ ਕਿਸਾਨਾਂ ਨੂੰ ਲਗਭਗ 1845.95 ਕਰੋੜ ਰੁਪਏ ਦੀ ਰਕਮ ਮੁਆਵਜਾ ਵਜੋ ਦਿੱਤੀ ਗਈ।

ਰਾਜਪਾਲ ਨੇ ਕਿਹਾ ਕਿ ਮਿੱਟੀ ਸਿਹਤ ਨੂੰ ਗਿਰਾਵਟ ਤੋਂ ਬਚਾਉਣ ਅਤੇ ਖਤਰਨਾਕ ਕੀਟਨਾਸ਼ਕਾਂ ਦੀ ਵਰਤੋ ਨੂੰ ਘੱਟ ਕਰਨ ਲਈ ਮੌਜੂਦਾ ਰਾਜ ਸਰਕਾਰ ਨੇ ਕੁਦਰਤੀ ਖੇਤੀ ਯੋਜਨਾ ਲਾਗੂ ਕੀਤੀ ਹੈ। ਇਸ ਦੇ ਲਈ ਸ਼ੁਰੂ ਕੀਤੇ ਗਏ ਸਮਰਪਿਤ ਕੁਦਰਤੀ ਖੇਤੀ ਪੋਰਟਲ 'ਤੇ ਹੁਣ ਤਕ 13,388 ਕਿਸਾਨਾਂ ਨੇ ਆਪਣਾ ਰਜਿਸਟ੍ਰੇਸ਼ਣ ਕੀਤਾ ਹੈ। ਕੁਰੂਕਸ਼ੇਤਰ ਗੁਰੂਕਲ, ਜਿਲ੍ਹਾ ਕਰਨਾਲ ਦੇ ਘਰੌਂਡਾ ਜੀਂਦ ਦੇ ਹਮੇਟੀ ਅਤੇ ਸਿਰਸਾ ਦੇ ਮੰਗਿਯਾਨਾ ਵਿਚ 4 ਕੁਦਰਤੀ ਖੇਤੀ ਸਿਖਲਾਈ ਕੇਂਦਰ ਖੋਲੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਮੇਰਾ ਪਾਣੀ-ਮੇਰੀ ਵਿਰਾਸਤ ਯੋਜਨਾ ਦੇ ਤਹਿਤ 1 ਲੱਖ 72 ਹਜਾਰ ਏਕੜ ਖੇਤਰ ਵਿਚ ਝੋਨੇ ਥਾਂ ਵੈਕਲਪਿਕ ਫੈਸਲ ਬਿਜਣ 'ਤੇ 7,000 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਲਗਭਗ 117.22 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਸਮੇਂ 'ਤੇ ਕਰਜਾ ਦੀ ਅਦਾਇਗੀ ਕਰਨ ਵਾਲੇ ਕਿਸਾਨਾਂ ਨੂੰ ਬਿਨ੍ਹਾਂ ਵਿਆਜ ਫਸਲੀ ਕਰਜਾ ਦੀ ਸਹੂਲਤ ਦਿੱਤੀ ਗਈ ਹੈ। ਸੂਬੇ ਵਿਚ 12 ਐਕਸੀਲੈਂਸ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਕੁੱਝ ਵਿਚ ਇਜਰਾਇਲ ਦੀ ਤਕਨੀਕ ਦੀ ਵਰਤੋ ਕੀਤੀ ਜਾ ਰਹੀ ਹੈ। ਗੰਨੌਰ ਵਿਚ 3050 ਕਰੋੜ ਰੁਪਏ ਦੀ ਲਾਗਤ ਨਾਲ ਕੌਮਾਂਤਰੀ ਪੱਧਰ ਦੀ ਹੋਰਟੀਕਲਚਰ ਮਾਰਕਿਟ, ਪਿੰਜੌਰ ਵਿਚ 78 ਏਕੜ ਭੂਮੀ 'ਤੇ 150 ਕਰੋੜ ਰੁਪਏ ਦੀ ਲਾਗਤ ਨਾਲ ਸੇਬ, ਫੱਲ ਅਤੇ ਸਬਜੀ ਮੰਡੀ ਨਿਰਮਾਣਧੀਨ

ਸ੍ਰੀ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਕਿ ਨਵੀਂ ਤੇ ਵੱਧ ਮੰਡੀਆਂ ਦੇ ਵਿਕਾਸ 'ਤੇ 1095ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ। ਇਸ ਤੋਂ ਇਲਾਵਾ, 100 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਅਤੇ ਵੱਧ ਅਨਾਜ ਤੇ ਸਬਜੀ ਮੰਡੀਆਂ ਦਾ ਨਿਰਮਾਣ ਕੰਮ ਪ੍ਰਗਤੀ 'ਤੇ ਹੈ। ਗੰਨੌਰ ਵਿਚ 3050 ਕਰੋੜ ਰੁਪਏ ਦੀ ਲਾਗਤ ਨਾਲ ਕੌਮਾਂਤਰੀ ਪੱਧਰ ਦੀ ਹੋਰਟੀਕਲਚਰ ਮਾਰਕਿਟ ਅਤੇ ਪਿੰਜੌਰ ਵਿਚ 78 ਏਕੜ ਭੂਮੀ 'ਤੇ 150 ਕਰੋੜ ਰੁਪਏ ਦੀ ਲਾਗਤ ਨਾਲ ਸੇਬ , ਫੱਲ ਅਤੇ ਸਬਜੀ ਮੰਡੀ ਨਿਰਮਾਣਧੀਨ ਹੈ। ਰਾਜ ਦੀ 108 ਮੰਡੀਆਂ ਨੂੰ ਕੌਮੀ ਖੇਤੀਬਾੜੀ ਬਾਜਾਰ ਪੋਰਟਲ (ਈ-ਨਾਮ) ਨਾਲ ਜੋੜਿਆ ਗਿਆ ਹੈ। ਦੇਸੀ ਗਾਂਵਾਂ ਦੇ ਪ੍ਰੋਤਸਾਹਨ ਤਹਿਤ ਹਰਯਾਨਾ, ਸਾਹੀਵਾਲ ਅਤੇ ਬੇਲਾਹੀ ਨਸਲ ਦੀ ਵੱਧ ਦੁੱਧ ਦੇਣ ਵਾਲੀ ਗਾਂ ਦੇਪਾਲਕਾਂ ਨੂੰ ਦਿੱਤਾ ਜਾਂਦਾ ਹੈ 5000 ਰੁਪਏ ਤੋਂ ਲੈ ਕੇ 20000 ਰੁਪਏ ਤਕ ਦਾ ਪ੍ਰੋਤਸਾਹਨ

ਰਾਜਪਾਲ ਨੇ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਨੂੰ ਆਮਦਨ ਦੇ ਵੱਧ ਸਾਧਨ ਮੁਹਇਆ ਕਰਵਾਉਣ ਲਈ ਪਸ਼ੂਪਾਲਣ ਨੂੰ ਪ੍ਰੋਤਸਾਹਿਤ ਕਰ ਰਹੀ ਹੈ। ਸੂਬੇ ਵਿਚ 20 ਤੇ 50 ਦੁਧਾਰੂ ਪਸ਼ੂਆਂ ਦੀ ਡੇਅਰੀ ਸਥਾਪਿਤ ਕਰਨ 'ਤੇ ਲਾਭਕਾਰਾਂ ਨੂੰ ਬੈਂਕ ਕਰਜਾ 'ਤੇ ਵਿਆਜ ਗ੍ਰਾਂਟ ਉਪਲਬਧ ਕਰਵਾਇਆ ਜਾ ਰਿਹਾ ਹੈ। ਨਾਲ ਹੀ 2,4 ਤੇ 10 ਦੁਧਾਰੂ ਪਸ਼ੂਆਂ ਦੀ ਹਰੀ ਇਕਾਈਆਂ ਸਥਾਪਿਤ ਕਰਨ 'ਤੇ ਲਾਭਕਾਰਾਂ ਨੂੰ 25 ਫੀਸਦੀ ਗ੍ਰਾਂਟ ਦਿੱਤੀ ਜਾਂਦੀ ਹੈ।

ਉਨ੍ਹਾਂ ਨੇ ਕਿਹਾ ਕਿ ਦੇਸੀ ਗਾਂਵਾਂ ਦੇ ਪ੍ਰੋਤਸਾਹਿਤ ਤਹਿਤ ਹਰਯਾਨਾ, ਸਾਹੀਵਾਲ ਅਤੇ ਬਲਾਹੀ ਨਸਲ ਦੀ ਵੱਧ ਦੁੱਧ ਦੇਣ ਵਾਲੇ ਗਾਂ ਦੇ ਪਾਲਕਾਂ ਨੂੰ 5000 ਰੁਪਏ ਤੋਂ ਲੈਕੇ 20,000 ਰੁਪਏ ਤਕ ਦਾ ਪ੍ਰੋਤਸਾਹਨ ਦਿੱਤਾ ਜਾਂਦਾ ਹੈ। ਸੂਬੇ ਦੇ ਪਸ਼ੂਪਾਲਕਾਂ ਨੂੰ ਅਆਰਥਕ ਸੁਰੱਖਿਆ ਪ੍ਰਦਾਨ ਕਰਨ ਲਈ ਪੰਡਿਤ ਦੀਨਦਿਆਲ ਉਪਾਧਿਆਏ ਸਮੂਹਿਕ ਪਸ਼ੂਧਨ ਬੀਮਾ ਯੋਜਨਾ ਵੀ ਚਲਾਈ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਪਸ਼ੂਧਨ ਕਿਸਾਨ ਕ੍ਰੇਡਿਟ ਕਾਰਡ ਯੋਜਨਾ ਦੇ ਤਹਿਤ 1 ਲੱਖ 50 ਹਜਾਰ ਪਸ਼ੂਪਾਲਕਾਂ ਨੂੰ ਕਾਰਡ ਦਿੱਤੇ ਜਾ ਚੁੱਕੇ ਹਨ। ਦੁਰਘਟਨਾ ਬੀਮਾ ਯੋਜਨਾ ਤਹਿਤ ਸਹਿਕਾਰੀ ਦੁੱਧ ਸਮਿਤੀਆਂ ਦੇ ਦੁੱਧ ਉਤਪਾਦਕਾਂ ਨੂੰ 10 ਲੱਖ ਰੁਪਏ ਪ੍ਰਤੀਵਿਅਕਤੀ ਦੁਰਘਟਨਾ ਬੀਮਾ ਕਵਰ ਦਿੱਤਾ ਜਾਂਦਾ ਹੈ।

# ਕੈਬਨਿਟ ਮੰਤਰੀ ਕੰਵਰਪਾਲ ਹਰਿਆਣਾ ਚੋਣ ਪ੍ਰਬੰਧਨ ਕਮੇਟੀ ਦੇ ਮੈਂਬਰ ਬਣੇ



**ਯਮੁਨਾਨਗਰ,23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਕੈਬਨਿਟ ਮੰਤਰੀ ਕੰਵਰਪਾਲ ਨੇ ਦੱਸਿਆ ਕਿ ਅੱਜ ਭਾਜਪਾ ਦੇ ਸੂਬਾ ਪ੍ਰਧਾਨ ਨਾਇਬ ਸੈਣੀ ਨੇ ਭਾਜਪਾ ਦੀ ਕੌਮੀ ਲੀਡਰਸ਼ਿਪ ਅਤੇ ਸੀਨੀਅਰ ਨੇਤਾਵਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਹਰਿਆਣਾ ਚੋਣ ਪ੍ਰਬੰਧਨ ਕਮੇਟੀ ਦਾ ਐਲਾਨ ਕੀਤਾ ਹੈ, ਜਿਸ ਵਿਚ ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਹਰਿਆਣਾ ਚੋਣ ਪ੍ਰਬੰਧਨ ਕਮੇਟੀ ਦਾ ਮੈਂਬਰ ਬਣਾਉਣ ਲਈ ਉਹ ਭਾਜਪਾ ਦੇ ਸੂਬਾ ਪ੍ਰਧਾਨ ਨਾਇਬ ਸੈਣੀ ਅਤੇ ਮੁੱਖ ਮੰਤਰੀ ਮਨੋਹਰ ਲਾਲ ਸਣੇ ਸਾਰੇ ਕੌਮੀ ਸੀਨੀਅਰ ਭਾਜਪਾ ਆਗੂਆਂ ਦਾ ਧੰਨਵਾਦ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਚੋਣਾਂ 'ਚ ਸਾਰੀਆਂ ਸੀਟਾਂ 'ਤੇ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰੇਗੀ ਕਿਉਂਕਿ ਦੇਸ਼ ਦੀ ਜਨਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਭਰੋਸਾ ਕਰਦੀ ਹੈ।

# ਫਰੀਦਾਬਾਦ ਦੇ ਪ੍ਰਾਜੈਕਟ ਸਮੇਂ ਸਿਰ ਮੁਕੰਮਲ ਕਰਨ ਦੇ ਹੁਕਮ

**ਫਰੀਦਾਬਾਦ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਮਨੋਹਰ ਲਾਲ ਦੇ ਮੁੱਖ ਸਲਾਹਕਾਰ (ਸ਼ਹਿਰੀ ਵਿਕਾਸ) ਡੀਐਸ ਢੇਸੀ ਨੇ ਕਿਹਾ ਕਿ ਸ਼ਹਿਰ ਵਿੱਚ ਚੱਲ ਰਹੀਆਂ ਸਾਰੀਆਂ ਵੱਡੀਆਂ ਵਿਕਾਸ ਯੋਜਨਾਵਾਂ ਸਮੇਂ ਸਿਰ ਪੂਰੀਆਂ ਕੀਤੀਆਂ ਜਾਣ ਅਤੇ ਨਿਰਮਾਣ ਕਾਰਜਾਂ ਦੀ ਗੁਣਵੱਤਾ ਦਾ ਪੂਰਾ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਕੰਮ ਵਿੱਚ ਕੋਈ ਅਣਗਹਿਲੀ ਨਹੀਂ ਹੋਣੀ ਚਾਹੀਦੀ। ਸ੍ਰੀ ਢੇਸੀ ਅੱਜ ਮੰਗਲਵਾਰ ਨੂੰ ਮਿਨੀ ਸਕੱਤਰੇਤ ਵਿੱਚ ਫਰੀਦਾਬਾਦ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਕਰ ਰਹੇ ਸਨ। ਮੀਟਿੰਗ ਵਿੱਚ ਐਫਐਮਡੀਏ ਦੇ ਸੀਈਓ ਏ. ਸ੍ਰੀਨਿਵਾਸ, ਡਿਪਟੀ ਕਮਿਸ਼ਨਰ ਵਿਕਰਮ ਸਿੰਘ, ਐਚਐਸਵੀਪੀ ਪ੍ਰਸ਼ਾਸਕ ਡਾ.ਗਰਿਮਾ ਮਿੱਤਲ, ਵਧੀਕ ਡਿਪਟੀ ਕਮਿਸ਼ਨਰ ਆਨੰਦ ਸ਼ਰਮਾ ਅਤੇ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਸਾਲ 2031 ਤੱਕ ਆਬਾਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਵੱਖ-ਵੱਖ ਪ੍ਰਾਜੈਕਟ ਸ਼ਾਮਲ ਹਨ।

# ਕਬੱਡੀ ਟੂਰਨਾਮੈਂਟ ਦੇ ਫਾਈਨਲ'ਚ ਪੁੱਜੀਆਂ ਪਿਪਲੀ ਤੇ ਪਿਹੋਵਾ ਦੀਆਂ ਟੀਮਾਂ



**ਸ਼ਾਹਬਾਦ ਮਾਰਕੰਡਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੂਬਾ ਪ੍ਰਧਾਨ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਖੇਡਾਂ ਸਾਡੇ ਲਈ ਲਾਹੇਵੰਦ ਹਨ ਕਿਉਂਕਿ ਇਹ ਸਾਨੂੰ ਤੰਦਰੁਸਤ ਤੇ ਅਨੁਸ਼ਾਸ਼ਨ 'ਚ ਰਹਿਣਾ ਸਿਖਾਉਂਦੀਆਂ ਹਨ। ਸੂਬਾ ਪ੍ਰਧਾਨ ਤੇ ਸੰਸਦ ਨਾਇਬ ਸਿੰਘ ਸੈਣੀ ਦਰੋਣਾਚਾਰੀਆ ਸਟੇਡੀਅਮ ਵਿਚ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਉਦਘਾਟਨੀ ਸਮਾਗਮ ਵਿਚ ਬੋਲ ਰਹੇ ਸਨ। ਇਸ ਤੋਂ ਪਹਿਲਾਂ ਸੂਬਾ ਪ੍ਰਧਾਨ ਨਾਇਬ ਸਿੰਘ ਸੈਣੀ, ਵਿਧਾਇਕ ਸੁਭਾਸ਼ ਸੁਧਾ, ਭਾਜਪਾ ਜ਼ਿਲ੍ਹਾ ਪ੍ਰਧਾਨ ਰਵੀ ਬਤਾਨ, ਹਰਿਆਣਾ ਪਸ਼ੂ ਧੰਨ ਤੇ ਡੇਅਰੀ ਵਿਕਾਸ ਬੋਰਡ ਦੇ ਚੇਅਰਮੈਨ ਧਰਮਬੀਰ ਮਿਰਜਾਪੁਰ, ਕੈਲਾਸ਼ ਸੈਣੀ ਨੇ ਰਸਮੀ ਤੌਰ 'ਤੇ ਸ਼ਮਾ ਰੌਸ਼ਨ ਕਰ ਕੇ ਮੁਕਾਬਲਿਆਂ ਦਾ ਆਗਾਜ਼ ਕੀਤਾ। ਸੰਸਦ ਮੈਂਬਰ ਨੇ ਕਿਹਾ ਕਿ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਖੇਡਾਂ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿਚ ਵੀ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਨੂੰ ਹਰਿਆਣਾ ਦੇ ਖਿਡਾਰੀਆਂ 'ਤੇ ਮਾਣ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਈ ਵਾਰ ਸੂਬੇ ਦੇ ਖਿਡਾਰੀਆਂ ਦੀ ਤਾਰੀਫ ਕਰ ਚੁੱਕੇ ਹਨ, ਇਹ ਸਭ ਮੁੱਖ ਮੰਤਰੀ ਮਨੋਹਰ ਲਾਲ ਦੀਆਂ ਖੇਡ ਨੀਤੀਆਂ ਕਰਕੇ ਹੀ ਸੰਭਵ ਹੋਇਆ ਹੈ। ਖੇਡਾਂ ਵਿਚ ਹਰਿਆਣਾ ਨਿਵੇਕਲੀ ਪਛਾਣ ਬਣਾ ਚੁੱਕਾ ਹੈ। ਭਾਰਤ ਨੇ ਪਿਛਲੀਆਂ ਓਲਿੰਪਕ ਖੇਡਾਂ ਵਿਚ ਕੁੱਲ 18 ਤਗਮੇ ਜਿੱਤੇ ਸਨ, ਜਿਨ੍ਹਾਂ 'ਚ ਇਕੱਲੇ 10 ਤਗਮੇ ਹਰਿਆਣਾ ਦੇ ਖਿਡਾਰੀਆਂ ਨੇ ਜਿੱਤੇ ਸਨ।

ਵਿਧਾਇਕ ਸੁਧਾ ਨੇ ਕਿਹਾ ਕਿ ਖੇਡਾਂ ਸਾਨੂੰ ਜੀਵਨ ਵਿਚ ਸਮੇਂ ਦੇ ਪਾਬੰਦ ਬਣਾਉਣਾ ਸਿਖਾਉਂਦੀਆਂ ਹਨ। ਕੈਲਾਸ਼ ਸੈਣੀ ਨੇ ਦੱਸਿਆ ਕਿ ਪਿਪਲੀ ਬਲਾਕ ਤੇ ਪਿਹੋਵਾ ਬਲਾਕ ਦੀਆਂ ਟੀਮਾਂ ਵਿਚਾਲੇ ਫਾਈਨਲ ਮੁਕਾਬਲਾ ਹੋਵੇਗਾ। ਇਨ੍ਹਾਂ ਟੀਮਾਂ ਦਾ ਫਾਈਨਲ ਮੁਕਾਬਲਾ 23 ਫਰਵਰੀ ਨੂੰ ਕੈਥਲ ਵਿਚ ਹੋਵੇਗਾ। ਇਸ ਤੋਂ ਇਲਾਵਾ ਥਾਨੇਸਰ ਬਲਾਕ ਦੀ ਟੀਮ ਨੇ ਇਸਮਾਈਲਾਬਾਦ ਬਲਾਕ ਦੀ ਟੀਮ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ ਹੈ।

# ਖੱਟਰ ਦੇ ਘਰ ਅੱਗੇ ਪ੍ਰਦਰਸ਼ਨ ਕਰਦੇ ਕਾਂਗਰਸੀਆਂ ਦੀ ਪੁਲਿਸ ਨਾਲ ਝੜਪ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

?ਦਿੱਲੀ ਕੂਚ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਰੋਕਾਂ ਲਗਾ ਕੇ ਰੋਕਣ ਅਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਖ਼ਿਲਾਫ਼ ਅੱਜ ਕਾਂਗਰਸ ਪਾਰਟੀ ਵੱਲੋਂ ਚੰਡੀਗੜ੍ਹ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਚੰਡੀਗੜ੍ਹ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿੱਚ ਝੜਪ ਹੋਈ, ਜਿਸ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਦਿੱਲੀ ਕੂਚ ਕਰਨ ਵਾਲੇ ਕਿਸਾਨਾਂ ਨੂੰ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਰੋਕਾਂ ਲਗਾ ਕੇ ਰੋਕਣ ਅਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਖ਼ਿਲਾਫ਼ ਅੱਜ ਕਾਂਗਰਸ ਪਾਰਟੀ ਵੱਲੋਂ ਚੰਡੀਗੜ੍ਹ ਵਿੱਚ ਹਰਿਆਣਾ ਦੇ



ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਚੰਡੀਗੜ੍ਹ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿੱਚ ਝੜਪ ਹੋਈ, ਜਿਸ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ।

# ਐੱਸਵਾਈਐੱਲ ਨਹਿਰ ਦਾ ਕੰਮ ਮੁਕੰਮਲ ਕਰਵਾਉਣ ਲਈ ਸੂਬਾ ਸਰਕਾਰ ਯਤਨਸ਼ੀਲ: ਦੱਤਾਤ੍ਰੇਅ

**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਭਾਜਪਾ ਤੇ ਜੇਜੇਪੀ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦਾ ਆਖ਼ਰੀ ਸਾਲ ਦਾ ਬਜਟ ਸੈਸ਼ਨ ਅੱਜ ਤੋਂ ਸ਼ੁਰੂ ਹੋ ਗਿਆ ਹੈ। ਪਹਿਲੇ ਦਿਨ ਹੀ ਸੂਬਾ ਸਰਕਾਰ ਨੂੰ ਵਿਕਾਸ ਦੇ ਮੁੱਦੇ 'ਤੇ ਘੇਰਦਿਆਂ ਵਿਰੋਧੀ ਧਿਰ ਕਾਂਗਰਸ ਵੱਲੋਂ ਗੱਠਜੋੜ ਸਰਕਾਰ ਖਿਲਾਫ਼ ਬੇਭਰੋਸਗੀ ਮਤਾ ਪੇਸ਼ ਕੀਤਾ ਗਿਆ। ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਨੇ ਬੇਭਰੋਸਗੀ ਮਤਾ ਪ੍ਰਵਾਨ ਕਰਦਿਆਂ ਇਸ 'ਤੇ 23 ਫਰਵਰੀ ਨੂੰ ਬਹਿਸ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਹੁਣ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਇੱਕ ਵਾਰ ਫਿਰ 23 ਫਰਵਰੀ ਨੂੰ ਆਪਣਾ ਬਹੁਮਤ ਸਾਬਤ ਕਰਨਗੇ। ਕਾਂਗਰਸ ਨੇ ਦੋ ਸਾਲ ਪਹਿਲਾਂ ਵੀ ਬਜਟ ਸੈਸ਼ਨ ਦੌਰਾਨ ਬੇਭਰੋਸਗੀ ਮਤਾ ਲਿਆਂਦਾ ਸੀ ਜੋ ਗੱਠਜੋੜ ਸਰਕਾਰ ਅੱਗੇ ਟਿਕ ਨਹੀਂ ਸਕਿਆ। ਜ਼ਿਕਰਯੋਗ ਹੈ ਕਿ 90 ਮੈਂਬਰੀ ਸੂਬਾਈ ਵਿਧਾਨ ਸਭਾ ਵਿੱਚੋਂ ਭਾਜਪਾ ਕੋਲ 41 ਤੇ ਜੇਜੇਪੀ ਕੋਲ ਦਸ ਵਿਧਾਇਕ ਹਨ, ਜਦੋਂਕਿ ਸੱਤ ਆਜ਼ਾਦ ਵਿਧਾਇਕਾਂ ਵਿੱਚੋਂ ਛੇ ਭਗਵਾ ਪਾਰਟੀ ਨਾਲ ਹਨ। ਵਿਧਾਇਕ ਅਭੈ ਚੌਟਾਲਾ ਤੇ ਬਲਰਾਜ ਕੁੰਡੂ ਨੇ ਸਥਿਤੀ ਹਾਲੇ ਸਪਸ਼ਟ ਨਹੀਂ ਕੀਤੀ। ਉਧਰ ਕਾਂਗਰਸ ਕੋਲ 30 ਵਿਧਾਇਕ ਹਨ। ਵਿਰੋਧੀ ਧਿਰ ਵੱਲੋਂ ਸੂਬਾ ਸਰਕਾਰ ਨੂੰ ਸਿੱਖਿਆ, ਸਿਹਤ, ਰੁਜ਼ਗਾਰ ਤੇ ਔਰਤਾਂ ਦੀ ਸੁਰੱਖਿਆ ਸਮੇਤ ਵੱਖ-ਵੱਖ ਮੁੱਦਿਆਂ 'ਤੇ ਘੇਰਦਿਆਂ ਬੇਭਰੋਸਗੀ ਮਤਾ ਲਿਆਂਦਾ ਗਿਆ ਹੈ।

ਬਜਟ ਸੈਸ਼ਨ ਵਿੱਚ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਸੂਬਾ ਸਰਕਾਰ ਦੀਆਂ ਪੰਜ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਐੱਸਵਾਈਐੱਲ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਰਾਵੀ-ਬਿਆਸ ਦਰਿਆਵਾਂ ਦੇ ਪਾਣੀ ਵਿੱਚੋਂ ਆਪਣਾ ਹਿੱਸਾ ਲੈਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਐੱਸਵਾਈਐੱਲ ਨਹਿਰ ਦੀ ਉਸਾਰੀ ਦਾ



ਕੰਮ ਮੁਕੰਮਲ ਕਰਵਾਉਣ ਲਈ ਵੀ ਠੋਸ ਕਦਮ ਚੁੱਕੇ ਜਾ ਰਹੇ ਹਨ। ਇਸ ਤੋਂ ਪਹਿਲਾਂ ਸੈਸ਼ਨ ਦੇ ਸ਼ੁਰੂ ਵਿੱਚ ਦੇਸ਼ ਲਈ ਕੁਰਬਾਨੀ ਦੇਣ ਵਾਲੇ ਹਰਿਆਣਾ ਦੇ ਨੌਂ ਫੌਜੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਨ੍ਹਾਂ ਵਿਚ ਰੋਹਤਕ ਦੇ ਇੰਸਪੈਕਟਰ ਜਗਮਹਿੰਦਰ ਸਿੰਘ, ਜੀਂਦ ਦੇ ਸੂਬੇਦਾਰ ਜਗਸ਼ੇਰ ਸਿੰਘ ਤੇ ਹੌਲਦਾਰ ਸੱਤਿਆਵਾਨ ਸਿੰਘ, ਝੱਜਰ ਦੇ ਲਾਂਸ ਨਾਇਕਖੱਟਰ ਇੱਕ ਵਾਰ ਫਿਰ 23 ਫਰਵਰੀ ਨੂੰ ਆਪਣਾ ਬਹੁਮਤ ਸਾਬਤ ਕਰਨਗੇ। ਕਾਂਗਰਸ ਨੇ ਦੋ ਸਾਲ ਪਹਿਲਾਂ ਵੀ ਬਜਟ ਸੈਸ਼ਨ ਦੌਰਾਨ ਬੇਭਰੋਸਗੀ ਮਤਾ ਲਿਆਂਦਾ ਸੀ ਜੋ ਗੱਠਜੋੜ ਸਰਕਾਰ ਅੱਗੇ ਟਿਕ ਨਹੀਂ ਸਕਿਆ। ਜ਼ਿਕਰਯੋਗ ਹੈ ਕਿ 90 ਮੈਂਬਰੀ ਸੂਬਾਈ ਵਿਧਾਨ ਸਭਾ ਵਿੱਚੋਂ ਭਾਜਪਾ ਕੋਲ 41 ਤੇ ਜੇਜੇਪੀ ਕੋਲ ਦਸ ਵਿਧਾਇਕ ਹਨ, ਜਦੋਂਕਿ ਸੱਤ ਆਜ਼ਾਦ ਵਿਧਾਇਕਾਂ ਵਿੱਚੋਂ ਛੇ ਭਗਵਾ ਪਾਰਟੀ ਨਾਲ ਹਨ। ਵਿਧਾਇਕ ਅਭੈ ਚੌਟਾਲਾ ਤੇ ਬਲਰਾਜ ਕੁੰਡੂ ਨੇ ਸਥਿਤੀ ਹਾਲੇ ਸਪਸ਼ਟ ਨਹੀਂ ਕੀਤੀ। ਉਧਰ ਕਾਂਗਰਸ ਕੋਲ 30 ਵਿਧਾਇਕ ਹਨ। ਵਿਰੋਧੀ ਧਿਰ ਵੱਲੋਂ ਸੂਬਾ ਸਰਕਾਰ ਨੂੰ ਸਿੱਖਿਆ, ਸਿਹਤ, ਰੁਜ਼ਗਾਰ ਤੇ ਔਰਤਾਂ ਦੀ ਸੁਰੱਖਿਆ ਸਮੇਤ ਵੱਖ-ਵੱਖ ਮੁੱਦਿਆਂ 'ਤੇ ਘੇਰਦਿਆਂ ਬੇਭਰੋਸਗੀ ਮਤਾ ਲਿਆਂਦਾ ਗਿਆ ਹੈ। ਬਜਟ ਸੈਸ਼ਨ ਵਿੱਚ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਸੂਬਾ ਸਰਕਾਰ ਦੀਆਂ ਪੰਜ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਐੱਸਵਾਈਐੱਲ ਦਾ ਮੁੱਦਾ ਚੁੱਕਿਆ। ਉਨ੍ਹਾਂ ਿ ਅਭੈ ਰਾਮ, ਮਹਿੰਦਰਗੜ੍ਹ ਦੇ ਲਾਂਸ ਨਾਇਕ ਆਸ਼ੀਸ਼, ਚਰਖੀ ਦਾਦਰੀ ਦੇ ਲੀਡਿੰਗ ਏਅਰਕ੍ਰਾਫਟ ਮੈਨ ਨਿਤਿਨ ਕੁਮਾਰ, ਪਲਵਲ ਦੇ ਪੈਰਾਟਰੂਪਰ ਤੇਜਪਾਲ, ਮਹਿੰਦਰਗੜ੍ਹ ਦੇ ਸਿਪਾਹੀ ਸੰਜੈ ਯਾਦਵ ਅਤੇ ਸਿਪਾਹੀ ਰਵਿੰਦਰ ਸਿੰਘ ਸ਼ਾਮਲ ਹਨ।

ਕਾਂਗਰਸੀ ਵਿਧਾਇਕ ਨੀਰਜ ਸ਼ਰਮਾ ਨੂੰ ਧਾਰਮਿਕ ਕੱਪੜੇ ਪਾ ਕੇ ਆਉਣ ਕਾਰਨ ਵਿਧਾਨ ਸਭਾ ਸਦਨ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਵਿਧਾਇਕ ਦੇ ਕੱਪੜਿਆਂ 'ਤੇ ਕੁਝ ਧਾਰਮਿਕ ਨਿਸ਼ਾਨ ਬਣੇ ਹੋਏ ਸਨ। ਨੀਰਜ ਸ਼ਰਮਾ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਰਾਮ ਨਾਮ ਜਪਣ ਵਾਲੀ ਭਾਜਪਾ ਅੱਜ ਰਾਮ ਨਾਮ ਦੇ ਕੱਪੜੇ ਪਾ ਕੇ ਵਿਧਾਨ ਸਭਾ ਸੈਸ਼ਨ ਵਿੱਚ ਦਾਖ਼ਲ ਨਹੀਂ ਹੋਣ ਦੇ ਰਹੀ। ਬਾਅਦ ਵਿੱਚ ਉਹ ਕੱਪੜੇ ਬਦਲ ਕੇ ਸਦਨ ਵਿੱਚ ਆਏ।

# ਵਿਦਿਆਰਥੀਆਂ ਵੱਲੋਂ ਨਸ਼ਿਆਂ ਖ਼ਿਲਾ.ਫ ਰੈਲੀ

**ਰਤੀਆ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਅਕਾਦਮੀ ਦਸਮੇਸ਼ ਨਗਰ ਦੇ ਬੱਚਿਆਂ ਨੇ ਨਸ਼ਾਮੁਕਤੀ ਜਾਗਰੂਕਤਾ ਰੈਲੀ ਕੱਢੀ। ਇਹ ਰੈਲੀ ਪਿੰਡ ਅੱਕਾਂਵਾਲੀ ਵਿਚ ਕੱਢੀ ਗਈ। ਰੈਲੀ ਨੂੰ ਅਕੈਡਮੀ ਦੀ ਪ੍ਰਿੰਸੀਪਲ ਸੁਮਨ ਸ਼ਿਓਰਾਣ ਨੇ ਰਵਾਨਾ ਕੀਤਾ। ਪਿੰਡ ਦੇ ਸਰਪੰਚ ਜਸਪਾਲ ਸਿੰਘ ਦੀ ਅਗਵਾਈ ਵਿਚ ਅੱਕਾਂਵਾਲੀ ਪਿੰਡ ਵਿਚ ਹਰ ਗਲੀ 'ਚੋਂ ਹੁੰਦੇ ਹੋਏ ਪੂਰੇ ਪਿੰਡ ਵਿਚ ਨਸ਼ਾਮੁਕਤੀ ਜਾਗਰੂਕ ਰੈਲੀ ਕੱਢੀ ਗਈ। ਇਸ ਮੌਕੇ ਪਿੰਡ ਦੇ ਸਰਪੰਚ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਥਾਣਾ ਇੰਚਾਰਜ ਨੇ ਬੱਚਿਆ ਵਲੋਂ ਕੀਤੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ




ਜਾਗਰੂਕਤਾ ਨਾਲ ਹੀ ਨਸ਼ੇ ਨੂੰ ਖਤਮ ਕੀਤਾ ਜਾ ਸਕਦਾ ਹੈ। ਥਾਣਾ ਇੰਚਾਰਜ ਦੇਵੀ ਲਾਲ ਨੇ ਦੱਸਿਆ ਕਿ ਪੁਲੀਸ ਵੱਲੋਂ ਵੀ ਨਸ਼ੇ ਖਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਥਾਂ-ਥਾਂ ਕੈਂਪ ਲਗਾ ਕੇ ਨਸ਼ੇ ਵਿਚ ਗ੍ਰਸਤ ਲੋਕਾਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਪਿੰਡ ਦੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਆਦਿ ਵੇਚਦਾ ਹੈ ਵਿਚ ਅੱਕਾਂਵਾਲੀ ਪਿੰਡ ਵਿਚ ਹਰ ਗਲੀ 'ਚੋਂ ਹੁੰਦੇ ਹੋਏ ਪੂਰੇ ਪਿੰਡ ਵਿਚ ਨਸ਼ਾਮੁਕਤੀ ਜਾਗਰੂਕ ਰੈਲੀ ਕੱਢੀ ਗਈ। ਇਸ ਮੌਕੇ ਪਿੰਡ ਦੇ ਸਰਪੰਚ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਥਾਣਾ ਇੰਚਾਰਜ ਨੇ ਬੱਚਿਆ ਵਲੋਂ ਕੀਤੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਾਗਰੂਕਤਾ ਨਾਲ ਹੀ ਨਸ਼ੇ ਨੂੰ ਖਤਮ ਕੀਤਾ ਜਾ ਸਕਦਾ ਹੈ।ਤਾਂ ਇਸ ਦੀ ਸੂਚਨਾ ਪੁਲੀਸ ਨੂੰ ਜ਼ਰੂਰ ਦੇਣ ਅਤੇ ਸੂਚਨਾ ਦੇਣ ਵਾਲਿਆਂ ਦਾ ਨਾਮ ਗੁਪਤ ਰੱਖਿਆ ਜਾਵੇਗਾ। ਇਸ ਦੌਰਾਨ ਉਨ੍ਹਾਂ ਬੱਚਿਆਂ ਨੂੰ ਵੀ ਕਈ ਟਿਪਸ ਦਿੱਤੇ। ਇਸ ਮੌਕੇ ਅਕਾਦਮੀ ਦੇ ਅਧਿਆਪਕ ਅਤੇ ਪਿੰਡ ਵਾਸੀ ਹਾਜ਼ਰ ਸਨ।

# ਮੋਦੀ ਜੀ ਨੇ ਹਿਮਾਚਲ ਨੂੰ 2 ਹੋਰ ਕੇਂਦਰੀ ਵਿਦਿਆਲਯ ਤੋਹਫੇ 'ਚ ਦਿੱਤੇ: ਅਨੁਰਾਗ ਠਾਕੁਰ

**ਨਵੀਂ ਦਿੱਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਲੋਕ ਸਭਾ ਹਲਕੇ ਵਿੱਚ ਸਥਿਤ ਨਾਦੌਨ ਅਤੇ ਸਲੋਹ ਵਿਖੇ ਦੋ ਕੇਂਦਰੀ ਵਿਦਿਆਲਯ ਤੋਹਫ਼ੇ ਵਜੋਂ ਦਿੱਤੇ। ਅੱਜ ਪ੍ਰਧਾਨ ਮੰਤਰੀ ਨੇ ਕਰੀਬ 38 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ ਇਨ੍ਹਾਂ ਨਵੀਆਂ ਇਮਾਰਤਾਂ ਦਾ ਉਦਘਾਟਨ ਕੀਤਾ ਅਤੇ ਇਨ੍ਹਾਂ ਨੂੰ ਆਮ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਮੌਕੇ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਇਸ ਨੂੰ ਹਮੀਰਪੁਰ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕਾਂ ਲਈ ਇਤਿਹਾਸਕ ਅਤੇ ਬੇਹੱਦ ਲਾਹੇਵੰਦ ਦੱਸਿਆ। ਸ਼੍ਰੀ ਅਨੁਰਾਗ ਠਾਕੁਰ ਨੇ ਦੋਵਾਂ ਸਕੂਲਾਂ ਵਿੱਚ ਪੜ੍ਹਦੇ 500-500 ਬੱਚਿਆਂ, ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਸਕੂਲਾਂ ਦੀਆਂ ਨਵੀਆਂ ਇਮਾਰਤ ਲਈ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਉਹ ਹਮੀਰਪੁਰ ਦੇ ਵਿਕਾਸ ਲਈ ਹਮੇਸ਼ਾ ਇਸੇ ਤਰ੍ਹਾਂ ਕੰਮ ਕਰਨਗੇ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਚੰਗੀ ਸਿੱਖਿਆ ਹੀ ਰਾਸ਼ਟਰ ਨਿਰਮਾਣ ਦੀ ਪਹਿਲੀ ਪੌੜੀ ਹੈ। ਵਿਦਿਆਰਥੀਆਂ ਵਿੱਚ ਮਿਆਰੀ ਸਿੱਖਿਆ ਉਨ੍ਹਾਂ ਨੂੰ ਬਿਹਤਰ ਨਾਗਰਿਕ ਬਣਾਉਣ ਵਿੱਚ ਸਹਾਈ ਸਿੱਧ ਹੁੰਦੀ ਹੈ।



ਮੈਂ ਆਪਣੇ ਹਮੀਰਪੁਰ ਸੰਸਦੀ ਹਲਕੇ ਵਿੱਚ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ, ਅਤੇ ਖੁਸ਼ੀ ਦੀ ਗੱਲ ਹੈ ਕਿ ਅੱਜ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੇ ਹਿਮਾਚਲ ਦੇ ਸੰਸਦੀ ਹਲਕੇ ਹਮੀਰਪੁਰ ਵਿੱਚ ਦੋ ਕੇਂਦਰੀ ਵਿਦਿਆਲਿਆ, ਕੇਵੀ ਨਾਦੌਨ ਅਤੇ ਕੇਵੀ ਸਲੋਹ ਦਾ ਉਦਘਾਟਨ ਕੀਤਾ ਹੈ। ਕੇਂਦਰੀ ਵਿਦਿਆਲਿਆ ਨਾਦੌਨ 1996 ਵਿੱਚ ਸ਼ੁਰੂ ਕੀਤਾ ਗਿਆ ਸੀ ਪਰ ਇਸ ਦੀ ਇਮਾਰਤ 28 ਸਾਲ ਬਾਅਦ ਮੋਦੀ ਸਰਕਾਰ ਨੇ ਦਿੱਤੀ ਹੈ। ਮੈਂ ਇਸ ਦੇ ਲਈ ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਨਰੇਂਦਰ ਮੋਦੀ ਸਰਕਾਰ ਨੇ 34 ਸਾਲਾਂ ਬਾਅਦ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਹੈ। ਇਸ ਵਿੱਚ ਸਥਾਨਕ ਭਾਸ਼ਾਵਾਂ, ਖੇਡਾਂ ਅਤੇ ਕੌਸ਼ਲ ਵਿਕਾਸ ਵੱਲ ਧਿਆਨ ਦਿੱਤਾ ਗਿਆ ਹੈ। ਅੱਜ, ਦੇਸ਼ ਭਰ ਵਿੱਚ 10,000 ਤੋਂ ਵੱਧ ਅਟਲ ਟਿੰਕਰਿੰਗ ਲੈਬਾਂ ਚੱਲ ਰਹੀਆਂ ਹਨ। ਪਹਿਲਾਂ ਦੇਸ਼ ਵਿੱਚ 350 ਮੈਡੀਕਲ ਕਾਲਜ ਸਨ, ਮੋਦੀ ਜੀ ਨੇ 700 ਕਰ ਦਿੱਤੇ। ਅੱਜ ਦੇਸ਼ ਵਿੱਚ 1100 ਯੂਨੀਵਰਸਿਟੀਆਂ ਹਨ। ਅਸੀਂ ਨਾਦੌਨ ਤੋਂ ਸਿਰਫ਼ ਇੱਕ ਘੰਟੇ ਦੀ ਦੂਰੀ 'ਤੇ ਦੇਹਰਾ ਵਿੱਚ 500 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਕੇਂਦਰੀ ਯੂਨੀਵਰਸਿਟੀ ਵੀ ਬਣਾ ਰਹੇ ਹਾਂ। ਹੁਣ ਸਾਡੇ ਇਲਾਕੇ ਦੇ ਬੱਚੇ ਆਪਣੇ ਘਰ ਨੇੜੇ ਹੀ ਕੇਂਦਰੀ ਵਿਦਿਆਲਿਆ ਵਿੱਚ ਪੜ੍ਹ ਕੇ ਕੇਂਦਰੀ ਯੂਨੀਵਰਸਿਟੀ ਵਿੱਚ ਪੜ੍ਹ ਸਕਦੇ ਹਨ। ਹਮੀਰਪੁਰ ਵਿੱਚ ਨਾਦੌਨ ਅਤੇ ਸਲੋਹ ਸਮੇਤ ਨਲੇਤੀ, ਘੁਮਾਰਵੀਂ, ਬੰਗਾਨਾ, ਧਰਮਪੁਰ ਅਤੇ ਸੰਧੋਲ ਸਮੇਤ ਕੁੱਲ 6 ਕੇਂਦਰੀ ਵਿਦਿਆਲਿਆ ਹਨ। ਇਸੇ ਤਰ੍ਹਾਂ ਅਸੀਂ ਹਮੀਰਪੁਰ ਐਨਆਈਟੀ ਅਤੇ ਸਲੋਹ ਵਿੱਚ ਵੀ ਟ੍ਰਿਪਲ ਆਈਟੀ ਬਣਾਇਆ ਹੈ। ਪਹਿਲਾਂ ਸਾਡੇ ਕੋਲ ਮੈਡੀਕਲ ਕਾਲਜ ਨਹੀਂ ਸਨ। ਤੁਹਾਡੀ ਆਵਾਜ਼ ਬੁਲੰਦ ਕਰਕੇ ਮੈਂ ਹਮੀਰਪੁਰ ਵਿੱਚ ਮੈਡੀਕਲ ਕਾਲਜ ਅਤੇ ਬਿਲਾਸਪੁਰ ਵਿੱਚ ਏਮਜ਼ ਬਣਵਾਇਆ। ਇਸ ਤੋਂ ਇਲਾਵਾ ਕਈ ਆਈਟੀਆਈਜ਼ ਵੀ ਬਣਾਈਆਂ ਗਈਆਂ ਹਨ। ਅਸੀਂ ਜਲਦੀ ਹੀ ਹਮੀਰਪੁਰ ਵਿੱਚ ਖੇਡਾਂ ਦੇ ਖੇਤਰ ਵਿੱਚ ਪੂਰੇ ਉੱਤਰੀ ਭਾਰਤ ਵਿੱਚ ਵਿਲੱਖਣ ਨੈਸ਼ਨਲ ਸੈਂਟਰ ਆਫ਼ ਐਕਸੀਲੈਂਸ ਦਾ ਨਿਰਮਾਣ ਕਰ ਰਹੇ ਹਾਂ। ਮੈਂ ਬਸ ਇਹੀ ਚਾਹੁੰਦਾ ਹਾਂ ਕਿ ਸਾਡੇ ਨੌਜਵਾਨ ਦੋਸਤ ਚੰਗੀ ਸਿੱਖਿਆ ਪ੍ਰਾਪਤ ਕਰਕੇ ਅੱਗੇ ਵਧਣ।

# ਧਰਮਿੰਦਰ ਪ੍ਰਧਾਨ ਨੇ ਭਾਰਤ ਦੇ ਪਹਿਲੇ ਸਕਿੱਲ ਇੰਡੀਆ ਸੈਂਟਰ ਦਾ ਉਦਘਾਟਨ ਕੀਤਾ, ਕਿਹਾ ਕਿ ਇਹ ਯੁਵਾ ਸ਼ਕਤੀ ਦੀਆਂ ਸਮਰਥਾਵਾਂ ਨੂੰ ਬਣਾਏਗਾ

**ਨਵੀਂ ਦਿੱਲੀ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਧਰਮਿੰਦਰ ਪ੍ਰਧਾਨ, ਕੇਂਦਰੀ ਸਿੱਖਿਆ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰੀ ਨੇ ਅੱਜ ਕਿਹਾ ਕਿ ਭਾਰਤ ਨੂੰ 21ਵੀਂ ਸਦੀ ਵਿੱਚ ਆਪਣੀ ਵਿਕਾਸ ਯਾਤਰਾ ਨੂੰ ਅੱਗੇ ਵਧਾਉਣ ਲਈ ਹੁਨਰਮੰਦ ਅਤੇ ਸਮਰੱਥ ਕਰਮਚਾਰੀਆਂ ਦੀ ਲੋੜ ਹੈ। ਨਵੇਂ ਯੁੱਗ ਅਤੇ ਭਵਿੱਖ ਦੇ ਹੁਨਰ ਗਲੋਬਲ ਬਾਜ਼ਾਰਾਂ ਵਿੱਚ ਕਾਫ਼ੀ ਉੱਚ ਕੀਮਤ 'ਤੇ ਉਪਲਬਧ ਹਨ ਅਤੇ ਇਸ ਨੂੰ ਮਹਿਸੂਸ ਕਰਦੇ ਹੋਏ, ਅਸੀਂ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਨੂੰ ਜਮਹੂਰੀਅਤ ਬਣਾਉਣ ਅਤੇ ਚਾਹਵਾਨ ਨੌਜਵਾਨਾਂ ਲਈ ਇੱਕ ਪੱਧਰੀ ਖੇਡ ਦਾ ਖੇਤਰ ਸਥਾਪਤ ਕਰਨ ਦੀ ਕਲਪਨਾ ਕਰਦੇ ਹਾਂ। ਕੇਂਦਰ ਵਿੱਚ ਘੱਟ ਲਾਗਤ ਵਾਲੇ ਕੋਰਸਾਂ ਦੀ ਸ਼ੁਰੂਆਤ ਵੱਡੀ ਸੰਖਿਆ ਵਿੱਚ ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰੇਗੀ ਅਤੇ ਉਨ੍ਹਾਂ ਨੂੰ ਵਿਕਾਸਸ਼ੀਲ ਨੌਕਰੀ ਬਾਜ਼ਾਰ ਦਾ ਹਿੱਸਾ ਬਣਾਏਗੀ। ਅੱਜ ਉੜੀਸਾ ਦੇ ਸੰਬਲਪੁਰ ਵਿੱਚ ਭਾਰਤ ਦੇ ਪਹਿਲੇ ਸਕਿੱਲ ਇੰਡੀਆ ਸੈਂਟਰ (ਐਸਆਈਸੀ) ਦੇ ਉਦਘਾਟਨ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਨਵੇਂ ਯੁੱਗ ਦੀਆਂ ਨੌਕਰੀਆਂ ਦੀਆਂ




ਭੂਮਿਕਾਵਾਂ ਵਿੱਚ ਹੁਨਰ ਸਿਖਲਾਈ ਪ੍ਰੋਗਰਾਮਾਂ ਦੀ ਅਗਵਾਈ ਕਰਕੇ, ਅਸੀਂ ਮੰਗ ਅਨੁਸਾਰ ਅੰਮ੍ਰਿਤ ਪੀੜੀ ਦੇ ਹੁਨਰਾਂ ਨੂੰ ਅਪਗ੍ਰੇਡ ਕਰਾਂਗੇ। ਸੰਚਾਲਿਤ ਉਦਯੋਗ ਅਤੇ ਅਸੀਂ ਇਸ ਕੇਂਦਰ ਰਾਹੀਂ 1200 ਤੋਂ ਵੱਧ ਵਿਦਿਆਰਥੀਆਂ ਨੂੰ ਸਮਰੱਥ ਬਣਾਉਣ ਦਾ ਟੀਚਾ ਰੱਖਦੇ ਹਾਂ। ਇਸ ਪਹਿਲ ਨੂੰ ਮੀਡੀਆ ਅਤੇ ਮਨੋਰੰਜਨ, ਚਮੜਾ, ਟ੍ਰੇਵਲ ਅਤੇ ਟੂਰਿਜ਼ਮ ਅਤੇ ਪਰਾਹੁਣਚਾਰੀ, IT-ITeS ਵਰਗੇ ਵਪਾਰਾਂ ਵਿੱਚ ਯੁਵਾ ਸ਼ਕਤੀ ਦੀਆਂ ਸਮਰੱਥਾਵਾਂ ਅਤੇ ਗਿਆਨ ਨੂੰ ਵਧਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੀ. ਅਤੁਲ ਕੁਮਾਰ ਤਿਵਾੜੀ, ਸਕੱਤਰ, ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲਾ (MSDE) ਅਤੇ ਸ਼੍ਰੀ ਵੇਦ ਮਨੀ ਤਿਵਾੜੀ, CEO, NSDC ਅਤੇ MD, NSDC ਇੰਟਰਨੈਸ਼ਨਲ ਨੇ ਸਮਾਗਮ ਨੂੰ ਸੰਬੋਧਨ ਕੀਤਾ। ਇਹ ਪਹਿਲਕਦਮੀ ਇੱਕ ਅਨੁਕੂਲ ਸਿੱਖਣ ਮਾਹੌਲ ਬਣਾਉਣ ਵੱਲ ਇੱਕ ਪ੍ਰਗਤੀਸ਼ੀਲ ਕਦਮ ਹੈ ਜੋ ਕਿ ਕਲਾਸਰੂਮ ਅਤੇ ਕੰਮ-ਆਧਾਰਿਤ ਸਿਖਲਾਈ ਦੇ ਵਿਲੱਖਣ ਸੁਮੇਲ ਦੁਆਰਾ ਉਦਯੋਗ-ਵਿਸ਼ੇਸ਼ ਹੁਨਰਾਂ ਨਾਲ ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਇਹ ਕੇਂਦਰ ਸਭ ਤੋਂ ਵਧੀਆ ਬੁਨਿਆਦੀ ਢਾਂਚੇ, ਅਤਿ-ਆਧੁਨਿਕ ਤਕਨਾਲੋਜੀਆਂ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਹੈ ਜੋ ਰਸਮੀ ਹੁਨਰਾਂ ਦੀ ਮੰਗ ਨੂੰ ਉਤਪ੍ਰੇਰਿਤ ਕਰੇਗਾ ਅਤੇ ਨੌਜਵਾਨਾਂ ਨੂੰ ਸਬੰਧਤ ਖੇਤਰਾਂ ਵਿੱਚ ਸਫ਼ਲ ਹੋਣ ਲਈ ਲੋੜੀਂਦੇ ਹੁਨਰਾਂ ਨੂੰ ਹਾਸਲ ਕਰਨ ਦੇ ਯੋਗ ਬਣਾਉਣ ਵਿੱਚ ਉਤਪ੍ਰੇਰਕ ਵਜੋਂ ਕੰਮ ਕਰੇਗਾ। ਵਿਕਾਸ ਨੂੰ ਅੱਗੇ ਵਧਾਉਣ ਲਈ, ਪੇਂਡੂ ਵਿਕਾਸ ਨੂੰ ਉਤਪ੍ਰੇਰਿਤ ਕਰਨ, ਸਥਾਨਕ ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ-ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਜਨਸੰਖਿਆ ਲਾਭਅੰਸ਼ ਦੀ ਸੰਭਾਵਨਾ ਨੂੰ ਵਰਤਣ ਲਈ ਸਹਿਯੋਗੀ ਯਤਨ ਕੀਤੇ ਜਾ ਰਹੇ ਹਨ। ਲਾਂਚ 'ਤੇ ਬੋਲਦੇ ਹੋਏ, ਸ਼੍ਰੀ ਧਰਮਿੰਦਰ ਪ੍ਰਧਾਨ, ਕੇਂਦਰੀ ਸਿੱਖਿਆ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰੀ ਨੇ ਕਿਹਾ, ÷ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਦੇ ਨਵੇਂ-ਯੁੱਗ ਦੇ ਹੁਨਰਾਂ ਨਾਲ ਨੌਜਵਾਨਾਂ ਨੂੰ ਸਸ਼ਕਤ ਕਰਨ ਦੇ ਦ੍ਰਿਸ਼ਟੀਕੋਣ ਦੇ ਨਾਲ ਮਿਲ ਕੇ, ਓਡੀਸ਼ਾ ਦੇ ਪਹਿਲੇ ਸਕਿੱਲ ਇੰਡੀਆ ਸੈਂਟਰ ਦਾ ਉਦਘਾਟਨ ਕੀਤਾ। ਅੱਜ ਸੰਬਲਪੁਰ ਸਕਿੱਲ ਇੰਡੀਆ ਸੈਂਟਰ ਵੱਡੀ ਬਹੁਗਿਣਤੀ ਨੌਜਵਾਨ ਆਬਾਦੀ ਨੂੰ ਮੰਗ-ਸੰਚਾਲਿਤ ਵਪਾਰਾਂ ਵਿੱਚ ਰੁਜ਼ਗਾਰ ਯੋਗ ਹੁਨਰਾਂ ਨਾਲ ਲੈਸ ਕਰੇਗਾ, ਉਦਯੋਗ ਲਈ ਤਿਆਰ ਕਰਮਚਾਰੀ ਬਣਾਉਣਾ, ਉੱਦਮਤਾ ਨੂੰ ਉਤਸ਼ਾਹਿਤ ਕਰੇਗਾ ਅਤੇ ਹੁਨਰਮੰਦ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਕਰੇਗਾ। ਇਹ ਖੁਸ਼ਹਾਲੀ ਦਾ ਇੱਕ ਉਤਪ੍ਰੇਰਕ ਹੋਵੇਗਾ।

# ਪਟਿਆਲਾ ਸ਼ਹਿਰ 'ਚ ਨਹਿਰੀ ਪਾਣੀ ਦੀਆਂ ਪਾਇਪਾਂ ਲਈ ਪੁੱਟੀਆਂ ਸੜਕਾਂ ਬਨਾਉਣ ਦਾ ਕੰਮ ਸ਼ੁਰੂ : ਅਜੀਤਪਾਲ ਸਿੰਘ ਕੋਹਲੀ

**➢ ਰਾਜਿੰਦਰਾ ਝੀਲ 'ਚ ਪਾਣੀ ਭਰਨਾ ਸ਼ੁਰੂ, ਲਾਇਟਾਂ ਤੇ ਫ਼ੁਹਾਰੇ ਵੀ ਚੱਲੇ ➢ ਪਟਿਆਲਾ ਸ਼ਹਿਰ ਦੇ ਵਿਕਾਸ ਕੰਮਾਂ ਦਾ ਜਾਇਜ਼ਾ ➢ ਪਟਿਆਲਾ ਸ਼ਹਿਰ ਦੇ ਸਾਰੇ ਕੰਮ ਜੰਗੀ ਪੱਧਰ 'ਤੇ ਮੁਕੰਮਲ ਹੋਣੇ ਸ਼ੁਰੂ**

ਪਟਿਆਲਾ, 23 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰ ਵਾਸੀਆਂ ਨਾਲ ਖੁਸ਼ਖ਼ਬਰੀ ਸਾਂਝੀ ਕੀਤੀ ਹੈ ਕਿ ਸ਼ਹਿਰ ਵਿੱਚ 24 ਘੰਟੇ 7 ਦਿਨ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਲਈ ਲੱਗ ਰਹੇ ਨਹਿਰੀ ਪਾਣੀ ਪ੍ਰਾਜੈਕਟ ਦੀਆਂ ਪਾਇਪਾਂ ਪਾਉਣ ਲਈ ਪੁੱਟੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਜਦਕਿ ਰਾਜਿੰਦਰਾ ਝੀਲ ਵਿੱਚ ਵੀ ਪਾਣੀ ਭਰਨਾ ਸ਼ੁਰੂ ਹੋ ਗਿਆ ਹੈ ਤੇ ਇਸਦੇ ਫ਼ੁਹਾਰੇ ਤੇ ਲਾਇਟਾਂ ਵੀ ਚਾਲੂ ਕਰ ਦਿੱਤੀਆਂ ਗਈਆਂ ਹਨ।



ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨਗਰ ਨਿਗਮ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਅਤੇ ਹੋਰ ਅਧਿਕਾਰੀਆਂ ਨਾਲ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਬੈਠਕ ਕਰਦੇ ਹੋਏ।

ਇੱਥੇ ਨਗਰ ਨਿਗਮ ਵਿਖੇ ਸ਼ਹਿਰ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਜਾਰੀ ਸਾਰੇ ਕਾਰਜ ਜੰਗੀ ਪੱਧਰ 'ਤੇ ਮੁਕੰਮਲ ਹੋਣੇ ਸ਼ੁਰੂ ਹੋ ਗਏ ਹਨ।

ਵਿਧਾਇਕ ਕੋਹਲੀ ਨੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਨਗਰ ਨਿਗਮ ਦੇ ਐਸ.ਈ. ਹਰਕਿਰਨ ਸਿੰਘ ਤੇ ਗੁਰਜੀਤ ਸਿੰਘ ਵਾਲੀਆ, ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵਿਕਾਸ ਧਵਨ, ਲਾਰਸਨ ਐਂਡ ਟੂਬਰੋ ਕੰਪਨੀ ਦੇ ਨੁਮਾਇੰਦੇ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪੀਯੂਸ਼ ਅਗਰਵਾਲ ਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਪਟਿਆਲਾ ਸ਼ਹਿਰੀ ਹਲਕੇ ਅੰਦਰ ਕਰਵਾਏ ਜਾਣ ਵਾਲੇ ਕੰਮ ਸਮੇਂ ਸਿਰ ਮੁਕੰਮਲ ਕਰਨ ਦੇ ਆਦੇਸ਼ ਜਾਰੀ ਕੀਤੇ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਿਛਲੀ ਸਰਕਾਰ ਦੌਰਾਨ ਗ਼ੈਰ-ਯੋਜਨਾਬੱਧ ਤਰੀਕੇ ਨਾਲ ਕੀਤੇ ਕੰਮ ਸ਼ਹਿਰ ਵਾਸੀਆਂ ਲਈ ਮੁਸ਼ਕਿਲਾਂ ਦਾ ਕਾਰਨ ਬਣ ਗਏ ਹਨ, ਪਰੰਤੂ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਰੇ ਕੰਮਾਂ ਨੂੰ ਬਿਹਤਰ ਯੋਜਨਾਬੰਦੀ ਨਾਲ ਨੇਪਰੇ ਚੜ੍ਹਾਇਆ ਜਾ ਰਿਹਾ ਹੈ।

ਕੋਹਲੀ ਨੇ ਦੱਸਿਆ ਕਿ ਨਹਿਰੀ ਪਾਣੀ ਦੀ ਸਪਲਾਈ ਲਈ 312 ਕਿਲੋਮੀਟਰ ਪਾਇਪ ਲਾਈਨ ਲਾਇਨ ਪਾਈ ਜਾਣੀ ਹੈ, ਜਿਸ ਵਿੱਚੋਂ 152 ਕਿਲੋਮੀਟਰ ਪਾਈਪ ਪਾਈ ਗਈ ਹੈ ਜਿਸ ਲਈ ਪੁੱਟੀ ਗਈ ਸੜਕ ਨੂੰ ਨਗਰ ਨਿਗਮ, ਲੋਕ ਨਿਰਮਾਣ ਵਿਭਾਗ ਤੇ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਆਪਸੀ ਸਹਿਯੋਗ ਨਾਲ ਦੁਬਾਰਾ ਬਣਾਉਣਾ ਸ਼ੁਰੂ ਹੋ ਚੁੱਕਾ ਹੈ।

ਇਸ ਵਿੱਚੋਂ 22 ਕਿਲੋਮੀਟਰ ਲੋਕ ਨਿਰਮਾਣ ਵਿਭਾਗ ਤੇ 125 ਕਿਲੋਮੀਟਰ ਨਗਰ ਨਿਗਮ ਦੀਆਂ ਸੜਕਾਂ ਹਨ, ਜਿਨ੍ਹਾਂ ਨੂੰ ਚੱਲਣਯੋਗ ਬਣਾ ਕੇ ਲੁੱਕ ਦਾ ਪਲਾਂਟ ਚੱਲਣ 'ਤੇ ਲੁੱਕ ਪਵਾ ਕੇ ਪੂਰੀ ਤਰ੍ਹਾਂ ਠੀਕ ਕਰਵਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਜਦਕਿ 34 ਕਿਲੋਮੀਟਰ ਸੜਕਾਂ ਇੰਟਰਲਾਕਿੰਗ ਵਾਲੀਆਂ ਸਨ, ਜਿਨ੍ਹਾਂ ਨੂੰ ਨਾਲ ਦੀ ਨਾਲ ਬਣਾਇਆ ਗਿਆ ਹੈ।

ਅਜੀਤਪਾਲ ਸਿੰਘ ਕੋਹਲੀ ਨੇ ਇਸ ਦੌਰਾਨ ਰਾਜਿੰਦਰਾ ਝੀਲ, ਜਿਸ ਦੇ ਕੰਮ ਦਾ ਜਾਇਜ਼ਾ ਵਿਧਾਨ ਸਭਾ ਦੀ ਐਸਟੀਮੇਟ ਕਮੇਟੀ ਵੱਲੋਂ ਲਿਆ ਗਿਆ ਸੀ, ਦੇ ਹਵਾਲੇ ਨਾਲ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਇਸ ਵਿੱਚ ਲੋੜੀਂਦਾ ਚਾਰ ਫੁੱਟ ਪਾਣੀ ਜਲਦੀ ਭਰਵਾ ਕੇ ਇਸ ਨੂੰ ਨਗਰ ਨਿਗਮ ਦੇ ਸਪੁਰਦ ਕੀਤਾ ਜਾਵੇ।

ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਵਿੱਚ ਲਗਾਤਾਰ ਪਾਣੀ ਭਰ ਰਿਹਾ ਹੈ ਅਤੇ 2 ਫੁੱਟ ਪਾਣੀ ਭਰ ਗਿਆ ਹੈ ਅਤੇ ਇਸ ਦੇ ਫ਼ੁਹਾਰੇ ਮੁਰੰਮਤ ਕਰਕੇ ਚਲਵਾ ਦਿੱਤੇ ਗਏ ਹਨ। ਲੋਕ ਨਿਰਮਾਣ ਵਿਭਾਗ ਨੇ ਦੱਸਿਆ ਕਿ ਜਰੂਰੀ ਮੁਰੰਮਤ ਬਾਅਦ ਲਾਇਟਾਂ ਵੀ ਜਗਣੀਆਂ ਸ਼ੁਰੂ ਹੋ ਗਈਆਂ ਹਨ।

ਵਿਧਾਇਕ ਕੋਹਲੀ ਨੇ ਨਗਰ ਨਿਗਮ ਦੀ ਲੈਂਡ ਬਰਾਂਚ ਨਾਲ ਮੀਟਿੰਗ ਕਰਦਿਆਂ ਸ਼ਹਿਰ ਦੇ ਬਾਜ਼ਾਰਾਂ ਅਤੇ ਕਈ ਸੜਕਾਂ ਉਪਰ ਕੀਤੇ ਨਾਜਾਇਜ਼ ਕਬਜ਼ਿਆਂ ਨੂੰ ਹਟਾਕੇ ਆਵਾਜਾਈ ਵਿੱਚ ਪੈਂਦੇ ਵਿਘਨ ਨੂੰ ਦੂਰ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸ਼ਹਿਰ ਵਿੱਚ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ।

ਵਿਧਾਇਕ ਕੋਹਲੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਫੰਡਾਂ ਦੇ ਖੁੱਲ੍ਹੇ ਗੱਫ਼ੇ ਦਿੱਤੇ ਹਨ, ਜਿਸ ਲਈ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਰਹਿਤ ਢੰਗ ਨਾਲ ਸਮੁੱਚੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਨੇਪਰੇ ਚੜ੍ਹਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ ਨੇ ਉਨ੍ਹਾਂ ਨੂੰ ਤਾਕਤ ਦਿੱਤੀ ਅਤੇ ਉਹ ਇਸ ਸ਼ਕਤੀ ਨੂੰ ਲੋਕਾਂ ਦੀ ਸੇਵਾ ਲਈ ਹੀ ਲਗਾਉਂਦੇ ਹੋਏ ਹਰ ਵੇਲੇ ਆਪਣੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ।

# ਏ.ਡੀ.ਸੀ. ਡਾ. ਬੇਦੀ ਵੱਲੋਂ ਸਕੂਲੀ ਵਰਦੀਆ ਬਣਾਉਣ ਦੇ ਪ੍ਰਾਜੈਕਟ ਦਾ ਜਾਇਜ਼ਾ



ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਘਨੌਰ ਦੇ ਪਿੰਡ ਸਿਆਲੂ ਦੀ ਰੂਰਲ ਹਟ ਵਿੱਚ ਚੱਲ ਰਹੇ ਸਕੂਲੀ ਵਰਦੀਆਂ ਬਣਾਉਣ ਦੇ ਪ੍ਰਾਜੈਕਟ ਦਾ ਜਾਇਜ਼ਾ ਲੈਂਦੇ ਹੋਏ।

ਪਟਿਆਲਾ, 23 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਚਲਾਏ ਜਾ ਰਹੇ ਸਕੂਲੀ ਵਰਦੀਆਂ ਬਣਾਉਣ ਦੇ ਪ੍ਰਾਜੈਕਟ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਅਧੀਨ ਸਕੂਲੀ ਬੱਚਿਆ ਨੂੰ ਵਰਦੀਆਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਪਹਿਲ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।

ਬਲਾਕ ਘਨੌਰ ਦੇ ਪਿੰਡ ਸਿਆਲੂ ਦੀ ਰੂਰਲ ਹਟ ਵਿੱਚ ਚੱਲ ਰਹੇ ਇਸ ਪ੍ਰਾਜੈਕਟ ਦੀ ਪ੍ਰਗਤੀ ਵਾਚਣ ਲਈ ਦੌਰਾ ਕਰਦਿਆਂ ਡਾ. ਹਰਜਿੰਦਰ ਸਿੰਘ ਬੇਦੀ ਨੇ ਇਸ ਮੌਕੇ ਵਰਦੀਆ ਦੀ ਗੁਣਵੱਤਾ ਚੈੱਕ ਕਰਨ ਦੇ ਨਾਲ ਨਾਲ ਕੰਮ ਕਰ ਰਹੀਆ ਔਰਤਾਂ ਨਾਲ ਗੱਲਬਾਤ ਕਰਦੇ ਹੋਏ, ਉਨ੍ਹਾਂ ਨੂੰ ਵੀ ਉਤਸਾਹਿਤ ਵੀ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਜਿਥੇ ਸਮੂਹ ਦੀਆ ਔਰਤਾਂ ਨੂੰ ਆਮਦਨੀ ਪੱਖੋਂ ਹੁੰਗਾਰਾ ਮਿਲਿਆ ਹੈ ਉਥੇ ਹੀ ਸਕੂਲ ਦੇ ਬੱਚਿਆ ਨੂੰ ਵਧੀਆ ਕੁਆਲਟੀ ਦੀਆ ਵਰਦੀਆ ਵੀ ਮੁਹੱਈਆ ਕਰਵਾਈਆ ਜਾ ਰਹੀਆਂ ਹਨ।

ਏ.ਡੀ.ਸੀ. ਡਾ. ਬੇਦੀ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਗਰੀਬ ਪੇਂਡੂ ਔਰਤਾ ਨੂੰ ਸਵੈ ਸਹਾਇਤਾ ਸਮੂਹਾਂ ਨਾਲ ਜੋੜ ਕੇ ਉਨ੍ਹਾ ਨੂੰ ਆਜੀਵਿਕਾ ਦੇ ਮੌਕੇ ਪ੍ਰਦਾਨ ਕੀਤੇ ਜਾਦੇ ਹਨ।ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹਾ 5240 ਸਵੈ ਸਹਾਇਤਾ ਸਮੂਹ ਦਾ ਨਿਰਮਾਣ ਕਰਕੇ ਪੰਜਾਬ ਵਿੱਚ ਪਹਿਲੇ ਸਥਾਨ ਉਤੇ ਹੈ। ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਗੀਨਾ ਰਾਣੀ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਕਮਿਸ਼ਨਰੇਟ ਪੁਲਿਸ ਨੇ ਖੋਹ ਦੀ ਵਾਰਦਾਤ 'ਚ ਸ਼ਾਮਲ ਦੋ ਸਨੈਚਰਾਂ ਨੂੰ ਕੀਤਾ ਕਾਬੂ

ਜਲੰਧਰ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਲੁੱਟਖੋਹ ਦੀਆਂ ਤਾਜ਼ਾ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਦੋ ਸਨੈਚਰਾਂ ਨੂੰ ਗਿ ?ਫ਼ਤਾਰ ਕਰਕੇ ਉਨ੍ਹਾਂ ਕੋਲੋਂ ਇਕ ਮੋਟਰਸਾਈਕਲ, ਦਾਤ ਅਤੇ ਨਕਦੀ ਬਰਾਮਦ ਕੀਤੀ ਹੈ ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ 16 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਚੌਂਕ ਨੇੜੇ ਲੁੱਟਖੋਹ ਦੀ ਘਟਨਾ ਵਾਪਰੀ ਸੀ।ਉਨ੍ਹਾਂ ਦੱਸਿਆ ਕਿ ਸਵੇਰੇ 6.15 ਵਜੇ ਦੇ ਕਰੀਬ ਧਨੀ ਰਾਮ ਨਾਮੀ ਵਿਅਕਤੀ ਤੋਂ ਚਾਰ ਨਕਾਬਪੋਸ਼ ਵਿਅਕਤੀਆਂ ਨੇ 4200 ਰੁਪਏ ਖੋਹ ਲਏ ਸਨ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੀੜਤ ਵੱਲੋਂ ਕੀਤੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪੁਲੀਸ ਨੇ ਤੁਰੰਤ ਕਾਰਵਾਈ ਕਰਦਿਆਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਐਫਆਈਆਰ ਨੰਬਰ 29 ਮਿਤੀ 16-02-2024 ਅਧੀਨ 379ਬੀ, 34 ਆਈਪੀਸੀ ਥਾਣਾ ਡਿਵੀਜ਼ਨ 6 ਜਲੰਧਰ ਵਿਖੇ ਚਾਰ ਅਣਪਛਾਤੇ ਸਨੈਚਰਾਂ ਵਿਰੁੱਧ ਦਰਜ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਵਿਗਿਆਨਕ ਅਤੇ ਤਕਨੀਕੀ ਜਾਂਚ ਦੇ ਆਧਾਰ 'ਤੇ ਕਿਰਨਪ੍ਰੀਤ ਸਿੰਘ ਉਰਫ਼ ਚਿੱਟਾ ਪੁੱਤਰ ਅਰੂੜ ਸਿੰਘ ਵਾਸੀ ਤੋਈ ਮੁਹੱਲਾ ਨੇੜੇ ਸਾਈਂ ਬਾਬਾ ਮੰਦਰ, ਖੁਰਲਾ ਖਿੰਗੜਾ ਜਲੰਧਰ ਅਤੇ ਹਰਦੇਵ ਸਿੰਘ ਉਰਫ਼ ਹੈਪੀ ਉਰਫ਼ ਗਿਆਨੀ ਪੁੱਤਰ ਪਰਮਜੀਤ ਸਿੰਘ ਵਾਸੀ ਨੰਬਰ 69 ਏ ਪ੍ਰਕਾਸ਼ ਇਨਕਲੇਵ ਖੁਰਲਾ ਖਿੰਗੜਾ ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਹੈ । ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਟੀ-ਪੁਆਇੰਟ ਰਵਿੰਦਰਾ ਡੇਅ ਬੋਰਡਿੰਗ ਸਕੂਲ, ਨਿਊ ਜਵਾਹਰ ਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ ਪੁਲੀਸ ਨੇ ਇੱਕ ਦਾਤ, ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਅਤੇ 1000 ਰੁਪਏ ਬਰਾਮਦ ਕੀਤੇ ਹਨ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵੀ ਛਾਪੇ ਮਾਰੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਕਿਰਨਪ੍ਰੀਤ ਸਿੰਘ ਖ਼ਿਲਾਫ਼ ਜਲੰਧਰ ਦੇ ਵੱਖ-ਵੱਖ ਥਾਣਿਆਂ ਵਿੱਚ ਤਿੰਨ ਵੱਖ-ਵੱਖ ਐਫਆਈਆਰ ਦਰਜ ਹਨ ਜਦਕਿ ਹਰਦੇਵ ਸਿੰਘ ਉਰਫ਼ ਹੈਪੀ ਉਰਫ਼ ਗਿਆਨੀ ਦਾ ਅਜੇ ਤੱਕ ਕੋਈ ਵੀ ਅਪਰਾਧਿਕ ਪਿਛੋਕੜ ਨਹੀਂ ਲੱਭਿਆ ਹੈ । ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਜਲਦੀ ਹੀ ਵੇਰਵੇ ਸਾਂਝੇ ਕੀਤੇ ਜਾਣਗੇ।

# ਸ਼ਹੀਦ ਭਾਈ ਮਨੀ ਸਿੰਘ ਆਈ ਟੀ ਆਈ ਖੁਰਦ ਵਿਖੇ ਧਾਰਮਿਕ ਸਮਾਗਮ ਕਰਵਾਇਆ

ਸੰਦੌੜ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਮਾਨਤਾ ਪ੍ਰਾਪਤ ਇਲਾਕੇ ਦੀ ਨਾਮਵਰ ਸੰਸਥਾ ਸ਼ਹੀਦ ਭਾਈ ਮਨੀ ਸਿੰਘ ਆਈ ਟੀ ਆਈ ਖੁਰਦ (ਜਿਲਾ ਮਲੇਰਕੋਟਲਾ) ਵਿਖੇ ਸੰਸਥਾ ਦੀ ਚੜਦੀਕਲਾਂ, ਸਿੱਖਿਆਰਥੀਆਂ ਦੇ ਉੱਜਵਲ ਭਵਿਖ ਅਤੇ ਸਰਬਤ ਦੇ ਭਲੇ ਲਈ ਪ੍ਰਬੰਧਕ ਕਮੇਟੀ ਸ਼ਹੀਦ ਭਾਈ ਮਨੀ ਸਿੰਘ ਆਈ ਟੀ ਆਈ ਵਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸ਼ੁਕਰਾਨੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਜਸਵਿੰਦਰ ਸਿੰਘ ਜੀ ਹੈੱਡ ਗ੍ਰੰਥੀ ਦੁੱਲਮਾ ਕਲਾਂ ਨੇ ਸਮਾਗਮ ਵਿੱਚ ਪੁਜੀਆਂ ਸਿੱਖ ਸੰਗਤਾ ਨੂੰ ਵਿਰਾਗ ਮਈ ਕੀਰਤਨ ਦੌਰਾਨ ਸੰਗਤਾਂ ਨੂੰ ਨਿਹਾਲ ਕੀਤਾ ।ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀ ਅਤੇ ਬਾਣੇ ਨਾਲ ਜੁੜਨ ਦਾ ਸੰਗਤਾ ਨੂੰ ਉਪਦੇਸ ਦਿੱਤਾ ।ਇਸ ਮੌਕੇ ਗੱਲਬਾਤ ਕਰਦਿਆਂ ਸੰਸਥਾ ਦੇ ਪ੍ਰੋਸੈਸਰ ਸ. ਸਿਮਰਜੀਤ ਸਿੰਘ ਨੇ ਕਿਹਾ ਕਿ ਸਾਡੀ ਸੰਸਥਾ ਸਿੱਖਿਆਰਥੀਆਂ ਨੂੰ ਕੋਰਸ ਕਰਵਾ ਰਹੀ ਹੈ ਅਤੇ ਹਜਾਰਾਂ ਹੀ ਸਿੱਖਿਆਰਥੀ ਸਾਡੇ ਕੋਲੋਂ ਸਰਕਾਰੀ ਨੌਕਰੀ ਅਤੇ ਵਿਦੇਸ਼ਾ ਵਿੱਚ ਆਪਣਾ ਕਾਰੋਬਾਰ ਸੈਟ ਕਰ ਚੁੱਕੇ ਹਨ। ਉਨਾਂ ਕਿਹਾ ਕਿ ਇਸ ਵਾਰ 148 ਸੀਟਾਂ ਤੇ ਬੁੱਕ ਸੀ ।ਹਰ ਸਾਲ ਤਕਰੀਬਨ ਸੋ ਪ੍ਰਤੀਸਤ ਵਿਆਕਤੀ ਆਪਣਾ ਉੱਜਵਲ ਭਵਿਖ ਬਣਾ ਰਹੇ ਹਨ। ਅੰਤ ਵਿੱਚ ਮੈਨੇਜਮੈਂਟ ਕਮੇਟੀ ਵਲੋਂ ਸਮਾਗਮ ਵਿੱਚ ਪਾਹੁੰਚੀਆਂ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਸਿਮਰਜੀਤ ਸਿੰਘ ਖੁਰਦ, ਬਾਰਾ ਸਿੰਘ ਖੁਰਦ, ਇੰਦਰਜੀਤ ਸਿੰਘ ਤੋ ਇਲਾਵਾ ਸਮਾਗਮ ਵਿੱਚ ਪਾਹੁੰਚੀਆਂ ਸਮੂਹ ਸੰਗਤਾ,ਸਮੂਹ ਸਟਾਫ, ਸਿੱਖਿਆਰਥੀਆਂ ਦੇ ਮਾਪੇ ਤੇ ਪੱਤਵੰਤੇ ਸੱਜਣ ਹਾਜਰ ਸਨ।

# ਅਮਨ ਅਰੋੜਾ ਨੇ ਡਿੰਪਲ ਗਰਗ ਨੂੰ ਪੀ.ਸੀ.ਐਸ. ਜੁਡੀਸ਼ੀਅਲ ਪ੍ਰੀਖਿਆ ਪਾਸ ਕਰਨ 'ਤੇ ਦਿੱਤੀ ਮੁਬਾਰਕਬਾਦ



ਸੁਨਾਮ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਦੀ ਹੋਣਹਾਰ ਲੜਕੀ ਡਿੰਪਲ ਗਰਗ ਨੇ ਹਾਲ ਹੀ ਵਿੱਚ ਹੋਈ ਪੀ.ਸੀ.ਐਸ. ਜੁਡੀਸ਼ੀਅਲ ਦੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਜੱਜ ਦੀ ਨਿਯੁਕਤੀ ਲਈ ਹੋਣ ਵਾਲੀ ਇਸ ਵੱਕਾਰੀ ਪ੍ਰੀਖਿਆ ਨੂੰ ਪਾਸ ਕਰਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਰਿਹਾਇਸ਼ ਵਿਖੇ ਜਾ ਕੇ ਪਰਿਵਾਰਕ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਹੈ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਲੜਕੀਆਂ ਆਪਣੀ ਸਖ਼ਤ ਮਿਹਨਤ ਦੇ ਨਾਲ ਹਰ ਖੇਤਰ ਵਿੱਚ ਆਪਣੇ ਪਰਿਵਾਰ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਕਿਹਾ ਕਿ ਜਦੋਂ ਧੀਆਂ ਵੱਡੀਆਂ ਉਪਾਧੀਆਂ ਹਾਸਲ ਕਰਦੀਆਂ ਹਨ ਤਾਂ ਪਰਿਵਾਰ ਹੀ ਨਹੀਂ ਸਗੋਂ ਪੂਰੇ ਸਮਾਜ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਥੋੜ੍ਹਾ ਪਹਿਲਾਂ ਵੀ ਸੁਨਾਮ ਦੀ ਇੱਕ ਧੀ ਅਤੇ ਹਾਲ ਵਿੱਚ ਇੱਕ ਹੋਰ ਲੜਕੀ ਉਪਾਸਨਾ ਗੋਇਲ ਨੇ ਇਹ ਪ੍ਰੀਖਿਆ ਪਾਸ ਕਰਨ ਦੀ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ ਸੀ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਪਾਰਦਰਸ਼ੀ ਮਾਹੌਲ ਬਣਦਾ ਜਾ ਰਿਹਾ ਹੈ ਜਿਸ ਸਦਕਾ ਨੌਜਵਾਨ ਵਰਗ ਆਪਣੀ ਮਿਹਨਤ ਤੇ ਦ੍ਰਿੜ੍ਹਤਾ ਸਦਕਾ ਵੱਡੀਆਂ ਉਪਲਬਧੀਆਂ ਹਾਸਲ ਕਰ ਰਹੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿੰਪਲ ਦੇ ਪਿਤਾ ਗਿਆਨ ਚੰਦ ਗਰਗ, ਮਾਤਾ ਸਰਿਤਾ ਰਾਣੀ, ਭਰਾ ਸ਼ੁਭਮ ਗਰਗ, ਭਾਬੀ ਰੇਨੂਕਾ, ਸੀਨੀਅਰ ਆਗੂ ਜਤਿੰਦਰ ਜੈਨ, ਕੁਮਾਰ, ਹਰਮੀਤ ਵਿਰਕ ਸਮੇਤ ਡਿੰਪਲ ਦੇ ਹੋਰ ਪਰਿਵਾਰਕ ਮੈਂਬਰ ਵਿਵਾਨ ਗਰਗ, ਡਾ. ਸ਼ੁਭਮ ਗਰਗ, ਕਮਲੇਸ਼ ਗਰਗ, ਜਨਕ ਸਿੰਗਲਾ, ਪਵਨ ਸਿੰਗਲਾ, ਸੁਮਿਤ ਸਿੰਗਲਾ, ਪ੍ਰਵੀਨ ਕੁਮਾਰ ਬਿੱਟੂ, ਪ੍ਰਵੀਨ ਕੁਮਾਰ ਪੀਨਾ, ਪ੍ਰਿੰਸੀਪਲ ਨਰੇਸ਼ ਕੁਮਾਰ, ਬਿੱਟੂ, ਜੀਵਨ ਕੁਮਾਰ ਅਤੇ ਸੁਰਿੰਦਰ ਲੌਂਗੋਵਾਲੀਆ ਹਾਜ਼ਰ ਸਨ।

# ਮੁੰਡੇ ਅਹਿਮਦਗੜ੍ਹ ਦੇ ਵੈਲਫੇਅਰ ਕਲੱਬ ਨੇ ਐਕਸਰੇ ਮਸ਼ੀਨਰੀ ਲਈ ਸਹਿਯੋਗ ਦਿੱਤਾ



ਅਹਿਮਦਗੜ੍ਹ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੰਡੇ ਅਹਿਮਦਗੜ੍ਹ ਦੇ ਵੈਲਫੇਅਰ ਕਲੱਬ ਵੱਲੋਂ ਹਮੇਸ਼ਾ ਹੀ ਮਾਨਵਤਾ ਦੇ ਭਲੇ ਲਈ ਮਾਨ ਮੱਤੇ ਕੰਮ ਕੀਤੇ ਜਾਂਦੇ ਹਨ। ਅਜਿਹਾ ਹੀ ਇੱਕ ਮਸਲਾ ਕਲੱਬ ਦੇ ਧਿਆਨ ਵਿੱਚ ਆਇਆ ਸੀ ਕਿ ਸਰਕਾਰੀ ਹਸਪਤਾਲ ਅਹਿਮਦਗੜ੍ਹ ਵਿਖੇ ਐਕਸਰੇ ਅਤੇ ਈਸੀ ਜੀ ਡਿਪਾਰਟਮੈਂਟ ਵਿੱਚ ਉਪਕਰਨਾਂ ਦੀ ਲੋੜ ਸੀ । ਹਸਪਤਾਲ ਦੇ ਐਸਐਮਓ ਡਾਕਟਰ ਰਾਜੇਸ਼ ਗਰਗ ਦੀ ਪ੍ਰੇਰਨਾ ਸਦਕਾ ਮੁੰਡੇ ਅਹਿਮਦਗੜ੍ਹ ਦੇ ਵੈਲਫੇਅਰ ਕਲੱਬ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਸਹਾਇਤਾ ਰਾਸ਼ੀ ਦੇ ਕੇ ਐਕਸਰੇ ਮਸ਼ੀਨਰੀ ਨੂੰ ਚਲਾਉਣ ਵਿੱਚ ਯੋਗਦਾਨ ਪਾਇਆ ਗਿਆ।ਹਸਪਤਾਲ ਦੇ ਐਸਐਮਓ ਡਾਕਟਰ ਰਾਜੇਸ਼ ਗਰਗ ਨੇ ਕਿਹਾ ਕਿ ਕਿਹਾ ਕਿ ਮੁੰਡੇ ਅਹਿਮਦਗੜ੍ਹ ਦੇ ਕਲੱਬ ਨੇ ਸਾਨੂੰ ਲੋੜ ਪੈਣ ਤੇ ਹਮੇਸ਼ਾ ਹੀ ਸਹਿਯੋਗ ਦਿੱਤਾ ਹੈ ਅਤੇ ਇਸ ਹਸਪਤਾਲ ਦੇ ਅੰਦਰ ਆਉਂਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਅੱਜ ਦੇ ਉਪਰਾਲੇ ਲਈ ਵੀ ਸੰਸਥਾ ਵਧਾਈ ਦੀ ਹੱਕਦਾਰ ਹੈ । ਪ੍ਰਧਾਨ ਰਾਕੇਸ਼ ਗਰਗ ਨੇ ਕਿਹਾ ਅਤੇ ਅਰੁਣ ਵਰਮਾ ਨੇ ਕਿਹਾ ਕਿ ਸਾਡਾ ਉਦੇਸ਼ ਜਰੂਰਤਮੰਦਾਂ ਦੀ ਹਰ ਪ੍ਰਕਾਰ ਦੀ ਮਦਦ ਕਰਨਾ ਹੈ ਚਾਹੇ ਉਹ ਰਾਸ਼ਨ ਦੇ ਰੂਪ ਵਿੱਚ ਹੋਵੇ ਜਾਂ ਸਰੀਰਕ ਤੰਦਰੁਸਤੀ ਦੇ ਰੂਪ ਵਿੱਚ ਹੋਵੇ ।ਅਸੀਂ ਅੱਗੇ ਤੋਂ ਵੀ ਅਜਿਹੇ ਸਾਂਝੇ ਕੰਮਾਂ ਵਿੱਚ ਸੰਭਵ ਸਹਿਯੋਗ ਕਰਦੇ ਰਹਾਂਗੇ।

# 3,000 ਰੁਪਏ ਰਿਸ਼ਵਤ ਲੈਂਦਾ ਸੀਨੀਅਰ ਸਿਪਾਹੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਪੁਲਿਸ ਚੌਕੀ ਗ੍ਰੀਨ ਐਵੀਨਿਊ, ਅੰਮ੍ਰਿਤਸਰ ਸ਼ਹਿਰ ਵਿਖੇ ਤਾਇਨਾਤ ਸੀਨੀਅਰ ਸਿਪਾਹੀ ਨਿਸ਼ਾਨ ਸਿੰਘ ਨੂੰ 3,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਰਜਿੰਦਰ ਸਿੰਘ ਵਾਸੀ ਨਵੀਂ ਅਬਾਦੀ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਪੁਲਿਸ ਮੁਲਾਜ਼ਮ ਚੋਰੀ ਦੇ ਇੱਕ ਕੇਸ ਵਿੱਚ ਉਸਦਾ ਵਾਹਨ 'ਸੁਪਰਦਾਰੀ' 'ਤੇ ਛੱਡਣ ਬਦਲੇ 3,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ।

# ਸਰਕਾਰੀ ਸਕੂਲਾਂ 'ਚ ਦਾਖਲੇ ਲਈ ਪਟਿਆਲਾ ਜ਼ਿਲ੍ਹੇ 'ਚ ਚਲਾਈ ਦਾਖਲਾ ਮੁਹਿੰਮ



ਪਟਿਆਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਲਈ ਚੱਲ ਰਹੀ ਦਾਖਲਾ ਮੁਹਿੰਮ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਗਿੰਨੀ ਦੁੱਗਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈ. ਸਿੱ . ਸੰਜੀਵ ਸ਼ਰਮਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ . ਸਿੱ) ਮਨਵਿੰਦਰ ਕੌਰ ਭੁੱਲਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ( ਸੈ . ਸਿੱ ) ਡਾ. ਰਵਿੰਦਰਪਾਲ ਦੀ ਅਗਵਾਈ ਹੇਠ ਤਿੰਨ ਰੋਜ਼ਾ ਦਾਖਲਾ ਮੁਹਿੰਮ ਚਲਾਈ ਗਈ।

ਦਾਖਲਾ ਵੈਨ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੈ ਦੁਆਰਾ ਹਰੀ ਝੰਡੀ ਦੇ ਕੇ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਤੋਂ ਰਵਾਨਾ ਕੀਤਾ ਗਿਆ। ਪਹਿਲੇ ਦਿਨ ਇਹ ਵੈਨ ਪਟਿਆਲਾ -1, ਰਾਜਪੁਰਾ -2, ਰਾਜਪੁਰਾ - 1, ਡਾਹਰੀਆਂ, ਘਨੌਰ ਅਤੇ ਭੁਨਰਹੇੜੀ - 2 ਸਿੱਖਿਆ ਬਲਾਕਾਂ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚੋਂ ਹੁੰਦੀ ਹੋਈ ਬੱਸ ਸਟੈਂਡ, ਸਨੌਰ ਪਹੁੰਚੀ। ਦੂਸਰੇ ਦਿਨ ਇਸ ਵੈਨ ਦੁਆਰਾ ਪਟਿਆਲਾ - 2, ਪਟਿਆਲਾ - 3, ਭਾਦਸੋਂ - 2, ਬਾਬਰਪੁਰ ਅਤੇ ਭਾਦਸੋਂ -1 ਆਦਿ ਸਿੱਖਿਆ ਬਲਾਕਾਂ ਦੇ ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿੱਚ ਪਹੁੰਚ ਕੀਤੀ ਗਈ। ਤੀਸਰੇ ਦਿਨ ਇਸ ਵੈਨ ਨੇ ਭੁਨਰਹੇੜੀ -1, ਦੇਵੀਗੜ੍ਹ, ਸਮਾਣਾ -2, ਸਮਾਣਾ - 3 ਅਤੇ ਸਮਾਣਾ - 1 ਦੇ ਵੱਖ ਵੱਖ ਪਿੰਡਾਂ, ਕਸਬਿਆਂ ਅਤੇ ਤਹਿਸੀਲਾਂ ਵਿੱਚ ਦਾਖਲਾ ਮੁਹਿੰਮ ਤਹਿਤ ਪ੍ਰਚਾਰ ਕੀਤਾ।

ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿੱਚ ਕੀਤੇ ਗਏ ਪੜਾਵਾਂ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਗਿੰਨੀ ਦੁੱਗਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈ. ਸਿੱ . ਸੰਜੀਵ ਸ਼ਰਮਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ . ਸਿੱ) ਮਨਵਿੰਦਰ ਕੌਰ ਭੁੱਲਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ . ਸਿੱ) ਡਾ. ਰਵਿੰਦਰਪਾਲ ਅਤੇ ਵੱਖ-ਵੱਖ ਬਲਾਕਾਂ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵੱਲੋਂ ਲੋਕਾਂ ਨੂੰ ਸਰਕਾਰੀ ਸਕੂਲਾਂ ਦੀਆਂ ਵਿਸ਼ੇਸ਼ਤਾਵਾਂ, ਪ੍ਰਾਪਤੀਆਂ ਅਤੇ ਉੱਚ ਮਿਆਰੀ ਪੜ੍ਹਾਈ ਬਾਰੇ ਗੱਲਬਾਤ ਕਰਦਿਆਂ ਲੋਕਾਂ ਨੂੰ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਦਾ ਦਾਖਲਾ ਸਰਕਾਰੀ ਸਕੂਲਾਂ ਵਿੱਚ ਕਰਵਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਜ਼ਿਲ੍ਹਾ ਦਾਖਲਾ ਟੀਮ ਦੀ ਅਗਵਾਈ ਵਿੱਚ ਵੱਖ-ਵੱਖ ਬਲਾਕਾਂ ਦੀਆਂ ਦਾਖਲਾ ਟੀਮਾਂ ਵੱਲੋਂ ਦਾਖਲਾ ਵੈਨ ਦੇ ਪੜਾਅ ਵਾਲੀਆਂ ਥਾਵਾਂ ਉੱਪਰ ਵਿਸ਼ੇਸ਼ ਦਾਖਲਾ ਬੂਥ ਲਗਾ ਕੇ ਦਾਖ਼ਲੇ ਕੀਤੇ ਗਏ ਅਤੇ ਲੋਕਾਂ ਨੂੰ ਆਨਲਾਈਨ ਅਤੇ ਆਫ਼ਲਾਈਨ ਦਾਖ਼ਲਿਆਂ ਬਾਰੇ ਜਾਣਕਾਰੀ ਦਿੱਤੀ ਗਈ।

# ਨਵੇਂ ਪਦ ਉਨਤ ਹੋਏ ਡੀ.ਐਸ.ਪੀ ਮੁਹੰਮਦ ਜਮੀਲ ਦਾ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਨਮਾਨ

ਮਲੇਰਕੋਟਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀ ਪੁਲਿਸ ਵਿਭਾਗ 'ਚ ਇੰਸਪੈਕਟਰ ਕੈਡਰ ਦੇ ਅਧਿਕਾਰੀਆਂ ਦੀ ਡੀ.ਐਸ.ਪੀ ਵਜੋਂ ਪਦ ਉਨਤੀ ਕੀਤੀ ਗਈ, ਜਿਸ ਵਿੱਚ ਮਾਲੇਰਕੋਟਲਾ ਤੋਂ ਇੰਸਪੈਕਟਰ ਮੁਹੰਮਦ ਜਮੀਲ ਨੂੰ ਡੀ.ਐਸ.ਪੀ ਬਣਾਇਆ ਗਿਆ। ਉਨ੍ਹਾਂ ਦੀ ਇਸ ਪ੍ਰਮੋਸ਼ਨ ਨਾਲ ਸ਼ਹਿਰ ਵਾਸੀਆਂ 'ਚ ਖੁਸ਼ੀ ਦੀ ਲਹਿਰ ਹੈ। ਸ਼ਹਿਰ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਮੁਸਲਿਮ ਫਰੈਂਡਜ਼ ਕਲੱਬ, ਨੈਸ਼ਨਲ ਮੀਡੀਆ ਕਨਫੈਡਰੇਸ਼ਨ ਅਤੇ ਨੈਸ਼ਨਲ ਹਿਊਮਨ ਰਾਈਟਸ (ਸੋਸ਼ਲ ਜਸਟਿਸ ਕੌਂਸਲ) ਪੰਜਾਬ ਵੱਲੋਂ ਡੀ.ਐਸ.ਪੀ ਮੁਹੰਮਦ ਜਮੀਲ ਦੇ ਸਨਮਾਨ ਲਈ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਬਹੁਤ ਸਾਰੀਆਂ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਹਾਜ਼ਰੀ ਲਗਾਈ ਗਈ। ਇਸ ਮੌਕੇ ਤੇ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਸ਼੍ਰੀ ਜਮੀਲ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹਨਾਂ ਦਾ ਕਾਰਜਕਾਲ ਬੇਦਾਗ ਰਿਹਾ। ਸਮਾਗਮ ਦੌਰਾਨ ਸ਼੍ਰੀ ਮੁਹੰਮਦ ਜਮੀਲ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ 'ਚ ਡੀ.ਐਸ.ਪੀ ਮੁਹੰਮਦ ਜਮੀਲ ਨੇ ਸਮਾਜ ਸੇਵੀ ਸੰਸਥਾਵਾਂ ਦੇ ਪ੍ਰਤੀਨਿਧਾਂ ਦਾ ਉਨ੍ਹਾਂ ਨੂੰ ਸਨਮਾਨ ਦੇਣ ਦੇ ਲਈ ਧੰਨਵਾਦ ਕੀਤਾ। ਇਸ ਮੌਕੇ ਸ਼੍ਰੀ ਖੁਸ਼ੀ ਮੁਹੰਮਦ ਪ੍ਰਧਾਨ ਮੁਸਲਿਮ ਫਰੈਂਡਜ਼ ਕਲੱਬ, ਮੁਹੰਮਦ ਅਖਲਾਕ, ਉਸਮਾਨ ਸਿੱਦੀਕੀ, ਜ਼ਹੂਰ ਅਹਿਮਦ ਚੌਹਾਨ, ਨਰੇਸ਼ ਕੁਮਾਰ, ਐਡਵੋਕੇਟ ਇਜ਼ਾਜ਼ ਆਲਮ, ਮਾਸਟਰ ਮੁਹੰਮਦ ਜਮੀਲ, ਨਸੀਮ ਉਰ ਰਹਿਮਾਨ (ਘੁਕਲਾ), ਕੌਂਸਲਰ ਚੌਧਰੀ ਮੁਹੰਮਦ ਸ਼ਕੀਲ (ਕਾਲਾ), ਸਾਬਕਾ ਕੌਂਸਲਰ ਮੁਹੰਮਦ ਇਲਿਆਸ ਜੁਬੈਰੀ, ਮਨਜ਼ੂਰ ਚੌਹਾਨ, ਲਿਆਕਤ ਅਲੀ, ਕਾਸ਼ਿਫ ਖਾਨ, ਮੁਹੰਮਦ ਅਨਵਾਰ ਬਬਲੀ, ਮੁਹੰਮਦ ਯੂਨਸ ਮੁੰਨਾ ਆਦਿ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ





ਅਮਰਗੜ੍ਹ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਪੂਰੀ ਦੁਨੀਆਂ ਵਿੱਚ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਪੂਰੀ ਸਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ ਜਿਸਨੂੰ ਮਨਾਉਣ ਲਈ ਉਨ੍ਹਾਂ ਦੇ ਪੈਰੋਕਾਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਨੇੜਲੇ ਪਿੰਡ ਮੁਹਾਲੀ ਵਿਖੇ ਵੀ ਪਿੰਡ ਵਾਸੀਆਂ ਵੱਲੋਂ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ ਇਸ ਵਾਰ ਵੀ ਮਿਤੀ 16 ਫਰਵਰੀ ਤੋਂ 18 ਫਰਵਰੀ ਤੱਕ ਨਵ ਨਿਯੁਕਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੁੱਖ ਸਿੰਘ ਕਾਕਾ, ਜਸਪ੍ਰੀਤ ਸਿੰਘ ਜੱਸਾ ਮੀਤ ਪ੍ਰਧਾਨ, ਲਵਪ੍ਰੀਤ ਸਿੰਘ ਪੀਤਾ ਖਜ਼ਾਨਚੀ,ਜਗਸੀਰ ਸਿੰਘ ਲੀਲੀ, ਸਿਮਰਨ ਸਿੰਘ,ਗੁਰਪ੍ਰੀਤ ਸਿੰਘ ਮਿੱਠੂ ਸਕੱਤਰ,ਜਤਿਨ ਸਿੰਘ ਅਤੇ ਧਰਮਿੰਦਰ ਸਿੰਘ ਵੱਲੋਂ ਪਿੰਡ ਦੀ ਧਰਮਸ਼ਾਲਾ ਵਿਖੇ ਪੂਰੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਇਆ ਗਿਆ ਜਿਸਦੇ ਵਿਚਕਾਰਲੇ ਦਿਨ ਬਾਬਾ ਰਣਜੀਤ ਸਿੰਘ ਮੁਹਾਲੀ ਵਾਲਿਆਂ ਵੱਲੋਂ ਧਾਰਮਿਕ ਦਿਵਾਨ ਸਜਾਇਆ ਗਿਆ।ਭੋਗ ਉਪਰੰਤ ਭਾਈ ਮਨਪ੍ਰੀਤ ਸਿੰਘ ਰਾਮਪੁਰ ਛੰਨਾ ਵਾਲਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਬਣ ਕਰਵਾਇਆ ਗਿਆ।ਸੰਗਤਾਂ ਲਈ ਜਲੇਬੀਆਂ ਅਤੇ ਪ੍ਰਸ਼ਾਦੇ ਪਾਣੀ ਦੇ ਲੰਗਰ ਲਗਾਏ ਗਏ। ਇਸ ਮੌਕੇ ਦਸ਼ਮੇਸ਼ ਮਕੈਨੀਕਲ ਵਰਕਸ ਅਮਰਗੜ੍ਹ ਦੇ ਮੈਨੇਜਿੰਗ ਡਾਇਰੈਕਟਰ ਸਵਰਨਜੀਤ ਸਿੰਘ ਪਨੇਸਰ ਵੱਲੋਂ ਆਪਣੀ ਹਾਜ਼ਰੀ ਲਗਾਉਂਦੇ ਹੋਏ ਐਸ.ਸੀ ਭਾਈਚਾਰੇ ਦੇ ਲੋਕਾਂ ਦੀ ਸਹੂਲਤ ਲਈ ਧਰਮਸ਼ਾਲਾ ਵਾਸਤੇ 20 ਗੱਦੇ ਦੇਣ ਦਾ ਐਲਾਨ ਕੀਤਾ ਜਿਸਦੇ ਲਈ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀਆਂ ਵੱਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।

ਸਟੇਜ ਸਕੱਤਰ ਦੀ ਸੇਵਾ ਭਾਈ ਗੁਰਤੇਜ ਸਿੰਘ ਤੇਜੀ ਮੁਹਾਲੀ ਵੱਲੋਂ ਨਿਭਾਈ ਗਈ।ਇਸ ਮੌਕੇ ਰਾਮ ਲਾਲ, ਸ੍ਰੀਮਤੀ ਪਰਮਜੀਤ ਕੌਰ ਸਰਪੰਚ, ਬਲਦੇਵ ਸਿੰਘ, ਹਰਵਿੰਦਰ ਸਿੰਘ, ਲਖਵੀਰ ਸਿੰਘ ਪੰਚ,ਗੁਰਤੇਜ ਸਿੰਘ, ਬਲਤੇਜ ਸਿੰਘ ਪੰਚ,ਕੁਲਵੰਤ ਸਿੰਘ, ਕ੍ਰਿਸ਼ਨ ਸਿੰਘ,ਸਤਨਾਮ ਸਿੰਘ, ਰਣਜੋਧ ਸਿੰਘ, ਲਖਵੀਰ ਸਿੰਘ, ਗੁਰਧਿਆਨ ਸਿੰਘ, ਹੁਸ਼ਿਆਰ ਸਿੰਘ, ਧਰਮਿੰਦਰ ਸਿੰਘ, ਬਲਵਿੰਦਰ ਸਿੰਘ ਵਿੱਕੀ ਪੈਂਟਰ, ਰਣਵੀਰ ਸਿੰਘ ਗੋਲਡੀ, ਹਰਪ੍ਰੀਤ ਸਿੰਘ, ਪ੍ਰਿਤਪਾਲ ਸਿੰਘ, ਗੁਰਦੀਪ ਸਿੰਘ ਲਾਡੀ, ਪਰਗਟ ਸਿੰਘ, ਸੁਰਿੰਦਰ ਸਿੰਘ ਛਿੰਦਾ, ਮਨਦੀਪ ਸਿੰਘ ਬੰਟੀ, ਪਰਦੀਪ ਸਿੰਘ ਦੀਪੀ, ਗੁਰਮੀਤ ਸਿੰਘ,ਗੁਰਪ੍ਰੀਤ ਸਿੰਘ ਕਾਲੂ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

ਇਸ ਮੌਕੇ ਉਭਰਦੇ ਗੀਤਕਾਰ ਨੀਟੂ ਮੁਹਾਲੀ ਦੇ ਨਵੇਂ ਆਏ ਸ਼ਬਦ ਮੇਰੇ ਗੁਰੂ ਰਵਿਦਾਸ ਜੀ ਦੇ ਸਬੰਧ ਵਿੱਚ ਨੀਟੂ ਮੁਹਾਲੀ ਨੂੰ ਸਨਮਾਨਿਤ ਕਰਨ ਸਮੇਤ ਇਸ ਗੀਤ ਸਬੰਧੀ ਪੋਸਟਰ ਵੀ ਰਲੀਜ ਕੀਤਾ ਗਿਆ।

# ਚੋਣ ਮੈਦਾਨ 'ਚ ਉਤਰਨ ਵਾਲੇ ਉਮੀਦਵਾਰਾਂ ਦਾ ਨੋਮੀਨੇਸ਼ਨ ਭਰਨ ਤੋਂ ਪਹਿਲਾਂ ਡੋਪ ਟੈਸਟ ਕਰਵਾਉਣ ਚੋਣ ਕਮਿਸ਼ਨਰ : ਕਾਕਾ

ਪਟਿਆਲਾ, 23 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚੋਣ ਲੜਨ ਵਾਲੇ ਹਰ ਤਰ੍ਹਾਂ ਦੇ ਉਮੀਦਵਾਰਾਂ ਦਾ ਚੋਣ ਲੜਨ ਤੋਂ ਪਹਿਲਾਂ ਡੋਪ ਟੈਸਟ ਕਰਵਾਉਣ ਸਬੰਧੀ ਕਾਨੂੰਨ ਲਿਆਉਣ ਦੀ ਕੀਤੀ ਜਾ ਰਹੀ ਵਾਰ-ਵਾਰ ਮੰਗ ਨੂੰ ਲੈ ਕੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਮੋਦੀ ਸਰਕਾਰ ਖਿਲਾਫ ਨਾਅਰੇਬਾਜੀ ਕਰ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਚੋਣ ਮੈਦਾਨ ਵਿੱਚ ਉਤਰਨ ਵਾਲੇ ਉਮੀਦਵਾਰਾਂ ਦਾ ਨੋਮੀਨੇਸ਼ਨ ਭਰਨ ਤੋਂ ਪਹਿਲਾਂ ਡੋਪ ਟੈਸਟ ਕਰਵਾਉਣ ਦੀ ਮੰਗ ਮੋਦੀ ਸਰਕਾਰ ਅਤੇ ਮਾਨਯੋਗ ਚੋਣ ਕਮਿਸ਼ਨਰ ਭਾਰਤ ਤੋਂ ਕਰਦਿਆ ਕਿਹਾ ਕਿ ਜੁਆਇਨਿੰਗ ਕਰਨ ਤੋਂ ਜਿਵੇਂ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਜਾਂ ਗੇਮਾਂ ਖੇਡਣ ਵਾਲੇ ਖਿਡਾਰੀਆਂ ਦਾ ਡੋਪ ਟੈਸਟ ਕੀਤਾ ਜਾਂਦਾ ਹੈ ਬਿਲਕੁਲ ਉਸੇ ਤਰ੍ਹਾਂ ਲੋਕ ਸਭਾ ਅਤੇ ਵਿਧਾਨ ਸਭਾ ਆਦਿ ਚੋਣ ਲੜਨ ਤੋਂ ਪਹਿਲਾਂ ਉਮੀਦਵਾਰਾਂ ਦਾ ਡੋਪ ਟੈਸਟ ਹੋਣਾ ਅਤੀ ਜਰੂਰੀ ਹੈ ਜਿਹੜੇ ਜਿੱਤ ਕੇ ਆਉਣਗੇ ਉਹਨਾਂ ਨੇਤਾਵਾਂ ਨੇ ਦੇਸ਼ ਅਤੇ ਸੂਬਿਆਂ ਨੂੰ ਸੰਭਾਲਣਾ ਤੇ ਚਲਾਉਣਾ ਹੁੰਦਾ ਹੈ ਇਸ ਕਰਕੇ ਉਮੀਦਵਾਰਾਂ ਦੀ ਡੋਪ ਟੈਸਟ ਰਿਪੋਰਟ ਸਹੀ ਆਉਣ ਤੇ ਹੀ ਫਾਰਮ ਭਰਨ ਦੀ ਮਨਜ਼ੂਰੀ ਦਿੱਤੀ ਜਾਵੇ ਕਿਉਂਕਿ ਜਨਤਾ ਦਾ ਭਵਿੱਖ ਇਨ੍ਹਾਂ ਲੀਡਰਾਂ ਦੇ ਹੱਥਾਂ ਵਿੱਚ ਹੁੰਦਾ ਹੈ ਜੇਕਰ ਚੰਗੇ ਤੇ ਸਾਫ ਸੁੱਥਰੇ ਵਿਅਕਤੀ ਰਾਜਨੀਤੀ ਵਿੱਚ ਆਉਣਗੇ ਤਾਂ ਉਹ ਤੰਦਰੁਸਤ ਸਮਾਜ ਲਈ ਕੰਮ ਕਰ ਸਕਣਗੇ ਤੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾਣਗੇ ਜੇਕਰ ਕੋਈ ਨੇਤਾ ਨਸ਼ਿਆਂ ਦਾ ਆਦਿ ਹੋਵੇਗਾ ਤਾਂ ਉਹ ਸਮਾਜ ਦਾ ਬਹੁਤ ਵੱਡਾ ਨੁਕਸਾਨ ਹੀ ਪਹੁੰਚਾਏਗਾ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਨਿਮਰਤਾ ਸਹਿਤ ਇੱਕ ਵਾਰ ਫਿਰ ਪੁਰਜੋਰ ਮਗ ਕੀਤੀ ਕਿਹਾ ਕਿ ਮੋਦੀ ਸਰਕਾਰ ਉਮੀਦਵਾਰਾਂ ਦਾ ਡੋਪ ਟੈਸਟ ਕਰਾਉਣ ਸਬੰਧੀ ਜਲਦ ਕਾਨੂੰਨ ਲੈ ਕੇ ਆਵੇ ਉਸ ਵਿੱਚ ਮੌਜੂਦਾ ਸੱਤਾ ਵਿੱਚ ਬੈਠੇ ਨੇਤਾਵਾਂ ਦਾ ਵੀ ਹਰ ਸਾਲ ਡੋਪ ਟੈਸਟ ਹੋਣਾ ਬਹੁਤ ਜਰੂਰੀ ਹੈ। ਜਿਸ ਦੀ ਰਿਪੋਰਟ ਸਹੀ ਨਹੀਂ ਪਾਈ ਜਾਂਦੀ ਉਸ ਨੇਤਾ ਦੀ ਮੈਂਬਰ ਸਦੱਸਤਾ ਨੂੰ ਖਤਮ ਕਰਕੇ ਅੱਗੇ ਤੋਂ ਚੋਣ ਲੜਨ ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਜਾਵੇ ਜਦੋਂ ਤੱਕ ਮੋਦੀ ਸਰਕਾਰ ਵੱਲੋਂ ਜਲਦ ਡੋਪ ਟੈਸਟ ਸਬੰਧੀ ਕਾਨੂੰਨੀ ਨਹੀਂ ਲਿਆਦਾ ਜਾਂਦਾ ਉਦੋ ਤੱਕ ਸੜਕਾਂ ਤੇ ਉਤਰ ਵੱਡੇ ਪੱਧਰ ਤੇ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਤੇ ਕਿਹਾ ਕਿ ਰਾਜਨੀਤੀ ਵਿੱਚ ਫੈਲੀ ਗੰਦਗੀ ਨੂੰ ਇਕੱਠੇ ਹੋ ਕੇ ਹੀ ਸਾਫ ਕੀਤਾ ਜਾ ਸਕਦਾ ਹੈ। ਜੇਕਰ ਅਸੀਂ ਸੋਚ ਸਮਝ ਕੇ ਵੋਟ ਪਾਈਏ ਤਾਂ ਜੋ ਪਾਰਦਰਸ਼ੀ ਸੋਚ ਰੱਖਣ ਵਾਲੇ ਇਮਾਨਦਾਰ ਤੇ ਨਸ਼ਾ ਰਹਿਤ ਉਮੀਦਵਾਰਾਂ ਨੂੰ ਜਨਤਾ ਦੀ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋ ਸਕੇ ਅਤੇ ਜੋ ਪੰਜਾਬ ਵਿੱਚ ਨਸ਼ਿਆਂ ਕਾਰਨ ਬਣੇ ਹਾਲਾਤ ਤੋਂ ਵੀ ਮੁਕਤੀ ਮਿਲ ਸਕੇ। ਇਸ ਮੌਕੇ ਗੁਰਮੇਲ ਸਿੰਘ, ਹਰਪ੍ਰੀਤ ਸਿੰਘ, ਬੀ.ਡੀ. ਰੰਗਾ, ਬੁੱਧ ਸਿੰਘ, ਬਲਜਿੰਦਰ ਸਿੰਘ, ਰਮਜਾਨ ਖਾਨ, ਦਰਸ਼ਨ ਸਿੰਘ, ਲਾਲ ਖਾਨ, ਲੀਲਾ, ਬੰਟੀ ਸਿੰਘ, ਨਰੇਸ਼ ਕੁਮਾਰ, ਹੁਕਮ ਸਿੰਘ, ਪਰਮਜੀਤ ਸਿੰਘ, ਸਰਵਨ ਕੁਮਾਰ, ਯਸ਼ ਕੁਮਾਰ, ਸੁਰਿੰਦਰ ਕੁਮਾਰ, ਸੁਖਦੇਵ ਸਿੰਘ, ਰਵੀ ਕੁਮਾਰ ਆਦਿ ਹਾਜਰ ਸਨ।



# ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਵਜ਼ਾਰਤ ਵੱਲੋਂ ਇਕ ਮਾਰਚ ਤੋਂ 15 ਮਾਰਚ ਤੱਕ ਬਜਟ ਇਜਲਾਸ ਸੱਦਣ ਦੀ ਪ੍ਰਵਾਨਗੀ

## ➢ ਸਾਲ 2024-25 ਦਾ ਬਜਟ 5 ਮਾਰਚ ਨੂੰ ਪੇਸ਼ ਹੋਵੇਗਾ ➢ ਸੁਲਤਾਨਪੁਰ ਲੋਧੀ ਵਿਖੇ ਪੰਜਾਬ ਹੋਮਗਾਰਡਜ਼ ਦੇ ਸ਼ਹੀਦ ਵਲੰਟੀਅਰ ਦੇ ਪਰਿਵਾਰ ਨੂੰ ਐਕਸ-ਗ੍ਰੇਸ਼ੀਆ ਗਰਾਂਟ ਮਿਲੇਗੀ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਵਜ਼ਾਰਤ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਛੇਵਾਂ ਇਜਲਾਸ (ਬਜਟ ਸਮਾਗਮ) ਇਕ ਮਾਰਚ ਤੋਂ 15 ਮਾਰਚ, 2024 ਤੱਕ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਾਰੇ ਫੈਸਲਾ ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਭਾਰਤੀ ਸੰਵਿਧਾਨ ਦੀ ਧਾਰਾ 174 ਦੇ ਤਹਿਤ ਇਹ ਇਜਲਾਸ ਸੱਦਣ ਲਈ ਰਾਜਪਾਲ ਨੂੰ ਅਧਿਕਾਰਤ ਕੀਤਾ ਹੈ। ਪੰਜਾਬ ਸਰਕਾਰ 5 ਮਾਰਚ ਨੂੰ ਵਿੱਤੀ ਸਾਲ 2024-25 ਲਈ ਬਜਟ ਪੇਸ਼ ਕਰੇਗੀ। ਬਜਟ ਇਜਲਾਸ ਦੇ ਪ੍ਰੋਗਰਾਮ ਅਨੁਸਾਰ ਇਹ ਸੈਸ਼ਨ ਇਕ ਮਾਰਚ ਨੂੰ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ ਅਤੇ ਬਾਅਦ ਵਿੱਚ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ 5 ਮਾਰਚ ਨੂੰ ਸਾਲ 2024-25 ਦੇ ਬਜਟ ਅਨੁਮਾਨ ਪੇਸ਼ ਕੀਤੇ ਜਾਣਗੇ ਅਤੇ 15 ਮਾਰਚ ਨੂੰ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ ਜਾਵੇਗਾ।

ਸੁਲਤਾਨਪੁਰ ਲੋਧੀ ਵਿਖੇ ਅਮਨ-ਕਾਨੂੰਨ ਦੀ ਰਾਖੀ ਕਰਦਿਆਂ ਸ਼ਹੀਦ ਹੋਣ ਵਾਲੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਮਨਿਆਲਾ ਦੇ ਪੰਜਾਬ ਹੋਮਗਾਰਡਜ਼ ਦੇ ਵਲੰਟੀਅਰ ਜਸਪਾਲ ਸਿੰਘ ਪੁੱਤਰ ਦਲੀਪ ਸਿੰਘ (ਨੰਬਰ-28475) ਦੇ ਯੋਗਦਾਨ ਦੇ ਮੱਦੇਨਜ਼ਰ ਮੰਤਰੀ ਮੰਡਲ ਨੇ ਸ਼ਹੀਦ ਦੇ ਪਰਿਵਾਰ ਨੂੰ ਵਿਸ਼ੇਸ਼ ਕੇਸ ਵਜੋਂ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਨੇ ਪੰਜਾਬ ਹੋਮਗਾਰਡਜ਼ ਦੇ ਇਸ ਵਲੰਟੀਅਰਾਂ ਦੀ ਕੁਰਬਾਨੀ ਨੂੰ ਵੀ ਪੁਲਿਸ ਅਫਸਰਾਂ, ਅਰਧ-ਸੈਨਿਕ ਬਲ ਅਤੇ ਫੌਜ ਵਿੱਚ ਸੇਵਾ ਨਿਭਾਅ ਰਹੇ ਪੰਜਾਬ ਦੇ ਵਾਸੀ ਸੈਨਿਕਾਂ ਦੇ ਬਰਾਬਰ ਦਰਜਾ ਦਿੱਤਾ ਹੈ। ਇਸ ਉਪਰਾਲੇ ਨਾਲ ਪੰਜਾਬ ਹੋਮਗਾਰਡਜ਼ ਵਲੰਟੀਅਰਾਂ ਦਾ ਮਨੋਬਲ ਹੋਰ ਵਧੇਗਾ।

ਮੰਤਰੀ ਮੰਡਲ ਨੇ ਸਾਲ 2019 ਦੀ ਅਧਿਆਪਕ ਤਬਾਦਲਾ ਨੀਤੀ ਦੇ ਪੈਰਾ-9 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜੋ ਅਧਿਆਪਕ ਕਾਡਰ ਦੇ ਉਨ੍ਹਾਂ ਕਰਮਚਾਰੀਆਂ ਦੇ ਵਡੇਰੇ ਹਿੱਤ ਵਿੱਚ ਕੀਤੀ ਗਈ ਹੈ, ਜੋ ਕਿ ਛੋਟ ਮੁਕਤ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਹੜੇ ਮੁਲਾਜ਼ਮ ਕੈਂਸਰ ਮਰੀਜ਼ (ਖੁਦ, ਜੀਵਨ ਸਾਥੀ ਜਾਂ ਬੱਚੇ)/ ਡਾਇਲਿਸਿਸ (ਖੁਦ, ਜੀਵਨ ਸਾਥੀ ਜਾਂ ਬੱਚੇ)/ਲਿਵਰ ਜਾਂ ਗੁਰਦਾ ਟਰਾਂਸਪਲਾਂਟ/40 ਫੀਸਦੀ ਤੋਂ ਵੱਧ ਦਿਵਿਆਂਗ/ਹੈਪੇਟਾਈਟਸ-ਬੀ/ ਹੈਪੇਟਾਈਟਸ-ਸੀ/ਸਿੱਕਲ ਸੈੱਲ ਅਨੀਮੀਆ/ਥੈਲੇਸੀਮੀਆ (ਖੁਦ ਜਾਂ ਬੱਚੇ)/ਤਲਾਕਸ਼ੁਦਾ/ਜਿਨ੍ਹਾਂ ਮੁਲਾਜ਼ਮਾਂ ਦੇ ਵਿਸ਼ੇਸ਼ ਬੱਚੇ ਜਾਂ ਬੌਧਿਕ ਤੌਰ ਉਤੇ ਵਿਸ਼ੇਸ਼ ਬੱਚੇ ਹਨ/ਜੰਗੀ ਵਿਧਵਾ/ਸ਼ਹੀਦ ਦੀ ਵਿਧਵਾ/ਜੀਵਨ ਸਾਥੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸੇਵਾ ਨਿਭਾਅ ਰਹੇ ਮੁਲਾਜ਼ਮ ਦਾ ਕਿਸੇ ਹੋਰ ਸਟੇਸ਼ਨ ਉਤੇ ਤੁਰੰਤ ਜਾਣਾ ਲੋੜੀਂਦਾ ਹੋਵੇ ਅਤੇ ਬੱਚਿਆਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਜਾਂ ਉਹ ਅਧਿਆਪਕ ਜਿਸ ਦਾ ਜੀਵਨ ਸਾਥੀ ਹਥਿਆਰਬੰਦ ਸੈਨਾਵਾਂ ਵਿੱਚ ਸੇਵਾ ਨਿਭਾਅ ਰਿਹਾ ਹੈ ਅਤੇ ਉਸ ਦੀ ਤਾਇਨਾਤੀ ਔਖੀਆਂ ਹਾਲਤਾਂ ਵਾਲੀ ਥਾਂ ਉਤੇ ਹੋਵੇ, ਇਨ੍ਹਾਂ ਸਾਰਿਆਂ ਕੇਸਾਂ ਵਿੱਚ ਬਦਲੀਆਂ ਲਈ ਬੇਨਤੀਆਂ ਮਹੀਨੇ ਦੇ ਆਧਾਰ ਉਤੇ ਪੋਰਟਲ ਉਤੇ ਜਮ੍ਹਾਂ ਹੋਣਗੀਆਂ ਅਤੇ ਕੋਈ ਵੀ ਆਫਲਾਈਨ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ ਅਜਿਹੇ ਮਾਮਲਿਆਂ ਵਿੱਚ ਹੁਕਮ ਸਿੱਖਿਆ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤੇ ਜਾਣਗੇ।

ਮੰਤਰੀ ਮੰਡਲ ਨੇ ਜਲ ਸਰੋਤ ਵਿਭਾਗ ਦੇ ਡਿਜ਼ਾਈਨ ਵਿੰਗ ਨੂੰ ਸਰਕਾਰੀ ਮਲਕੀਅਤ ਵਾਲੇ/ਸਹਾਇਤਾ ਪ੍ਰਾਪਤ ਕਾਲਜਾਂ ਅਤੇ ਇੰਜਨੀਅਰਿੰਗ ਕਾਲਜਾਂ/ਸੰਸਥਾਵਾਂ ਦੇ ਸਟਾਫ ਦੀ ਤਰਜ਼ ਉਤੇ ਨਿੱਜੀ ਸੰਸਥਾਵਾਂ ਨੂੰ ਡਿਜ਼ਾਈਨ ਅਤੇ ਕੰਸਲਟੈਂਸੀ ਸੇਵਾਵਾਂ ਪ੍ਰਦਾਨ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿੱਚ ਇਹ ਸ਼ਰਤ ਹੋਵੇਗੀ ਕਿ ਡਿਜ਼ਾਈਨ ਅਤੇ ਕੰਸਲਟੈਂਸੀ ਸੇਵਾਵਾਂ ਰਾਹੀਂ ਪੈਦਾ ਹੋਣ ਵਾਲੇ ਮਾਲੀਏ ਦਾ 40 ਫੀਸਦੀ ਸੂਬੇ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਇਸ ਨਾਲ ਵਿਭਾਗ ਨੂੰ ਮਾਲੀਆ ਇਕੱਠਾ ਹੋਵੇਗਾ ਅਤੇ ਵਿਭਾਗ ਦੀ ਸਮਰੱਥਾ ਨਿਰਮਾਣ ਦੇ ਨਾਲ-ਨਾਲ ਮਨੁੱਖੀ ਸ਼ਕਤੀ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਇਆ ਜਾਵੇਗਾ।

ਮੰਤਰੀ ਮੰਡਲ ਨੇ 'ਦਾ ਈਸਟ ਪੰਜਾਬ ਵਾਰ ਐਵਾਰਡਜ਼ ਐਕਟ-1948' ਵਿੱਚ ਸੋਧ ਕਰਨ ਲਈ ਬਿੱਲ ਵਿਧਾਨ ਸਭਾ ਦੇ ਅਗਾਮੀ ਇਜਲਾਸ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੋਧ ਨਾਲ ਜੰਗੀ ਜਗੀਰ ਦੀ ਰਾਸ਼ੀ (ਵਿੱਤੀ ਸਹਾਇਤਾ) ਮੌਜੂਦਾ 10,000 ਰੁਪਏ ਸਾਲਾਨਾ ਤੋਂ ਵਧ ਕੇ 20,000 ਰੁਪਏ ਸਾਲਾਨਾ ਹੋ ਜਾਵੇਗੀ।

# ਸੰਯੁਕਤ ਕਿਸਾਨ ਮੋਰਚੇ' ਦਾ ਵੱਡਾ ਐਲਾਨ, ਭਲਕੇ ਮਨਾਇਆ ਜਾਵੇਗਾ ਕਾਲਾ ਦਿਨ, 14 ਮਾਰਚ ਨੂੰ ਮਹਾਂਪੰਚਾਇਤ

## ਗੋਲੀ ਚਲਾਉਣ ਵਾਲੇ ਪੁਲੀਸ ਮੁਲਾਜ਼ਮਾਂ 'ਤੇ 302 ਦਾ ਪਰਚਾ ਦਰਜ ਕਰਨ ਦੀ ਮੰਗ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਨੌਰੀ ਬਾਰਡਰ 'ਤੇ 21 ਸਾਲਾ ਸ਼ੁਭਕਰਨ ਸਿੰਘ ਦੀ ਮੌਤ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਨੇ ਵੱਡਾ ਫ਼ੈਸਲਾ ਕੀਤਾ ਹੈ। ਮੋਰਚੇ ਦਾ ਕਹਿਣਾ ਹੈ ਕਿ ਪੂਰੇ ਦੇਸ਼ 'ਚ ਭਲਕੇ ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਦੇ ਪੁਤਲੇ ਫੂਕੇ ਜਾਣਗੇ ਅਤੇ ਕਾਲਾ ਦਿਨ ਮਨਾਇਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਸ਼ੁਭਕਰਨ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਾ ਹੈ ਅਤੇ ਭਲਕੇ ਸਾਰੇ ਦੇਸ਼ 'ਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਭਲਕੇ ਅਮਿਤ ਸ਼ਾਹ, ਮੁੱਖ ਮੰਤਰੀ ਮਨੋਹਰ ਲਾਲ ਖੱਟੜ ਅਤੇ ਅਨਿਜ ਵਿਜ ਦੇ ਪੁਤਲੇ ਫੂਕੇ ਜਾਣਗੇ।

ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਹਰਿਆਣਾ ਦੀ ਪੁਲਸ ਨੇ ਪੰਜਾਬ ਦੇ ਇਲਾਕੇ 'ਚ ਆ ਕੇ ਗੋਲੀ ਚਲਾਈ ਅਤੇ ਸਾਡੇ ਟਰੈਕਟਰ ਤੋੜੇ, ਇਸ ਦੇ ਲਈ 302 ਦਾ ਪਰਚਾ ਦਰਜ ਕੀਤਾ ਜਾਵੇ। ਸੰਯੁਕਤ ਕਿਸਾਨ ਮੋਰਚੇ ਨੇ ਸ਼ੁਭਕਰਨ ਦੀ ਮੌਤ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਮੋਰਚੇ ਨੇ ਸ਼ੁਭਕਰਨ ਸਿੰਘ ਦੇ ਪਰਿਵਾਰ ਲਈ 1 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦੀ ਮੰਗ ਕੀਤੀ ਹੈ। ਰਾਜੇਵਾਲ ਨੇ ਕਿਹਾ ਕਿ 14 ਮਾਰਚ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ 'ਚ ਮਹਾਂਪੰਚਾਇਤ ਕੀਤੀ ਜਾਵੇਗੀ। ਇਸ ਦੌਰਾਨ ਸਾਰੇ ਦੇਸ਼ ਦੇ ਕਿਸਾਨ ਦਿੱਲੀ ਪੁੱਜਣਗੇ ਅਤੇ ਉਕਤ ਰੈਲੀ 'ਚ ਸ਼ਾਮਲ ਹੋਣਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ 26 ਫਰਵਰੀ ਨੂੰ ਟਰੈਕਟਰ ਮਾਰਚ ਕੱਢਿਆ ਜਾਵੇਗਾ। ਇਥੇ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਤੋਂ ਬਾਅਦ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ 'ਤੇ ਗੋਲੀਆਂ ਚਲਾਉਣ ਵਾਲੇ ਪੁਲੀਸ ਮੁਲਾਜ਼ਮਾਂ 'ਤੇ 302 ਦਾ ਮਾਮਲਾ ਦਰਜ ਕੀਤਾ ਜਾਵੇ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ 23 ਫਰਵਰੀ ਨੂੰ ਕਿਸਾਨ ਗ੍ਰਹਿ ਮੰਤਰੀ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕਰਨਗੇ। ਇਸ ਮੌਕੇ ਰਾਕੇਸ਼ ਟਿਕੈਤ ਨੇ ਕਿਹਾ ਕਿ 26 ਫਰਵਰੀ ਨੂੰ ਸਮੂਹ ਕਿਸਾਨ ਮੁੱਖ ਹਾਈਵੇਅ 'ਤੇ ਟਰੈਕਟਰ ਲੈ ਕੇ ਪ੍ਰਦਰਸ਼ਨ ਕਰਨਗੇ।ਵਰਨਣਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਪੰਜਾਬ ਅਤੇ ਹਰਿਆਣਾ ਦਰਮਿਆਨ ਸ਼ੰਭੂ ਅਤੇ ਖਨੌਰੀ ਸਰਹੱਦੀ ਪੁਆਇੰਟਾਂ 'ਤੇ ਸਥਿਤੀ ਬਾਰੇ ਵਿਚਾਰ ਵਟਾਂਦਰੇ ਲਈ ਅੱਜ ਇੱਥੇ ਮੀਟਿੰਗ ਸੱਦੀ ਸੀ। ਐੱਸਕੇਐੱਮ ਨੇ ਕੇਂਦਰ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਖ਼ਿਲਾਫ਼ 2020-21 ਵਿੱਚ ਅੰਦੋਲਨ ਦੀ ਅਗਵਾਈ ਕੀਤੀ ਸੀ। ਬਾਅਦ 'ਚ ਕਾਨੂੰਨ ਰੱਦ ਕਰ ਦਿੱਤੇ ਗਏ ਸਨ। ਅੱਜ ਦੀ ਮੀਟਿੰਗ ਲਈ ਐੱਸਕੇਐੱਮ ਦੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਹੋਰ ਰਾਜਾਂ ਤੋਂ ਕਈ ਆਗੂ ਇੱਥੇ ਪੁੱਜੇ ਹੋਏ ਸਨ।

# ਦਿਆਲੂ-2 ਯੋਜਨਾ ਵਿਚ 1 ਤੋਂ 5 ਲੱਖ ਰੁਪਏ ਤਕ ਦਿੱਤੀ ਜਾਂਦੀ ਹੈ ਵਿੱਤੀ ਸਹਾਇਤਾ : ਖੱਟੜ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਵਿਚ ਬੇਸਹਾਰਾ ਪਸ਼ੂਆਂ ਦੇ ਕਾਰਨ ਹੋਣ ਵਾਲੀ ਦੁਰਘਟਨਾਵਾਂ ਵਿਚ ਨਾਗਰਿਕਾਂ ਨੂੰ ਮੌਤ ਹੋਣ ਜਾਂ ਦਿਵਆਂਗ ਹੋਣ ਦੇ ਮਾਮਲੇ ਵਿਚ ਉਨ੍ਹਾਂ ਦੇ ਪਰਿਜਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਲਈ ਰਾਜ ਸਰਕਾਰ ਵੱਲੋਂ ਦੀਨ ਦਿਆਲ ਉਪਾਧਆਏ ਅੰਤੋਂਦੇਯ ਪਰਿਵਾਰ ਸੁਰੱਖਿਆ ਯੋਜਨਾ (ਦਿਆਲੂ-2) ਚਲਾਈ ਹੋਈ ਹੈ। ਇਸ ਯੋਜਨਾ ਤਹਿਤ ਵੱਖ-ਵੱਖ ਉਮਰ ਵਰਗ ਅਨੁਸਾਰ 1 ਲੱਖ ਰੁਪਏ ਤੋਂ 5 ਲੱਖ ਰੁਪਏ ਤਕ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਬਜਟ ਸੈਸ਼ਨ ਦੌਰਾਨ ਬੋਲ ਰਹੇ ਸਨ।

ਸ੍ਰੀ ਮਨੋਹਰਲਾਲ ਨੇ ਕਿਹਾ ਕਿ 9 ਨਵੰਬਰ, 2023 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਸੂਬੇ ਵਿਚ ਅਵਾਰਾ ਪਸ਼ੂ/ਜਾਨਵਰ/ਕੁਤਿਆਂ ਆਦਿ ਦੇ ਕੱਟਣ ਨਾਲ ਹੋਈ ਨਿਵਾਸੀਆਂ ਦੀ ਮੌਤ ਜਾਂ ਸਥਾਈ ਵਿਕਲਾਂਗਤਾ ਦੇ ਮਾਮਲੇ ਵਿਚ ਉਨ੍ਹਾਂ ਨੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਦਿਆਲੂ-2 ਯੋਜਨਾ ਨੋਟੀਫਾਇਡ ਕੀਤੀ ਗਈ।

ਉਨ੍ਹਾਂ ਨੇ ਦਸਿਆ ਕਿ ਇਸ ਯੋਜਨਾ ਤਹਿਤ 12 ਸਾਲ ਦੀ ਉਮਰ ਤਕ 1 ਲੱਖ ਰੁਪਏ, 12 ਸਾਲ ਤੋ. 18 ਸਾਲ ਤਕ ਦੀ ਉਰਮ ਲਈ 2 ਲੱਖ ਰੁਪਏ, 18 ਸਾਲ ਤੋਂ 25 ਸਾਲ ਉਮਰ ਤਕ ਦੇ ਲਈ 3 ਲੱਖ ਰੁਪਏ, 25 ਸਾਲ ਤੋਂ 40 ਸਾਲ ਉਮਰ ਤਕ ਲਈ 5 ਲੱਖ ਰੁਪਏ ਤਐ 40 ਸਾਲ ਉਮਰ ਵਰਗ ਤੋਂ ਵੱਧ ਦੇ ਨਾਗਰਿਕਾਂ ਨੂੰ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

# ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਜ਼ਖ਼ਮੀ ਕਿਸਾਨਾਂ ਦਾ ਜਾਣਿਆ ਹਾਲ-ਚਾਲ



**ਪਾਤੜਾਂ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪਾਤੜਾਂ ਹਸਪਤਾਲ ਵਿਖੇ ਜ਼ਖ਼ਮੀ ਕਿਸਾਨਾਂ ਦਾ ਹਾਲ ਚਾਲ ਜਾਣਿਆ ਅਤੇ ਜ਼ਖ਼ਮੀਆਂ ਨੂੰ ਮਿਲ ਰਹੀਆਂ ਮੈਡੀਕਲ ਸੇਵਾਵਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਜ਼ਖ਼ਮੀ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਮੈਡੀਕਲ ਸਹੂਲਤ ਦੇਣ ਲਈ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਤੇ ਮੁੱਖ ਮੰਤਰੀ ਵੱਲੋਂ ਦਿੱਤੇ ਆਦੇਸ਼ਾਂ ਤਹਿਤ ਖਨੌਰੀ ਬਾਰਡਰ 'ਤੇ ਜ਼ਖ਼ਮੀ ਹੋਏ ਕਿਸਾਨਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਉਨ੍ਹਾਂ ਦੀ ਤਾਇਨਾਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਵਿਖੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਰਾਜਪੁਰਾ ਵਿਖੇ ਐਮ.ਐਲ.ਏ. ਡਾ. ਚਰਨਜੀਤ ਸਿੰਘ ਚੰਨੀ ਵੱਲੋਂ ਜ਼ਖ਼ਮੀ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਨਿਗਰਾਨੀ ਕੀਤੀ ਜਾ ਰਹੀਆਂ ਹਨ।

ਜ਼ਖ਼ਮੀ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਜ਼ਖ਼ਮੀ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਮੈਡੀਕਲ ਸਹੂਲਤ ਪ੍ਰਦਾਨ ਕਰ ਰਹੀ ਹੈ ਤੇ ਕਿਸੇ ਨੂੰ ਵੀ ਇਲਾਜ ਪੱਖੋਂ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਇਲਾਜ ਸੂਬਾ ਸਰਕਾਰ ਵੱਲੋਂ ਮੁਫ਼ਤ ਕੀਤਾ ਜਾ ਰਿਹਾ ਹੈ।

ਅੱਖਾਂ ਦੀਆਂ ਬਿਮਾਰੀਆਂ ਦੇ ਮਾਹਰ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪਾਤੜਾਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਦੀ ਹਾਲਤ ਸਥਿਰ ਹੈ। ਉਨ੍ਹਾਂ ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕਰਦਿਆਂ ਦਾਖਲ ਮਰੀਜ਼ਾਂ ਨੂੰ ਕਿਹਾ ਕਿ ਸਿਹਤ ਅਮਲੇ ਵੱਲੋਂ ਇਲਾਜ ਲਈ ਪੁਖ਼ਤਾ ਪ੍ਰਬੰਧ ਹਨ, ਪਰ ਫੇਰ ਵੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਉਨ੍ਹਾਂ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

# ਸੂਬੇ ਵਿੱਚ ਰੇਸ਼ਮ ਉਤਪਾਦਨ ਨੂੰ ਹੁਲਾਰਾ ਦੇਣ ਲਈ ਪੰਜ ਰੋਜ਼ਾ ਸਰੋਤ ਵਿਕਾਸ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਫ਼ਸਲੀ ਵਿਭਿੰਨਤਾ ਤਹਿਤ ਰੇਸ਼ਮ ਉਤਪਾਦਨ ਸਣੇ ਹੋਰਨਾਂ ਫ਼ਸਲਾਂ ਨੂੰ ਹੁਲਾਰਾ ਦੇਣ ਸਬੰਧੀ ਬਾਗ਼ਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬਾਗ਼ਬਾਨੀ ਵਿਭਾਗ ਵੱਲੋਂ ਸੈਰੀਕਲਚਰ ਨਾਲ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਪੰਜ ਰੋਜ਼ਾ ਸਰੋਤ ਵਿਕਾਸ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ।ਇਥੋਂ ਦੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨੀਸਟ੍ਰੇਸ਼ਨ (ਮਗਸੀਪਾ) ਵਿਖੇ ਕੇਂਦਰ ਰੇਸ਼ਮ ਬੋਰਡ, ਭਾਰਤ ਸਰਕਾਰ ਦੇ ਸਹਿਯੋਗ ਨਾਲ ਕਰਵਾਏ ਗਏ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਕਮਿਸ਼ਨਰ ਸ੍ਰੀਮਤੀ ਨੀਲਿਮਾ, ਡਾਇਰੈਕਟਰ ਬਾਗ਼ਬਾਨੀ ਸ੍ਰੀਮਤੀ ਸ਼ੈਲਿੰਦਰ ਕੌਰ ਅਤੇ ਕੇਂਦਰ ਰੇਸ਼ਮ ਬੋਰਡ ਦੇ ਅਧਿਕਾਰੀਆਂ ਵੱਲੋਂ ਸ਼ਿਰਕਤ ਕੀਤੀ ਗਈ। ਮੁੱਖ ਮਹਿਮਾਨ ਸ੍ਰੀਮਤੀ ਨੀਲਿਮਾ ਨੇ ਆਪਣੇ ਸੰਬੋਧਨ ਦੌਰਾਨ ਸੂਬੇ ਵਿੱਚ ਰੇਸ਼ਮ ਉਤਪਾਦਨ ਨੂੰ ਪ ?ਫੁਲਿਤ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਡਾਇਰੈਕਟਰ ਬਾਗ਼ਬਾਨੀ ਨੇ ਦੱਸਿਆ ਕਿ ਰੇਸ਼ਮ ਉਤਪਾਦਨ ਦਾ ਕਿੱਤਾ ਪੰਜਾਬ ਵਿੱਚ ਮੁੱਖ ਤੌਰ 'ਤੇ ਕੰਢੀ ਜ਼ਿਲ੍ਹਿਆਂ ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ ਅਤੇ ਰੋਪੜ ਦੇ ਛੋਟੇ ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਸੈਰੀਕਲਚਰ ਸਕੀਮਾਂ ਅਧੀਨ ਵੱਖ-ਵੱਖ ਗਤੀਵਿਧੀਆਂ ਜਿਵੇਂ ਪਲਾਂਟੇਸ਼ਨ, ਕੀਟ ਪਾਲਣ ਘਰ, ਰੇਰਿੰਗ ਉਪਕਰਣ, ਟ੍ਰੇਨਿੰਗ, ਐਕਸਪੋਜ਼ਰ ਵਿਜ਼ਿਟ ਆਦਿ ਅਧੀਨ ਸਬਸਿਡੀ ਮੁਹੱਈਆ ਕਰਵਾਈ ਜਾਂਦੀ ਹੈ।

ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸੈਰੀਕਲਚਰ ਦੇ ਵਿਕਾਸ ਸਬੰਧੀ ਵਿਸ਼ਾ ਮਾਹਰਾਂ ਅਤੇ ਸਾਇੰਸਦਾਨਾਂ ਵੱਲੋਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਤਕਨੀਕੀ ਜਾਣਕਾਰੀ ਦਿੱਤੀ ਗਈ।

ਕੇਂਦਰੀ ਰੇਸ਼ਮ ਬੋਰਡ ਦੇ ਸਹਾਇਕ ਸਕੱਤਰ ਸ੍ਰੀ ਦਸ਼ਰਥੀ ਬਹੇਰਾ, ਸਾਇੰਟਿਸਟ-ਡੀ ਬੰਗਲੌਰ ਸ੍ਰੀ ਸਦੀਕੀ ਅਲੀ, ਡਾਇਰੈਕਟਰ, ਸੀ.ਐਸ.ਆਰ. ਐਂਡ ਟੀ.ਆਈ, ਪਾਮਪੁਰ ਸ੍ਰੀ ਐਨ.ਕੇ. ਭਾਟੀਆ, ਸਾਇੰਟਿਸਟ-ਡੀ ਸ੍ਰੀ ਸਰਦਾਰਾ ਸਿੰਘ ਅਤੇ ਸੁਰਿੰਦਰ ਭੱਟ ਨੇ ਰੇਸ਼ਮ ਉਤਪਾਦਨ ਸਬੰਧੀ ਵੱਖ-ਵੱਖ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।

ਟ੍ਰੇਨਿੰਗ ਪ੍ਰੋਗਰਾਮ ਦੌਰਾਨ ਵਿਭਾਗ ਦੇ ਸੈਰੀਕਲਚਰ ਵਿੰਗ ਵੱਲੋਂ ਵੱਖ-ਵੱਖ ਗਤੀਵਿਧੀਆਂ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਤੋਂ ਇਲਾਵਾ ਗੋਆ ਇੰਸਟੀਚਿਊਟ ਆਫ਼ ਟ੍ਰੇਨਿੰਗ ਸਟੱਡੀਜ਼ ਦੇ ਅਧਿਕਾਰੀਆਂ ਵੱਲੋ ਸ਼ਖ਼ਸੀਅਤ ਵਿਕਾਸ, ਸਵੈ-ਜਾਗਰੂਕਤਾ, ਸਮਾਂ ਪ੍ਰਬੰਧਨ ਅਤੇ ਡੈਲੀਗੇਸ਼ਨ ਸਕਿੱਲ ਆਦਿ ਸਬੰਧੀ ਸਿਖਲਾਈ ਦਿੱਤੀ ਗਈ।

# ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਲਿਖਤੀ ਪ੍ਰੀਖਿਆ ਅਤੇ ਫਿਜ਼ੀਕਲ ਟ੍ਰੇਨਿੰਗ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਤਰਨਤਾਰਨ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਪੱਟੀ ( ਤਰਨ-ਤਾਰਨ ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਸੀ-ਪਾਈਟ ਕੈਂਪ, ਪੱਟੀ ਵਿਖੇ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਕੰਪਿਊਟਰ ਬੇਸਿਸ ਲਿਖਤੀ ਪੇਪਰ ਜੋ ਕਿ 22 ਅਪ੍ਰੈਲ 2024 ਨੂੰ ਹੋ ਰਿਹਾ ਹੈ । ਜਿਸ ਤਰ੍ਹਾਂ ਦਾ ਲਿਖਤੀ ਪੇਪਰ 22 ਅਪ੍ਰੈਲ 2024 ਨੂੰ ਹੋਣਾ ਹੈ ਉਸ ਤਰ੍ਹਾਂ ਹੀ ਲਿਖਤੀ ਪੇਪਰ ਦੀ ਤਿਆਰੀ ਕੰਪਿਊਟਰ ਤੇ 26 ਫਰਵਰੀ ਤੋਂ ਸ਼ੁਰੂ ਹੋ ਰਹੀ ਹੈ । ਲਿਖਤੀ ਪੇਪਰ ਦੀ ਆਨ ਲਾਈਨ ਰਜਿਸਟਰੇਸ਼ਨ 13 ਫਰਵਰੀ ਤੋਂ 22 ਮਾਰਚ ਤੱਕ www.joinindianarmy.nic.in ਤੇ ਕਰਵਾਈ ਜਾ ਸਕਦੀ ਹੈ । ਜੋ ਯੁਵਕ ਆਈ.ਟੀ.ਆਈ. ਪਾਸ ਹਨ ਉਨ੍ਹਾਂ ਨੂੰ ਵਿਸ਼ੇਸ ਛੋਟ ਦਿੱਤੀ ਜਾਵੇਗੀ ।

ਦਿੱਤੀ ਜਾਣ ਵਾਲੀ ਛੋਟ ਦਾ ਵੇਰਵਾ www.join indianarmy.nic.in ਤੇ ਚੈੱਕ ਕੀਤਾ ਜਾ ਸਕਦਾ ਹੈ ।

ਤਰਨ-ਤਾਰਨ ਜਿਲ੍ਹੇ ਦੇ ਯੁਵਕ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਯੁਵਕਾਂ ਨੇ ਆਪਣੀ ਆਨਲਾਈਨ ਰਿਜ਼ਟ੍ਰੇਸ਼ਨ ਕਰਵਾ ਲਈ ਹੈ ਉਹ ਯੁਵਕ ਜਲਦੀ ਤੋਂ ਜਲਦੀ ਕੈਂਪ ਵਿੱਚ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ ।

# ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਕੱਢੀ ਜਾਗਰੂਕਤਾ ਰੈਲੀ



**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ ਅਤੇ ਹਰਪ੍ਰੀਤ ਕੌਰ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀ ਰਹਿਨੁਮਾਈ ਅਧੀਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਪੰਜਾਬੀ ਚੇਤਨਾ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਡਾ. ਬਲਬੀਰ ਸਿੰਘ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਨੇ ਝੰਡੀ ਦੇ ਕੇ ਰਵਾਨਾ ਕੀਤਾ।

ਡਾ. ਮਨਜਿੰਦਰ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਨੇ ਇਸ ਚੇਤਨਾ ਰੈਲੀ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਰੈਲੀ ਵਿੱਚ ਪਟਿਆਲਾ ਵਾਸੀਆਂ ਨੂੰ ਪੰਜਾਬੀ ਮਾਂ-ਬੋਲੀ ਦੇ ਪ੍ਰਚਾਰ ਤੇ ਪ੍ਰਫੁੱਲਤਾ ਲਈ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ ਦਾ ਸੁਨੇਹਾ ਦਿੱਤਾ ਗਿਆ। ਰੈਲੀ ਦੌਰਾਨ ਮਾਂ-ਬੋਲੀ ਦੀ ਮਹੱਤਤਾ ਨੂੰ ਦਰਸਾਉਂਦੇ ਵੱਖ-ਵੱਖ ਨਾਅਰਿਆਂ ਰਾਹੀਂ ਪਟਿਆਲਾ ਵਾਸੀਆਂ ਨੂੰ ਆਪਣੀਆਂ ਸੰਸਥਾਵਾਂ/ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੀਆਂ ਨਾਮ ਪੱਟੀਆਂ/ਬੋਰਡ ਪੰਜਾਬੀ ਭਾਸ਼ਾ(ਗੁਰਮੁਖੀ ਲਿਪੀ) ਵਿਚ ਲਿਖਣ ਸਬੰਧੀ ਅਪੀਲ ਵੀ ਕੀਤੀ ਗਈ। ਇਹ ਰੈਲੀ ਭਾਸ਼ਾ ਭਵਨ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੋਂ ਹੁੰਦੀ ਹੋਈ ਮੁੱਖ ਦਫ਼ਤਰ ਵਿਖੇ ਖ਼ਤਮ ਹੋਈ। ਇਸ ਰੈਲੀ ਵਿਚ ਭਾਸ਼ਾ ਵਿਭਾਗ ਦੇ ਸਟਾਫ਼ ਅਤੇ ਵਿਦਿਆਰਥੀਆਂ ਤੋਂ ਬਿਨਾਂ ਆਈ.ਟੀ.ਆਈ (ਇਸਤਰੀਆਂ) ਦੇ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਰੈਲੀ ਦੀ ਸ਼ੁਰੂਆਤ ਮੌਕੇ ਸ੍ਰੀਮਤੀ ਹਰਪ੍ਰੀਤ ਕੌਰ ਡਾਇਰੈਕਟਰ,ਭਾਸ਼ਾ ਵਿਭਾਗ, ਹਰਭਜਨ ਕੌਰ, ਡਿਪਟੀ ਡਾਇਰੈਕਟਰ, ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਸੁਰਿੰਦਰ ਕੌਰ ਸਹਾਇਕ ਡਾਇਰੈਕਟਰ, ਗੁਰਮੀਤ ਸਿੰਘ ਹਰਪ੍ਰੀਤ ਸਿੰਘ,ਖੋਜ ਸਹਾਇਕ, ਭੁਪਿੰਦਰ ਸਿੰਘ ਸੀਨੀਅਰ ਸਹਾਇਕ ਆਦਿ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਜਗਮੇਲ ਸਿੰਘ ਦੁਆਰਾ ਮਾਂ-ਬੋਲੀ ਬਾਰੇ ਲਗਾਏ ਜਾ ਰਹੇ ਜ਼ੋਰਦਾਰ ਨਾਅਰਿਆਂ ਦਾ ਜਵਾਬ ਦਿੰਦੇ ਹੋਏ ਰੈਲੀ ਨੂੰ ਸ਼ਹਿਰ ਲਈ ਰਵਾਨਾ ਕੀਤਾ। ਇਸ ਰੈਲੀ ਦੀ ਸਫਲਤਾਪੂਰਵਕ ਸਮਾਪਤੀ ਉਪਰੰਤ ਬਾਅਦ ਦੁਪਹਿਰ ਦਫ਼ਤਰ ਵਿਖੇ ਚਲਦੀ ਉਰਦੂ ਆਮੋਜ਼ ਦੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਡਾ.ਮਨਜਿੰਦਰ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਅਤੇ ਡਾ. ਮੁਦੱਸਰ ਰਸ਼ੀਦ ਰਾਥਰ, ਉਰਦੂ ਅਧਿਆਪਕ ਵੱਲੋਂ ਸਮੂਹ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਦਿਵਸ ਦੀ ਵਧਾਈ ਦਿੱਤੀ।ਇਸ ਦੌਰਾਨ ਹਾਜ਼ਰ ਸਮੁੱਚੇ ਵਿਦਿਆਰਥੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਭਾਸ਼ਾ ਵਿਭਾਗ, ਪੰਜਾਬ ਵਿਖੇ ਇਹ ਪੂਰਾ ਦਿਨ ਮਾਤ ਭਾਸ਼ਾ ਪੰਜਾਬੀ ਦੇ ਰੰਗ ਵਿੱਚ ਰੰਗਿਆ ਰਿਹਾ।

# 187ਵਾਂ ਰਕਸ਼ਾ ਪੈਨਸ਼ਨ ਸਮਾਧਾਨ ਆਯੋਜਨ ਪਟਿਆਲਾ ਮਿਲਟਰੀ ਸਟੇਸ਼ਨ 'ਚ ਕਰਵਾਇਆ ਗਿਆ



**ਚੰਡੀਗੜ੍ਹ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਰਹਿੰਦੇ ਰੱਖਿਆ ਨਾਗਰਿਕਾਂ ਸਮੇਤ ਰੱਖਿਆ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਏਅਰਾਵਤ ਡਿਵੀਜ਼ਨ ਅਤ ਪ੍ਰਿੰਸੀਪਲ ਕੰਟਰੋਲਰ ਆਫ ਡਿਫੈਂਸ ਅਕਾਊਂਟਸ (ਪੀਸੀਡੀਏ) (ਪੈਨਸ਼ਨ), ਪ੍ਰਯਾਗਰਾਜ ਵੱਲੋਂ 21 ਅਤੇ 23 ਫਰਵਰੀ ਨੂੰ ਪਟਿਆਲਾ ਵਿਖੇ ਰਕਸ਼ਾ ਪੈਨਸ਼ਨ ਸਮਾਧਾਨ ਆਯੋਜਨ (ਆਰਪੀਐਸਏ) ਦਾ 187ਵਾਂ ਸੰਸਕਰਨ ਕਰਵਾਇਆ ਗਿਆ । ਇਸ ਸਮਾਗਮ ਦਾ ਉਦਘਾਟਨ ਲੈਫਟੀਨੈਂਟ ਜਨਰਲ ਰਾਹੁਲ ਆਰ ਸਿੰਘ, ਜਨਰਲ ਅਫਸਰ ਕਮਾਂਡਿੰਗ, ਖੜਗਾ ਕੋਰ ਦੁਆਰਾ ਕੀਤਾ ਗਿਆ ਅਤੇ 500 ਤੋਂ ਵੱਧ ਸਾਬਕਾ ਫੌਜੀਆਂ ਅਤੇ ਵੀਰ ਨਾਰੀਆਂ ਨੇ ਇਸ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ 'ਤੇ ਬੋਲਦਿਆਂ ਲੈਫਟੀਨੈਂਟ ਜਨਰਲ ਰਾਹੁਲ ਆਰ ਸਿੰਘ ਨੇ ਸਾਬਕਾ ਸੈਨਿਕਾਂ ਦੀ ਨਿਰਸਵਾਰਥ ਸੇਵਾ ਦੁਆਰਾ ਰਾਸ਼ਟਰੀ ਸੁਰੱਖਿਆ ਨੂੰ ਬਣਾਈ ਰੱਖਣ ਵਿੱਚ ਪਾਏ ਗਏ ਯੋਗਦਾਨ ਅਤੇ ਵੀਰ ਨਾਰੀਆਂ ਵੱਲੋਂ ਦੇਸ਼ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਆਰਪੀਐਸਏ ਦੀ ਇਹ ਪਹਿਲਕਦਮੀ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਬਰਕਰਾਰ ਰੱਖਣ ਲਈ ਹਥਿਆਰਬੰਦ ਬਲਾਂ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਸਾਬਕਾ ਸੈਨਿਕਾਂ ਅਤੇ ਵੀਰ ਨਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੰਚ ਦੀ ਵਰਤੋਂ ਆਪਣੇ ਸਾਰੇ ਪੈਨਸ਼ਨ ਸੰਬੰਧੀ ਮੁੱਦਿਆਂ ਅਤੇ ਹੋਰ ਲਾਭਾਂ ਦੇ ਨਿਪਟਾਰੇ ਲਈ ਕਰਨ।

ਸਮਾਗਮ ਦੌਰਾਨ ਖੜਗਾ ਕੋਰ, ਪੀਸੀਡੀਏ (ਪੀ), ਪ੍ਰਯਾਗਰਾਜ, ਜ਼ਿਲ੍ਹਾ ਸੈਨਿਕ ਬੋਰਡ, ਰੱਖਿਆ ਪੈਨਸ਼ਨ ਵੰਡ ਦਫ਼ਤਰ, ਵੈਟਰਨ ਸਹਾਇਤਾ ਕੇਂਦਰ, ਫੌਜ ਭਰਤੀ ਦਫ਼ਤਰ, ਵੱਖ-ਵੱਖ ਆਰਮੀ ਰਿਕਾਰਡ ਦਫ਼ਤਰਾਂ ਦੇ ਨੁਮਾਇੰਦਿਆਂ ਅਤੇ ਨਿੱਜੀ/ਜਨਤਕ ਖੇਤਰ ਦੇ ਬੈਂਕਾਂ ਨੇ ਸਮੂਹਿਕ ਤੌਰ 'ਤੇ ਪੈਨਸ਼ਨ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕੀਤਾ। ਭਾਗ ਲੈਣ ਵਾਲਿਆਂ ਨੇ ਮੁਫਤ ਡਾਕਟਰੀ ਜਾਂਚ ਅਤੇ ਇਲਾਜ ਸਬੰਧੀ ਸਲਾਹ ਲਈ ਵੀ ਇਸ ਫੋਰਮ ਦਾ ਲਾਭ ਉਠਾਇਆ।

ਇਹ ਦੋ-ਰੋਜ਼ਾ ਸਮਾਗਮ ਭਾਰਤੀ ਫੌਜ ਦੇ ਲੋਕਾਚਾਰ ਅਤੇ ਸਿਧਾਂਤਾਂ ਦਾ ਉਚਿਤ ਪ੍ਰਮਾਣ ਸੀ । ਇਸ ਨਾਲ ਸੇਵਾ ਕਰ ਰਹੇ ਸੈਨਿਕਾਂ ਅਤੇ ਸਾਬਕਾ ਸੈਨਿਕਾਂ ਵਿਚਕਾਰ ਇਕ ਅਟੁੱਟ ਸਬੰਧ ਮਜ਼ਬੂਤ ਹੋਇਆ।

# ਭਾਰਤੀ ਜਨਤਾ ਪਾਰਟੀ ਦੇ ਦ.ਫਤਰ ਦ.ਫਤਰ ਮੂਹਰੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ ਤੀਜੇ ਦਿਨ ਵੀ ਰਿਹਾ ਜਾਰੀ



**ਤਰਨਤਾਰਨ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਵੱਲੋਂ ਅੱਜ ਭਰਤੀ ਜਨਤਾ ਪਾਰਟੀ ਦੇ ਦਫ਼ਤਰ ਅੱਗੇ ਅੱਜ ਤੀਸਰੇ ਦਿਨ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਲਖਵਿੰਦਰ ਸਿੰਘ ਸਿੰਘਪੁਰਾ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ ਦੇ ਡਾ ਅਮੋਲਕ ਸਿੰਘ ਗੋਰਖਾ, ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ) ਪੂਰਨ ਸਿੰਘ ਮਾੜੀਮੇਘਾ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਚਮਕੌਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਮੇਹਰ ਸਿੰਘ ਸਖੀਰਾ ਨੇ ਕੀਤੀ। ਪ੍ਰੈਸ ਨਾਲ ਗੱਲਬਾਤ ਕਰਦਿਆਂ ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ ਦੇ ਸੂਬਾ ਪ੍ਰਧਾਨ ਨਿਰਵੈਲ ਸਿੰਘ ਡਾਲੇਕੇ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਦਾਈਕੇ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਗੁਰਸਾਹਿਬ ਸਿੰਘ ਡੱਲ , ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗ਼ਲ ਚੱਕ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਇੰਦਰਜੀਤ ਸਿੰਘ ਮਰਹਾਣਾ ਆਦਿ ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਜਨਤਾ ਪਾਰਟੀ ਦੀ ਕੇਂਦਰ ਦੀ ਨਰਿੰਦਰ ਮੋਦੀ ਦੀ ਸਰਕਾਰ ਖ਼ਿਲਾਫ਼ ਭਾਰਤ ਦੇ ਕਿਸਾਨ ਆਪਣੀਆਂ ਜ਼ਮੀਨਾਂ ਬਚਾਉਣ ਲਈ ਅਤੇ ਆਪਣੀਆਂ ਫਸਲਾਂ ਦੇ ਲਾਹੇਵੰਦ ਭਾਅ ਅਤੇ ਖਰੀਦ ਗਰੰਟੀ ਲਈ ਅੰਦੋਲਨ ਕਰ ਰਹੇ ਹਨ ਕੇਂਦਰ ਦੀ ਮੋਦੀ ਸਰਕਾਰ ਟਾਲ ਮਟੋਲ ਦੀ ਨੀਤੀ ਨਾਲ਼ ਆਪਣੇ ਰਾਜ ਦਾ ਸਮਾਂ ਲੰਘਾ ਰਹੀਂ ਹੈ ਅੱਜ ਦੇ ਇਸ ਰੋਸ ਪ੍ਰਦਰਸ਼ਨ ਸਮੇਂ ਕਿਸਾਨ ਅੰਦੋਲਨ ਵਿਚ ਲੜ ਰਹੇ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਕਿਸਾਨਾਂ ਅਤੇ ਆਮ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਲੋਕਾਂ ਦੀ ਲੁੱਟ ਕਰਦੀ ਰਹੀ ਹੈ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਸਬਜ਼ਬਾਗ ਦਿਖਾ ਕੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਆਪਣੇ ਵਾਅਦਿਆਂ ਤੋਂ ਮੁੱਕਰ ਕੇ ਕਿਸਾਨ ਮਾਰੂ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਜਿਸ ਦੇ ਖਿਲਾਫ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਤਰਨ ਤਾਰਨ ਦੇ ਦਫ਼ਤਰ ਅੱਗੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦਾ ਰੋਸ ਪ੍ਰਦਰਸ਼ਨ ਅੱਜ ਤੀਸਰੇ ਦਿਨ ਵੀ ਜਾਰੀ ਰਿਹਾ ਅਤੇ ਤਰਨਤਾਰਨ ਜ਼ਿਲ੍ਹੇ ਦੇ ਤਿੰਨੇ ਟੋਲ ਪਲਾਜੇ ਵੀ ਅੱਜ ਤੀਸਰੇ ਦਿਨ ਵੀ ਫ੍ਰੀ ਕੀਤੇ ਗਏ ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਦੀ ਭਾਜਪਾ ਦੀ ਸਰਕਾਰ ਕਿਸਾਨਾਂ ਨਾਲ ਕੀਤੇ ਲਿਖਤੀ ਵਾਧਿਆਂ ਨੂੰ ਪੂਰਾ ਕਰੇ ਕਿਸਾਨਾਂ ਦੀ ਅਹਿਮ ਮੰਗ ਕਿ ਕਿਸਾਨਾਂ ਦੀਆਂ ਤੇਈ ਫਸਲਾਂ ਤੇ ਸਵਾਮੀਨਾਥਨ ਦੇ ਫਾਰਮੂਲੇ 32+50 ਪ੍ਰਤੀਸ਼ਤ ਮੁਨਾਫ਼ੇ ਨਾਲ ਫਸਲਾਂ ਤੇ ਖ਼ਰੀਦ ਦੀ ਗਰੰਟੀ ਕਰੇ ਭੁਪਿੰਦਰ ਸਿੰਘ ਪੰਡੋਰੀ ਤਖ਼ਤ ਮੱਲ, ਜਸਵਿੰਦਰ ਸਿੰਘ ਕੱਦਗਿੱਲ, ਦਵਿੰਦਰ ਸੋਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਦੀਪ ਸਿੰਘ ਬੱਠੇਭੈਣੀ, ਬਲਦੇਵ ਸਿੰਘ ਧੂੰਦਾ, ਰਾਜਬੀਰ ਸਿੰਘ, ਸੁਖਦੇਵ ਸਿੰਘ ਮਾਨੋਚਾਹਲ, ਹਰਦੀਪ ਸਿੰਘ ਜੌੜਾ, ਸਤਪਾਲ ਸਿੰਘ ਨੱਥੋਕੇ, ਤਰਸੇਮ ਸਿੰਘ ਪੰਡੋਰੀ, ਗੁਰਬੀਰ ਸਿੰਘ ਜਾਮਾਰਾਏ, ਕਸ਼ਮੀਰ ਸਿੰਘ ਠੱਠੀਆਂ, ਜਰਨੈਲ ਸਿੰਘ, ਮਨਪ੍ਰੀਤ ਸਿੰਘ ਜਗਰੂਪ ਸਿੰਘ, ਨਰਿੰਦਰ ਸਿੰਘ ਬੇਦੀ, ਨਰਭਿੰਦਰ ਸਿੰਘ ਆਦਿ ਆਗੂ ਵੀ ਸ਼ਾਮਲ ਹਨ ।

# ਅੰਤਰ ਪੌਲੀਟੈਕਨਿਕ ਯੁਵਕ ਮੇਲੇ ਦੇ ਦੂਸਰੇ ਦਿਨ ਕੋਰੀਉਗਰਾ.ਫੀ ਅਤੇ ਗਿੱਧੇ ਦੀਆਂ ਹੋਈਆਂ ਪੇਸ਼ਕਾਰੀਆਂ

**ਪਟਿਆਲਾ, 23 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅੰਤਰ ਪੌਲੀਟੈਕਨਿਕ ਯੁਵਕ ਮੇਲਾ ਜੋ ਕਿ ਪੰਜਾਬ ਤਕਨੀਕੀ ਸੰਸਥਾਵਾਂ (ਖੇਡਾਂ) ਦੇ ਬੈਨਰ ਹੇਠ ਸਰਕਾਰੀ ਪੌਲੀਟੈਕਨਿਕ ਕਾਲਜ ਦੀ ਮੇਜ਼ਬਾਨੀ ਵਿੱਚ ਚੱਲ ਰਿਹਾ ਹੈ, ਵਿੱਚ ਲੋਕ ਗੀਤ, ਕੋਰੀਉਗਰਾਫ਼ੀ ਅਤੇ ਗਿੱਧਿਆਂ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ।

ਅੱਜ ਇਸ ਮੇਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ।

ਵਿਭਾਗ ਦੇ ਵਧੀਕ ਡਾਇਰੈਕਟਰ ਅਤੇ ਪੀ.ਟੀ.ਆਈ.ਐਸ. ਦੇ ਪੈਟਰਨ ਮੋਹਨਵੀਰ ਸਿੰਘ ਦੀ ਰਹਿਨੁਮਾਈ ਵਿੱਚ ਚੱਲ ਰਹੇ ਯੁਵਕ ਮੇਲੇ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਰਵਿੰਦਰ ਸਿੰਘ ਹੁੰਦਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਕਿਹਾ ਕਿ ਇਸ ਵਰ੍ਹੇ ਦਾ ਯੁਵਕ ਮੇਲਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਮਰਪਿਤ ਹੈ।

ਪੀ.ਟੀ.ਆਈ.ਐਸ. ਦੇ ਪ੍ਰਧਾਨ ਪਰਮਵੀਰ ਸਿੰਘ ਮੱਤੇਵਾਲ ਨੇ ਦੱਸਿਆ ਕਿ ਅੱਜ ਦੇ ਮੇਲੇ ਦੌਰਾਨ 25 ਤੋਂ ਵਧੇਰੇ ਕਾਲਜਾਂ ਦੇ 400 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਲੋਕ ਗੀਤ ਦੇ ਲੜਕੀਆਂ ਦੇ ਮੁਕਾਬਲੇ ਵਿੱਚ ਸਰਕਾਰੀ ਪੌਲੀਟੈਕਨਿਕ ਪਟਿਆਲਾ ਨੇ ਪਹਿਲਾ, ਦੂਜੇ ਸਥਾਨ 'ਤੇ ਸਰਕਾਰੀ ਪੌਲੀਟੈਕਨਿਕ ਲੁਧਿਆਣਾ ਤੇ ਰੂਪਨਗਰ ਅਤੇ ਤੀਜਾ ਸਥਾਨ ਸਰਕਾਰੀ ਪੌਲੀਟੈਕਨਿਕ ਕਾਲਜ ਹੁਸ਼ਿਆਰਪੁਰ ਤੇ ਸਰਕਾਰੀ ਪੌਲੀਟੈਕਨਿਕ ਕਾਲਜ ਅੰਮ੍ਰਿਤਸਰ ਨੇ ਪ੍ਰਾਪਤ ਕੀਤਾ। ਲੜਕਿਆਂ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਰਣਵਾਂ ਨੇ ਪਹਿਲਾ, ਮਾਈ ਬਧਾਨੀ ਅਤੇ ਅੰਮ੍ਰਿਤਸਰ ਨੇ ਦੂਜਾ, ਸਰਕਾਰੀ ਪੌਲੀਟੈਕਨਿਕ ਖੂਨੀਮਾਜਰਾ ਨੇ ਤੀਸਰਾ ਸਥਾਨ ਹਾਸਲ ਕੀਤਾ। ਕੋਰੀਉਗਰਾਫ਼ੀ 'ਚੋਂ ਸਰਕਾਰੀ ਪੌਲੀਟੈਕਨਿਕ ਲੁਧਿਆਣਾ ਨੇ ਪਹਿਲਾ ਸਥਾਨ, ਮੇਹਰ ਚੰਦ ਪੌਲੀਟੈਕਨਿਕ ਜਲੰਧਰ ਦੂਸਰਾ ਅਤੇ ਸਰਕਾਰੀ ਪੌਲੀਟੈਕਨਿਕ ਪਟਿਆਲਾ ਤੇ ਅੰਮ੍ਰਿਤਸਰ ਨੇ ਤੀਸਰਾ ਸਥਾਨ ਹਾਸਲ ਕੀਤਾ।

ਇਸ ਮੌਕੇ ਪ੍ਰਿੰਸੀਪਲ ਜਗਦੇਵ ਸਿੰਘ ਕਾਲੇਕਾ, ਪ੍ਰਿੰਸੀਪਲ ਸੁਰੇਸ਼ ਕੁਮਾਰ, ਪ੍ਰਿੰਸੀਪਲ ਸੰਦੀਪ ਸਿੰਗਲਾ, ਪ੍ਰਿੰਸੀਪਲ ਰਚਨਾ ਕੌਰ, ਸਾਬਕਾ ਪ੍ਰਿੰਸੀਪਲ ਯਾਦਵਿੰਦਰ ਸਿੰਘ, ਪੀ.ਟੀ.ਆਈ.ਐਸ. ਦੇ ਕੋਆਰਡੀਨੇਟਰ ਨਵਦੀਪ ਸਿੰਘ, ਹਰਜੀਤ ਪਾਲ ਸਿੰਘ, ਆਰਗੇਨਾਈਜ਼ੇਸ਼ਨ ਸਕੱਤਰ ਯਸ਼ਪਾਲ ਪਠਾਣੀਆਂ, ਰਾਮ ਸਰੂਪ ਸਕੱਤਰ ਪੀ.ਟੀ.ਆਈ. ਐਸ. ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਵਰਕਿੰਗ ਕਮੇਟੀ ਮੈਂਬਰ, ਪ੍ਰੋ. ਨਰਿੰਦਰ ਸਿੰਘ ਢੀਂਡਸਾ ਮੌਜੂਦ ਸਨ।

ਇਸ ਮੇਲੇ ਵਿੱਚ ਲੋਕ ਬੋਲੀਆਂ ਦੇ ਬਾਦਸ਼ਾਹ ਪਾਲ ਸਿੰਘ ਸਰਾਓ, ਡਾ. ਪ੍ਰਭਸ਼ਰਨ ਕੌਰ, ਹਰਦੀਪ ਗਿੱਲ (ਸ਼ਹਿਰ ਪਟਿਆਲਾ), ਹਰਜੀਤ ਗੁੱਡੂ ਨੇ ਵੀ ਖ਼ੂਬ ਰੌਣਕਾਂ ਲਾਈਆਂ। ਮੰਚ ਸੰਚਾਲਣ ਪ੍ਰੋ. ਗੁਰਬਖ਼ਸ਼ੀਸ਼ ਸਿੰਘ ਅਨਟਾਲ, ਅਮਨਪ੍ਰੀਤ ਕੌਰ, ਜਸਪ੍ਰੀਤ ਸਿੰਘ ਨੇ ਕੀਤਾ। ਕਾਲਜ ਦੇ ਪ੍ਰਧਾਨ ਵਿਦਿਆਰਥੀ ਮਾਮਲੇ ਹਰਮੇਲ ਸਿੰਘ ਚਹਿਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ ਲਏ ਗਏ ਵੱਡੇ ਫੈਸਲੇ, ਮੰਤਰੀ ਹਰਪਾਲ ਚੀਮਾ ਖੁਦ ਹੋਏ

**ਕਿਸ਼ਨ ਪਾਲ**

ਚੰਡੀਗੜ੍ਹ 23 ਫਰਵਰੀ। ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹੋਈ, ਜਿਸ ਦੌਰਾਨ ਕਈ ਵੱਡੇ ਫੈਸਲੇ ਲਏ ਗਏ। ਮੀਟਿੰਗ ਮਗਰੋਂ ਕੈਬਨਿਟ ਮੰਤਰੀ ਹਰਪਾਲ ਚੀਮਾ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਬਨਿਟ ਮੀਟਿੰਗ ਦੌਰਾਨ ਬਹੁਤ ਸਾਰੇ ਪੰਜਾਬ ਪੱਖੀ ਫੈਸਲੇ ਲਏ ਗਏ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸੁਲਤਾਨਪੁਰ ਲੋਧੀ ਵਿਖੇ ਪੰਜਾਬ ਪੁਲਸ ਦੇ ਹੋਮਗਾਰਡ ਜਸਪਾਲ ਸਿੰਘ ਦੀ ਮੌਤ ਹੋ ਗਈ ਸੀ। ਉਸ ਦੇ ਪਰਿਵਾਰ ਨੂੰ 1 ਕਰੋੜ ਰੁਪਏ ਦੀ ਮਾਲੀ ਮਦਦ ਦੇਣ ਦਾ ਐਲਾਨ ਮੀਟਿੰਗ ਦੌਰਾਨ ਕੀਤਾ ਗਿਆ ਹੈ। ਸੂਬਾ ਸਰਕਾਰ ਨੇ ਪੰਜਾਬ ਹੋਮਗਾਰਡਜ਼ ਦੇ ਇਸ ਵਲੰਟੀਅਰਾਂ ਦੀ ਕੁਰਬਾਨੀ ਨੂੰ ਵੀ ਪੁਲਸ ਅਫਸਰਾਂ, ਅਰਧ-ਸੈਨਿਕ ਬਲ ਅਤੇ ਫੌਜ ਵਿੱਚ ਸੇਵਾ ਨਿਭਾਅ ਰਹੇ ਪੰਜਾਬ ਦੇ ਵਾਸੀ ਸੈਨਿਕਾਂ ਦੇ ਬਰਾਬਰ ਦਰਜਾ ਦਿੱਤਾ ਹੈ। ਇਸ ਉਪਰਾਲੇ ਨਾਲ ਪੰਜਾਬ ਹੋਮਗਾਰਡਜ਼ ਵਲੰਟੀਅਰਾਂ ਦਾ ਮਨੋਬਲ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਉਦੋਯਗ ਨੂੰ ਪ੍ਰਫੁੱਲਿਤ ਕਰਨ ਲਈ ਐੱਮ. ਐੱਸ. ਐੱਮ. ਈ. ਵਿੰਗ ਦੀ ਸਥਾਪਨਾ ਕੀਤੀ ਗਈ ਹੈ, ਜਿੱਥੇ ਹਰ ਤਰ੍ਹਾਂ ਦੀ ਸਮੱਸਿਆ ਦਾ ਹੱਲ ਹੋਵੇਗਾ। ਹਰਪਾਲ ਚੀਮਾ ਨੇ ਕਿਹਾ ਕਿ ਸਭ ਤੋਂ ਛੋਟੇ



ਉਦਯੋਗ ਪੰਜਾਬ 'ਚ ਲੱਗ ਰਹੇ ਹਨ, ਇਸ ਦੇ ਕਾਰਨ ਹੀ ਇਹ ਫੈਸਲਾ ਲਿਆ ਗਿਆ ਹੈ। ਇਹ ਪਹਿਲ ਕਦਮੀ ਐੱਮ. ਐੱਸ. ਐੱਮ. ਈ. ਉਦਯੋਗਾਂ ਨੂੰ ਦਰਪੇਸ਼ ਵਿਭਿੰਨ ਚੁਣੌਤੀਆਂ ਨੂੰ ਹੱਲ ਕਰਨ ਅਤੇ ਪੰਜਾਬ ਨੂੰ ਇੱਕ ਬਹੁਤ ਹੀ ਜੀਵੰਤ ਅਤੇ ਗਤੀਸ਼ੀਲ ਉਦਯੋਗਿਕ ਕੇਂਦਰ ਵਿੱਚ ਬਦਲਣ ਲਈ ਸਰਕਾਰ ਦੀ ਵਚਨਬੱਧਤਾ ਵਲੋਂ ਕੀਤੀ ਗਈ ਹੈ। ਸਰਕਾਰ ਦੀ ਇਸ ਪਹਿਲ ਕਦਮੀ ਨਾਲ ਸੂਬੇ ਵਿੱਚ ਲਗਭਗ 8 ਲੱਖ ਮੌਜੂਦਾ ਅਤੇ ਨਵੇਂ ਐ ਮ . ਐ ਸ . ਐ ਮ . ਈ . ਉਦਯੋਗ ਨੂੰ ਵੱਡਾ ਲਾਭ ਮਿਲੇਗਾ। ਮੀਟਿੰਗ ਦੌਰਾਨ ਪੰਜਾਬ 'ਚ ਅਧਿਆਪਕਾਂ ਦੀ ਤਬਾਦਲਾ ਨੀਤੀ 'ਚ ਵੀ ਸੋਧ ਕੀਤੀ ਗਈ ਹੈ, ਜਿਸ ਨਾਲ ਅਧਿਆਪਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਹੜੇ ਮੁਲਾਜ਼ਮ ਕੈਂਸਰ ਮਰੀਜ਼ (ਖੁਦ, ਜੀਵਨ ਸਾਥੀ ਜਾਂ ਬੱਚੇ), ਡਾਇਲਸਿਸ (ਖੁਦ, ਜੀਵਨ ਸਾਥੀ ਜਾਂ ਬੱਚੇ), ਲਿਵਰ ਜਾਂ ਗੁਰਦਾ ਟਰਾਂਸਪਲਾਂਟ/40 ਫੀਸਦੀ ਤੋਂ ਵੱਧ ਦਿਵਿਆਂਗ, ਹੈਪੇਟਾਈਟਸ-ਬੀ, ਹੈਪੇਟਾਈਟਸ-ਸੀ, ਸਿੱਕਲ ਸੈੱਲ, ਅਨੀਮੀਆ, ਥੈਲੇਸੀਮੀਆ (ਖੁਦ ਜਾਂ ਬੱਚੇ), ਤਲਾਕਸ਼ੁਦਾ, ਜਿਨ੍ਹਾਂ ਮੁਲਾਜ਼ਮਾਂ ਦੇ ਵਿਸ਼ੇਸ਼ ਬੱਚੇ ਜਾਂ ਬੌਧਿਕ ਤੌਰ 'ਤੇ ਵਿਸ਼ੇਸ਼ ਬੱਚੇ ਹਨ, ਜੰਗੀ ਵਿਧਵਾ/ਸ਼ਹੀਦ ਦੀ ਵਿਧਵਾ/ਜੀਵਨ ਸਾਥੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸੇਵਾ ਨਿਭਾਅ ਰਹੇ ਮੁਲਾਜ਼ਮ ਦਾ ਕਿਸੇ ਹੋਰ ਸਟੇਸ਼ਨ 'ਤੇ ਤੁਰੰਤ ਜਾਣਾ ਲੋੜੀਂਦਾ ਹੋਵੇ ਅਤੇ ਬੱਚਿਆਂ ਦੀ ਉਮਰ 18 ਸਾਲ ਤੋਂ ਘੱਟ ਹੋਵੇ। ਉਹ ਅਧਿਆਪਕ ਜਿਸ ਦਾ ਜੀਵਨ ਸਾਥੀ ਹਥਿਆਰਬੰਦ ਸੈਨਾਵਾਂ ਵਿੱਚ ਸੇਵਾ ਨਿਭਾਅ ਰਿਹਾ ਹੈ ਅਤੇ ਉਸ ਦੀ ਤਾਇਨਾਤੀ ਔਖੀਆਂ ਹਾਲਤਾਂ ਵਾਲੀ ਥਾਂ 'ਤੇ ਹੋਵੇ, ਇਨ੍ਹਾਂ ਸਾਰਿਆਂ ਕੇਸਾਂ ਵਿੱਚ ਬਦਲੀਆਂ ਲਈ ਬੇਨਤੀਆਂ ਮਹੀਨੇ ਦੇ ਆਧਾਰ ਉਤੇ ਪੋਰਟਲ ਉਤੇ ਜਮ੍ਹਾਂ ਹੋਣਗੀਆਂ ਅਤੇ ਕੋਈ ਵੀ ਆਫਲਾਈਨ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਅਜਿਹੇ ਮਾਮਲਿਆਂ ਵਿੱਚ ਹੁਕਮ ਸਿੱਖਿਆ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤੇ ਜਾਣਗੇ। ਇਸ ਤੋਂ ਇਲਾਵਾ ਜੰਗੀ ਵਿਧਵਾਵਾਂ ਦੀ ਜੰਗੀ ਜਗੀਰ ਦੀ ਰਾਸ਼ੀ ਨੂੰ 10 ਹਜਾਰ ਤੋਂ ਵਧਾ 20 ਹਜਾਰ ਰੁਪਏ ਕਰ ਦਿੱਤਾ ਗਿਆ ਹੈ। ਪੰਜਾਬ 'ਚ ਪ੍ਰੋਫੈਸਰਾਂ ਦੀ ਭਰਤੀ ਲਈ ਉਮਰ 'ਚ ਛੋਟ ਦਿੱਤੀ ਗਈ ਹੈ। ਕੱਚੇ ਅਧਿਆਪਕ, ਗੈਸਟ ਫੈਕਲਟੀ ਦੀ ਭਰਤੀ ਲਈ ਉਮਰ 37 ਸਾਲ ਤੋਂ ਵਧਾ ਕੇ 45 ਸਾਲ ਕੀਤੀ ਗਈ ਹੈ। ਇਸ ਤੋਂ ਇਲਾਵਾ ਨਵੀਆਂ ਅਸਾਮੀਆਂ ਦੀ ਵੀ ਸਿਰਜਣਾ ਕੀਤੀ ਗਈ ਹੈ।

## ਸਾਲ 2024 'ਚ ਭਾਰਤ ਦੇ ਕਰਮਚਾਰੀਆਂ ਦੀ ਤਨਖਾਹ 'ਚ ਹੋਵੇਗਾ 9.5 ਫੀਸਦੀ ਦਾ ਵਾਧਾ : ਸਰਵੇ

ਨਵੀਂ ਦਿੱਲੀ 23 ਫਰਵਰੀ। ਭਾਰਤ ਵਿੱਚ ਇਸ ਸਾਲ ਕਰਮਚਾਰੀਆਂ ਦੀ ਤਨਖਾਹ ਵਿੱਚ 9.5 ਫੀਸਦੀ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਹ 2023 ਲਈ 9.7 ਫੀਸਦੀ ਦੇ ਅਸਲ ਤਨਖਾਹ ਵਾਧੇ ਤੋਂ ਥੋੜ੍ਹਾ ਘੱਟ ਹੈ। ਇਹ ਗੱਲ ਇੱਕ ਸਰਵੇਖਣ ਵਿੱਚ ਸਾਹਮਣੇ ਆਈ ਹੈ। ਗਲੋਬਲ ਪ੍ਰੋਫੈਸਨਲ ਸਰਵਿਸਿਜ ਕੰਪਨੀ ਦੇ ਸਲਾਨਾ ਸੈਲਰੀ ਗਰੋਥ ਐਂਡ ਟਰਨਓਵਰ ਸਰਵੇ 2023-24




ਭਾਰਤ ਦੇ ਅਨੁਸਾਰ, ਗਲੋਬਲ ਮਹਾਮਾਰੀ ਦੇ ਕਾਰਨ ਤਨਖਾਹ ਵਿੱਚ ਵਾਧੇ ਦੇ ਕਾਰਨ ਭਾਰਤ ਵਿੱਚ 2022 ਵਿੱਚ ਤਨਖਾਹ ਵਾਧਾ ਸਿੰਗਲ ਡਿਜਿਟ ਜਾਂ 10 ਫੀਸਦੀ ਤੋਂ ਘੱਟ ਰਿਹਾ ਹੈ। ਸਰਵੇਖਣ ਵਿੱਚ 45 ਉਦਯੋਗਾਂ ਵਿੱਚ 1,414 ਕੰਪਨੀਆਂ ਦੇ ਅੰਕੜਿਆਂ ਦਾ ਵਿਸਲੇਸਣ ਕੀਤਾ ਗਿਆ। ਭਾਰਤ ਵਿੱਚ ਏਓਨ ਵਿਖੇ ਪ੍ਰਤਿਭਾ ਹੱਲ ਦੇ ਸਹਿਭਾਗੀ ਅਤੇ ਮੁੱਖ ਵਪਾਰਕ ਅਧਿਕਾਰੀ ਰੁਪੰਕ ਚੌਧਰੀ ਨੇ ਕਿਹਾ ਕਿ ਭਾਰਤ ਦੇ ਸੰਗਠਿਤ ਖੇਤਰ ਵਿੱਚ ਉਜਰਤਾਂ ਵਿੱਚ ਅਨੁਮਾਨਤ ਵਾਧਾ ਉਭਰ ਰਹੇ ਆਰਥਿਕ ਦ੍ਰਿਸ ਦੇ ਮੱਦੇਨਜਰ ਇੱਕ ਰਣਨੀਤਕ ਸਮਾਯੋਜਨ ਦਾ ਸੰਕੇਤ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਅਤੇ ਨਿਰਮਾਣ ਵਰਗੇ ਖੇਤਰਾਂ ਦਾ ਵਿਕਾਸ ਮਜਬੂਤ ਹੈ। ਇਹ ਕੁਝ ਖੇਤਰਾਂ ਵਿੱਚ ਨਿਸਾਨਾ ਨਿਵੇਸ ਦੀ ਲੋੜ ਨੂੰ ਦਰਸਾਉਂਦਾ ਹੈ। ਭਾਰਤ ਵਿੱਚ ਭੂ-ਰਾਜਨੀਤਿਕ ਤਣਾਅ ਦੇ ਵਿਚਕਾਰ ਪ੍ਰਮੁੱਖ ਅਰਥਚਾਰਿਆਂ ਵਿੱਚ ਸਭ ਤੋਂ ਵੱਧ ਤਨਖਾਹ ਵਾਧਾ ਜਾਰੀ ਹੈ। ਇਸ ਤੋਂ ਬਾਅਦ ਬੰਗਲਾਦੇਸ ਅਤੇ ਇੰਡੋਨੇਸੀਆ ਵਿੱਚ 2024 ਵਿੱਚ ਔਸਤ ਤਨਖਾਹ ਵਾਧਾ ਕ੍ਰਮਵਾਰ 7.3 ਫੀਸਦੀ ਅਤੇ 6.5 ਫੀਸਦੀ ਰਿਹਾ। ਸਰਵੇਖਣ ਤੋਂ ਪਤਾ ਲੱਗਾ ਹੈ ਕਿ 2022 ਦੇ 21.4 ਫੀਸਦੀ ਤੋਂ ਘਟ ਕੇ 2023 ਵਿੱਚ 18.7 ਫੀਸਦੀ ਰਹਿ ਗਈ ਹੈ। ਵਿੱਤੀ ਸੰਸਥਾਵਾਂ, ਇੰਜਨੀਅਰਿੰਗ, ਆਟੋਮੋਟਿਵ ਅਤੇ ਜੀਵਨ ਵਿਗਿਆਨ ਸਭ ਤੋਂ ਵੱਧ ਤਨਖਾਹ ਵਾਧੇ ਦੀ ਪੇਸਕਸ ਕਰਨ ਦੀ ਸੰਭਾਵਨਾ ਹੈ, ਜਦੋਂ ਕਿ ਪ੍ਰਚੂਨ ਅਤੇ ਤਕਨਾਲੋਜੀ ਸਲਾਹ ਅਤੇ ਸੇਵਾਵਾਂ ਘੱਟੋ-ਘੱਟ ਉਜਰਤ ਵਾਧੇ ਦੀ ਪੇਸਕਸ ਕਰਨ ਦਾ ਅਨੁਮਾਨ ਹੈ।

## ਐੱਨ. ਆਰ. ਆਈਜ ਕਮਿਸ਼ਨ ਪੰਜਾਬ ਦਾ ਚੇਅਰਮੈਨ ਜਲਦ ਲਾਇਆ ਜਾਵੇਗਾ

ਚੰਡੀਗੜ੍ਹ 23 ਫਰਵਰੀ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਲਗਾਤਾਰ ਐੱਨ. ਆਰ. ਆਈਜ ਮਿਲਣੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ ਪਰ ਅਜਿਹੇ 'ਚ ਪੰਜਾਬ ਸਟੇਟ ਕਮਿਸ਼ਨ ਫਾਰ ਐੱਨ. ਆਰ. ਆਈਜ ਦੇ ਚੇਅਰਮੈਨ ਦਾ ਅਹੁਦਾ ਇਕ ਸਾਲ ਤੋਂ ਜ਼ਿਆਦਾ ਸਮੇਂ ਲਈ ਖਾਲੀ ਪਿਆ ਹੋਇਆ ਹੈ। ਕਮਿਸ਼ਨ ਦੇ ਚੇਅਰਮੈਨ ਅਤੇ 3 ਹੋਰ ਮੈਂਬਰਾਂ ਦਾ ਕਾਰਜਕਾਲ 6 ਫਰਵਰੀ, 2023 ਨੂੰ ਖਤਮ ਹੋ ਗਿਆ ਸੀ। ਚੌਥੇ ਮੈਂਬਰ ਹਰਦੀਪ ਸਿੰਘ ਢਿੱਲੋਂ ਦਾ ਕਾਰਜਕਾਲ 4 ਅਗਸਤ, 2023 ਨੂੰ ਖਤਮ ਹੋ ਗਿਆ ਸੀ। ਅਜਿਹੇ 'ਚ ਐੱਨ. ਆਰ. ਆਈਜ ਦੀਆਂ 1000 ਤੋਂ ਵੱਧ ਸ਼ਿਕਾਇਤਾਂ ਕਮਿਸ਼ਨ ਕੋਲ ਪੈਂਡਿੰਗ ਪਈਆਂ ਹੋਈਆਂ ਹਨ। ਜਦੋਂ ਇਸ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਕਮਿਸ਼ਨ ਦੇ ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਦੱਸ ਦੇਈਏ ਕਿ ਪੰਜਾਬ ਸਰਕਾਰ ਪਹਿਲਾਂ ਹੀ ਇਸ ਸਾਲ ਪਠਾਨਕੋਟ ਅਤੇ ਨਵਾਂਸ਼ਹਿਰ 'ਚ ਕ੍ਰਮਵਾਰ 3 ਅਤੇ 9 ਫਰਵਰੀ ਨੂੰ ਐੱਨ. ਆਰ. ਆਈ. ਮਿਲਣੀਆਂ ਕਰਵਾ ਚੁੱਕੀ ਹੈ ਅਤੇ ਹੁਣ ਐੱਨ. ਆਰ. ਆਈ. ਮਿਲਣੀਆਂ 27 ਫਰਵਰੀ ਨੂੰ ਫਿਰੋਜਪੁਰ ਅਤੇ 29 ਫਰਵਰੀ ਨੂੰ ਸੰਗਰੂਰ ਵਿਖੇ ਹੋਣੀਆਂ ਹਨ।

## 'ਅੰਦੋਲਨ 'ਚ ਸ਼ਹੀਦ ਹੋਏ ਕਿਸਾਨਾਂ ਨੂੰ ਫੌਜੀਆਂ ਦੇ ਪਰਿਵਾਰਾਂ ਜਿੰਨਾ ਮਿਲੇ ਮੁਆਵਜ਼ਾ': ਅਕਾਲੀ ਦਲ ਨੇ ਰੱਖੀ ਮੰਗ

ਚੰਡੀਗੜ੍ਹ 23 ਫਰਵਰੀ। ਸ੍ਰੋਮਣੀ ਅਕਾਲੀ ਦਲ ਨੇ ਸੰਭੂ-ਖਨੌਰੀ ਬਾਰਡਰ 'ਤੇ ਸਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਲਈ ਸੈਨਿਕਾਂ ਦੇ ਪਰਿਵਾਰਾਂ ਬਰਾਬਰ ਮੁਆਵਜੇ ਦੀ ਮੰਗ ਕਰਦਿਆਂ ਕਿਹਾ ਕਿ 'ਜੈ ਜਵਾਨ ਤੇ ਜੈ ਕਿਸਾਨ' ਦੇ ਨਾਅਰੇ ਮੁਤਾਬਕ ਅਜਿਹਾ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਦੀ ਧਰਤੀ 'ਤੇ ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਹਮਲੇ ਖ਼ਿਲਾਫ ਵੀ ਕਾਰਵਾਈ ਦੀ ਮੰਗ ਕੀਤੀ ਹੈ। ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜਦੋਂ ਅਸੀਂ ਜਵਾਨਾਂ ਤੇ ਕਿਸਾਨਾਂ ਨੂੰ ਬਰਾਬਰ ਮੰਨਦੇ ਹਾਂ ਤਾਂ ਫਿਰ ਸਾਨੂੰ ਦੋਵਾਂ ਦੇ ਪਰਿਵਾਰਾਂ ਨੂੰ ਬਰਾਬਰ ਮੁਆਵਜਾ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਆਪਣੀ ਅੱਖਾਂ ਦੀ ਰੌਸਨੀ ਗੁਆ ਲਈ ਹੈ ਤੇ ਉਨ੍ਹਾਂ ਦੇ ਸਰੀਰ 'ਤੇ ਗੰਭੀਰ ਜਖਮ ਹਨ ਜੋ ਹਰਿਆਣਾ ਪੁਲਸ ਦੀ ਫਾਇਰਿੰਗ ਦਾ ਨਤੀਜਾ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਪੰਜਾਬ ਦੇ ਕਿਸਾਨਾਂ ਨੂੰ ਗੰਭੀਰ ਜਖਮੀ ਕਰਨ ਵਾਲਿਆਂ ਖ਼ਿਲਾਫ ਕਾਨੂੰਨ ਅਨੁਸਾਰ ਕਾਰਵਾਈ ਹੋਵੇ ਅਤੇ ਕਿਸਾਨਾਂ ਦੇ ਪਰਿਵਾਰਾਂ ਨੂੰ ਵੀ ਢੁਕਵਾਂ ਮੁਆਵਜਾ ਮਿਲੇ ਜਿਨ੍ਹਾਂ ਨੇ ਤਾਜਾ ਅੰਦੋਲਨ ਵਿਚ ਜਾਨਾਂ ਗੁਆਈਆਂ ਹਨ। ਦੱਸ ਦਈਏ ਕਿ ਹੁਣ ਤਕ ਇਸ ਅੰਦੋਲਨ ਵਿਚ 3 ਕਿਸਾਨ ਆਪਣੀ ਜਾਨ ਗੁਆ ਚੁੱਕੇ ਹਨ। ਗੁਰਦਾਸਪੁਰ ਦੇ ਰਹਿਣ ਵਾਲੇ ਗਿਆਨ ਸਿੰਘ ਦੀ ਸ਼ੰਭੂ ਬਾਰਡਰ 'ਤੇ ਮੌਤ ਹੋ ਗਈ ਸੀ। ਉਸ ਤੋਂ ਬਾਅਦ ਪਟਿਆਲਾ ਦੇ ਰਹਿਣ ਵਾਲੇ ਮਨਜੀਤ ਸਿੰਘ ਦੀ ਖਨੌਰੀ ਬਾਰਡਰ 'ਤੇ ਧਰਨੇ ਦੌਰਾਨ ਸਿਹਤ ਵਿਗੜਨ ਮਗਰੋਂ ਮੌਤ ਹੋ ਗਈ ਸੀ। ਅੱਜ ਮੋਤੀ ਮਹਿਲ ਦੇ ਬਾਹਰ ਧਰਨੇ ਦੌਰਾਨ ਨਰਿੰਦਰ ਪਾਲ ਸਿੰਘ ਦੀ ਵੀ ਮੌਤ ਹੋ ਗਈ।

## ਵੇਰਕਾ ਦੇ ਦੁੱਧ 'ਚ ਕੈਮੀਕਲ ਦੀ ਮਿਲਾਵਟ, ਅਫਸਰਾਂ ਨੂੰ ਹਾਈਕੋਰਟ ਨੇ ਸੰਮਨ ਕੀਤੇ ਜਾਰੀ

**ਏਜੰਸੀਆਂ**

ਚੰਡੀਗੜ੍ਹ 23 ਫਰਵਰੀ। ਪੰਜਾਬ-ਹਰਿਆਣਾ ਹਾਈਕੋਰਟ ਨੇ ਵੇਰਕਾ ਪਲਾਂਟ 'ਤੇ ਮਿਲਾਵਟੀ ਦੁੱਧ ਸਬੰਧੀ 2015 'ਚ ਦਰਜ ਹੋਏ ਮਾਮਲੇ 'ਚ ਪੁਲਸ ਅਧਿਕਾਰੀਆਂ 'ਤੇ ਮੁਲਜਮਾਂ ਨਾਲ ਸਹਿਯੋਗ ਕਰਨ ਦੇ ਇਲਜਾਮ ਲਾਉਂਦਿਆਂ ਪੰਜਾਬ ਸਰਕਾਰ ਨੂੰ ਸਖਤ ਹੁਕਮ ਜਾਰੀ ਕੀਤੇ ਹਨ। ਹਾਈਕੋਰਟ ਨੇ ਕਿਹਾ ਕਿ ਮਿਲਾਵਟਖੋਰਾਂ ਅਤੇ ਪੁਲਸ ਦੀ ਮਿਲੀਭੁਗਤ ਬਹੁਤ ਦੁਖਦਾਈ ਹੈ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਦੀ ਸਟੇਟਸ ਰਿਪੋਰਟ ਦਾਇਰ ਕਰਨ ਅਤੇ ਮੁਲਜਮਾਂ, ਪੁਲਸ ਅਧਿਕਾਰੀਆਂ ਖ਼ਿਲਾਫ ਕੀਤੀ ਗਈ ਕਾਰਵਾਈ ਦੇ ਵੇਰਵੇ ਪੇਸ ਕਰਨ ਦੇ ਹੁਕਮ ਦਿੱਤੇ ਹਨ, ਨਾਲ ਹੀ ਵੇਰਕਾ ਦੇ ਜਨਰਲ ਮੈਨੇਜਰ ਅਤੇ ਪੰਜਾਬ ਦੇ ਪ੍ਰੌਸੀਕਿਊਸਨ ਡਾਇਰੈਕਟਰ ਨੂੰ ਅਗਲੀ ਪੇਸੀ 'ਤੇ ਹਾਜਰ ਹੋਣ ਦੇ ਹੁਕਮ ਦਿੱਤੇ ਹਨ। ਮੁਹਾਲੀ ਵਾਸੀ ਕਮਲਜੀਤ ਸਿੰਘ ਨੇ ਪਟੀਸਨ ਦਾਇਰ ਕਰਕੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਸੀ। ਸੁਣਵਾਈ ਦੌਰਾਨ ਹਾਈਕੋਰਟ ਨੂੰ ਦੱਸਿਆ ਗਿਆ ਕਿ ਪੁਲਸ ਨੇ ਮੁਹਾਲੀ ਦੇ ਵੇਰਕਾ ਮਿਲਕ ਪਲਾਂਟ 'ਚ ਦੁੱਧ 'ਚ




ਕੈਮੀਕਲ ਮਿਲਾਉਣ ਦੇ ਇਲਜਾਮ 'ਚ ਸਮਸੇਰ ਸਿੰਘ, ਬਲਦੀਪ ਸਿੰਘ, ਜਸਵੀਰ ਸਿੰਘ, ਪਵਨਦੀਪ ਸਿੰਘ, ਪਰਮਿੰਦਰ ਸਿੰਘ ਅਤੇ ਅਜਮੇਰ ਸਿੰਘ ਖ਼ਿਲਾਫ ਚਲਾਨ ਪੇਸ ਕੀਤਾ ਸੀ। 9 ਅਗਸਤ, 2019 ਨੂੰ ਐੱਸ.ਡੀ.ਜੇ.ਐੱਮ () ਖਮਾਣੋਂ ਦੀ ਅਦਾਲਤ ਨੇ ਸਾਰੇ ਮੁਲਜਮਾਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਸੀ ਕਿ ਪੁਲਸ ਨੇ ਕਾਨੂੰਨੀ ਤੌਰ 'ਤੇ ਜਰੂਰੀ ਵਿਵਸਥਾਵਾਂ ਅਨੁਸਾਰ ਕਾਰਵਾਈ ਨਹੀਂ ਕੀਤੀ ਸੀ। ਇਸ ਮਾਮਲੇ ਵਿਚ ਐੱਸ.ਡੀ.ਜੇ.ਐੱਮ () ਨੇ ਜਾਂਚ ਅਧਿਕਾਰੀ () ਦੇ ਖ਼ਿਲਾਫ ਸਖਤ ਅਨੁਸਾਸਨੀ ਕਾਰਵਾਈ ਕੀਤੀ ਅਤੇ ਜਾਂਚ ਦੇ ਨਿਰਦੇਸ ਵੀ ਦਿੱਤੇ। ਹਾਈ ਕੋਰਟ ਨੇ ਸਖਤ ਰੁਖ ਅਖਤਿਆਰ ਕਰਦਿਆਂ ਜਾਂਚ ਦੀ ਸਟੇਟਸ ਰਿਪੋਰਟ ਦਾਖਲ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਐੱਸ.ਡੀ.ਜੇ.ਐੱਮ ਦੇ ਹੁਕਮਾਂ ਅਨੁਸਾਰ ਜਾਂਚ ਅਧਿਕਾਰੀ ਵਿਰੁੱਧ ਕੀਤੀ ਗਈ ਕਾਰਵਾਈ ਦਾ ਵੇਰਵਾ ਵੀ ਪੇਸ ਕੀਤਾ ਜਾਵੇ। ਹਾਈ ਕੋਰਟ ਨੇ ਕਿਹਾ ਕਿ ਮੁਕੱਦਮੇ 'ਚ ਕਮਜੋਰ ਮੁਕੱਦਮਾ ਵੀ ਮੁਲਜਮਾਂ ਦੇ ਆਜਾਦ ਹੋਣ ਦਾ ਕਾਰਨ ਸੀ। ਅਗਲੀ ਸੁਣਵਾਈ ਮੌਕੇ ਹਾਈਕੋਰਟ ਨੇ ਪੰਜਾਬ ਦੇ ਪ੍ਰੌਸੀਕਿਊਸਨ ਡਾਇਰੈਕਟਰ ਅਤੇ ਵੇਰਕਾ ਦੇ ਮੈਨੇਜਿੰਗ ਡਾਇਰੈਕਟਰ ਨੂੰ ਪੇਸ ਹੋਣ ਦੇ ਹੁਕਮ ਦਿੱਤੇ ਹਨ।

# ਸੁਨਿਆਰੇ ਕੋਲੋਂ ਅਣਪਛਾਤਿਆਂ ਨੇ ਮੰਗੀ 10 ਲੱਖ ਰੁਪਏ ਦੀ ਫਿਰੌਤੀ

**ਏਜੰਸੀਆਂ**

ਗੁਰਦਾਸਪੁਰ 23 ਫਰਵਰੀ। ਪੁਲਸ ਥਾਣਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਸਾਹਪੁਰ ਜਾਜਨ 'ਚ ਯੁਵਰਾਜ ਜਿਊਲਰ ਦੁਕਾਨਦਾਰ ਦੀ ਬੰਦ ਦੁਕਾਨ 'ਤੇ ਗੋਲੀਆਂ ਚਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੀ ਸਾਰੀ ਵਾਰਦਾਤ ਸੀਸੀਟੀਵੀ ਕੈਮਰੇ 'ਚ ਹੋਈ ਕੈਦ ਹੋ ਗਈ। ਦੁਕਾਨਦਾਰ ਨੇ ਦੱਸਿਆ ਉਨ੍ਹਾਂ ਕੋਲੋਂ ਕੁਝ ਦਿਨਾਂ ਤੋਂ ਵਿਦੇਸ਼ੀ ਫੋਨ ਨੰਬਰ ਤੋਂ 10 ਲੱਖ ਰੁਪਏ ਦੀ ਫਿਰੌਤੀ ਮੰਗੀ ਜਾ ਰਹੀ ਸੀ, ਜਿਸ ਦੀ ਪੁਲਸ ਜਾਂਚ ਕਰ ਰਹੀ ਹੈ। ਜਾਣਕਾਰੀ ਦਿੰਦੇ ਹੋਏ ਡੇਰਾ ਬਾਬਾ ਨਾਨਕ ਦੇ ਰਹਿਣ ਵਾਲੇ ਯੁਵਰਾਜ ਜਿਊਲਰ ਦੇ ਮਾਲਕ ਯੁਵਰਾਜ ਕੁਮਾਰ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਉਸ ਨੂੰ ਵਟਸਐਪ ਕਾਲ ਰਾਹੀਂ 10 ਲੱਖ ਰੁਪਏ ਫਰੋਤੀ ਮੰਗੀ ਜਾ ਰਹੀ ਸੀ। ਫਰੌਤੀ ਨਾ ਦੇਣ 'ਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਜਿਸ ਦੀ ਕਥਿਤ ਤੌਰ 'ਤੇ ਉਕਤ ਦੁਕਾਨਦਾਰ ਵੱਲੋਂ ਰਿਕਾਰਡਿੰਗ ਵੀ ਕੀਤੀ ਗਈ ਹੈ ਅਤੇ ਤੁਰੰਤ ਉਨ੍ਹਾਂ ਵੱਲੋਂ 112 ਨੰਬਰ ਤੇ ਰਿਪੋਰਟ ਦਰਜ ਕਰਵਾਈ ਗਈ । ਉਨ੍ਹਾਂ ਦੱਸਿਆ ਕਿ ਪੁਲਸ ਨੂੰ ਰਿਪੋਰਟ ਦਰਜ ਕਰਾਉਣ ਦੇ ਬਾਵਜੂਦ ਵੀ



ਧਮਕੀ ਭਰੀ ਕਾਲਾਂ ਦਾ ਸਿਲਸਿਲਾ ਉਸੇ ਤਰ੍ਹਾਂ ਜਾਰੀ ਰਿਹਾ ਤੇ ਬੀਤੀ ਰਾਤ ਕਰੀਬ 10 ਵਜੇ ਜਦ ਉਨ੍ਹਾਂ ਦੀ ਦੁਕਾਨ ਬੰਦ ਸੀ ਤਾਂ ਦੋ ਅਣਪਛਾਤੇ ਬਾਈਕ ਸਵਾਰਾਂ ਵੱਲੋਂ ਉਹਨਾਂ ਦੀ ਬੰਦ ਦੁਕਾਨ ਦੇ ਸ਼ਟਰ 'ਤੇ ਤਿੰਨ ਰਾਊਂਡ ਫਾਇਰ ਕੀਤੇ ਗਏ। ਫਾਇਰ ਸ਼ਟਰ 'ਚੋ ਲੰਘਦੇ ਹੋਏ ਉਨ੍ਹਾਂ ਦੇ ਸੀਸੇ 'ਤੇ ਜਾ ਲੱਗੇ। ਯੁਵਰਾਜ ਨੇ ਦੱਸਿਆ ਕਿ ਉਕਤ ਹਮਲਾਵਰਾਂ ਦੀਆਂ ਤਸਵੀਰਾਂ ਦੁਕਾਨ 'ਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋਈਆਂ ਹਨ, ਜਿਸ ਵਿੱਚ ਉਹ ਗੋਲੀਆਂ ਚਲਾਉਂਦੇ ਸਾਫ ਦਿਖਾਈ ਦੇ ਰਹੇ ਹਨ। ਇਸ ਘਟਨਾ ਸਬੰਧੀ ਤੁਰੰਤ ਜਾਣਕਾਰੀ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸ. ਐੱਚ. ਓ. ਨੂੰ ਦਿੱਤੀ ਗਈ, ਜਿਨਾਂ ਵੱਲੋਂ ਮੌਕੇ 'ਤੇ ਪਹੁੰਚ ਕੇ ਹਮਲਾਵਰਾਂ ਵੱਲੋਂ ਚਲਾਏ ਗਏ ਗੋਲੀਆਂ ਦੇ ਖੋਲ ਬਰਾਮਦ ਕਰ ਲਏ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸ. ਐੱਚ. ਓ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਯੁਵਰਾਜ ਜਿਊਲਰ ਦੀ ਦੁਕਾਨ 'ਤੇ ਗੋਲੀਆਂ ਚੱਲਣ ਦਾ ਮਾਮਲਾ ਪ੍ਰਾਪਤ ਹੋਇਆ ਸੀ, ਉਸ ਨੂੰ ਲੈ ਕੇ ਵੱਖ-ਵੱਖ ਟੀਮਾਂ ਬਣਾ ਕੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰੇ ਨੂੰ ਖੰਗਾਲਿਆ ਜਾ ਰਿਹਾ ਹੈ ਤੇ ਜਲਦੀ ਹੀ ਉਕਤ ਹਮਲਾਵਰਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

## ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਆਮਦਨ ਵਿਚ ਜਨਵਰੀ ਮਹੀਨੇ ਵਿਚ 16 ਫੀਸਦੀ ਵਾਧਾ: ਜਿੰਪਾ

**ਏਜੰਸੀਆਂ**

ਚੰਡੀਗੜ੍ਹ 23 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ



ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਸਿਰਫ ਜਨਵਰੀ ਮਹੀਨੇ ਵਿਚ 16 ਫੀਸਦੀ ਤੋਂ ਜ਼ਿਆਦਾ ਆਮਦਨ ਆਈ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਜਿੰਪਾ ਨੇ ਕਿਹਾ ਕਿ ਜਨਵਰੀ 2024 ਵਿਚ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਪੰਜਾਬ ਸਰਕਾਰ ਨੂੰ 376.16 ਕਰੋੜ ਰੁਪਏ ਦੀ ਆਮਦਨ ਹੋਈ ਹੈ ਜੋ ਕਿ ਪਿਛਲੇ ਸਾਲ ਦੇ ਜਨਵਰੀ ਮਹੀਨੇ ਨਾਲੋਂ 16.83 ਫੀਸਦੀ ਜ਼ਿਆਦਾ ਹੈ। ਜਨਵਰੀ 2023 ਵਿਚ ਇਹ ਆਮਦਨ 321.96 ਕਰੋੜ ਰੁਪਏ ਸੀ। ਜਿੰਪਾ ਨੇ ਕਿਹਾ ਕਿ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਸਟੈਂਪ ਤੇ ਰਜਿਸਟਰੇਸ਼ਨ ਤਹਿਤ ਇਕ ਵੱਡੀ ਰਕਮ ਸਰਕਾਰ ਦੇ ਖਜ਼ਾਨੇ ਵਿਚ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਹੀ ਸਾਰਥਕ ਹੰਭਲੇ ਮਾਰ ਰਹੀ ਹੈ। ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਮਾਲ ਵਿਭਾਗ ਨਾਲ ਸਬੰਧਤ ਕਿਸੇ ਵੀ ਕੰਮ ਨੂੰ ਕਰਾਉਣ ਲਈ ਕਿਸੇ ਵੀ ਅਫਸਰ ਜਾਂ ਮੁਲਾਜ਼ਮ ਨੂੰ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਕੋਈ ਰਿਸ਼ਵਤ ਮੰਗਦਾ ਹੈ ਤਾਂ ਇਸ ਦੀ ਰਿਪੋਰਟ ਤੁਰੰਤ ਕੀਤੀ ਜਾਵੇ।

### ਸੰਤੁਲਨ ਵਿਗੜਨ ਕਾਰਨ ਬਿਜਲੀ ਦੇ ਖੰਭੇ ਨਾਲ ਟਕਰਾਈ ਗੱਡੀ

ਤਪਾ ਮੰਡੀ 23 ਫਰਵਰੀ। ਇੱਥੇ ਤਪਾ-ਢਿੱਲਵਾਂ ਰੋਡ ਸਥਿਤ ਗੰਦੇ ਨਾਲੇ ਕੋਲ ਅੱਜ ਸਵੇਰੇ10 ਵਜੇ ਦੇ ਕਰੀਬ ਇੱਕ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਬਿਜਲੀ ਖੰਭੇ ਨਾਲ ਟਕਰਾ ਗਈ। ਚੰਗੀ ਗੱਲ ਇਹ ਰਹੀ ਕਿ ਕੋਈ ਵੱਡਾ ਹਾਦਸਾ ਹੋਣੋਂ ਟਲ ਗਿਆ। ਮੌਕੇ 'ਤੇ ਪ੍ਰਾਪਤ ਜਾਣਕਾਰੀ ਅਨੁਸਾਰ ਚਾਲਕ ਜੀਤ ਸਿੰਘ ਸਵੇਰ ਸਮੇਂ ਢਿੱਲਵਾਂ ਰੋਡ 'ਤੇ ਇੱਕ ਡੇਰੇ 'ਚ ਨਤਮਸਤਕ ਹੋਣ ਲਈ ਜਾ ਰਿਹਾ ਸੀ। ਇਸ ਦੌਰਾਨ ਸਾਹਮਣੇ ਤੋਂ ਆਉਂਦੀ ਗੱਡੀ ਨੂੰ ਬਚਾਉਣ ਲੱਗਾ ਤਾਂ ਸੰਤੁਲਨ ਵਿਗੜਨ ਕਾਰਨ ਉਸ ਦੀ ਗੱਡੀ ਬਿਜਲੀ ਖੰਭੇ ਨਾਲ ਟਕਰਾ ਗਈ। ਇਸ ਹਾਦਸੇ ਦੌਰਾਨ ਗੱਡੀ ਦਾ ਅੱਗਲਾ ਹਿੱਸਾ ਕਾਫੀ ਨੁਕਸਾਨਿਆ ਗਿਆ ਅਤੇ ਚਾਲਕ ਵਾਲ-ਵਾਲ ਬਚ ਗਿਆ। ਚਾਲਕ ਨੇ ਤੁਰੰਤ ਅਪਣੇ ਮਾਲਕਾਂ ਨੂੰ ਸੂਚਨਾ ਦਿੱਤੀ ਗਈ।

## ਪੰਜਾਬ 'ਚ ਖਤਰਨਾਕ ਬੀਮਾਰੀ ਨੂੰ ਲੈ ਕੇ ਹੈਰਾਨ ਕਰਦੇ ਅੰਕੜੇ ਆਏ ਸਾਹਮਣੇ

ਚੰਡੀਗੜ੍ਹ 23 ਫਰਵਰੀ। ਪੰਜਾਬ 'ਚ ਪਿਛਲੇ 3 ਸਾਲਾਂ 'ਚ ਔਰਤਾਂ ਦੇ ਮੁਕਾਬਲੇ ਮਰਦ ਜ਼ਿਆਦਾ ਟੀ. ਬੀ. ਦੇ ਸ਼ਿਕਾਰ ਹੋਏ ਹਨ। ਪੰਜਾਬ ਸਿਹਤ ਵਿਭਾਗ ਅਨੁਸਾਰ 2023 'ਚ ਕੁੱਲ 54,999 ਟੀ. ਬੀ. ਦੇ ਮਾਮਲੇ ਦਰਜ ਕੀਤੇ ਗਏ। ਇਨ੍ਹਾਂ 'ਚੋਂ 31,329 ਮਰਦ ਅਤੇ 23,641 ਮਹਿਲਾ ਮਰੀਜ ਹਨ। ਇਸੇ ਤਰ੍ਹਾਂ 2022 'ਚ 54,736 ਮਾਮਲੇ ਦਰਜ ਕੀਤੇ ਗਏ । ਇਨ੍ਹਾਂ 'ਚੋਂ 31,183 ਮਰਦ ਅਤੇ 23,527 ਔਰਤਾਂ ਹਨ। ਇਸੇ ਤਰ੍ਹਾਂ 2021 'ਚ ਕੁੱਲ 50,525 ਟੀ. ਬੀ. ਦੇ ਕੇਸ ਦਰਜ ਕੀਤੇ ਗਏ। ਇਨ੍ਹਾਂ 'ਚੋਂ 28,766 ਮਰਦ ਅਤੇ 21,726 ਔਰਤਾਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸਾਡੇ ਸਮਾਜ 'ਚ ਜ਼ਿਆਦਾਤਰ ਮਰਦਾਂ ਨੂੰ ਰੋਜੀ-ਰੋਟੀ ਕਮਾਉਣ ਲਈ ਘਰ ਤੋਂ ਬਾਹਰ ਜਾਣਾ ਪੈਂਦਾ ਹੈ। ਇਸ ਲਈ ਉਹ ਬਾਹਰੀ ਸੰਪਰਕ 'ਚ ਜ਼ਿਆਦਾ ਆਉਂਦੇ ਹਨ। ਇਸ ਦੇ ਨਾਲ ਹੀ ਤੰਬਾਕੂ ਅਤੇ ਸ਼ਰਾਬ ਆਦਿ ਆਦਤਾਂ ਵਰਗੇ ਵੀ ਕੁੱਝ ਕਾਰਨ ਹਨ, ਜਿਨ੍ਹਾਂ ਕਾਰਨ ਔਰਤਾਂ ਦੇ ਮੁਕਾਬਲੇ ਮਰਦ ਟੀ. ਬੀ. ਦੇ ਜ਼ਿਆਦਾ ਸ਼ਿਕਾਰ ਹੁੰਦੇ ਹਨ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਟੀ. ਬੀ. ਦੀ ਸ਼ੁਰੂਆਤ ਮੌਕੇ ਇਲਾਜ ਸ਼ੁਰੂ ਕਰ ਦਿੱਤਾ ਜਾਵੇ ਤਾਂ ਇਸ ਨਾਲ ਦੂਜਿਆਂ ਨੂੰ ਇਨਫੈਕਸ਼ਨ ਦਾ ਖਤਰਾ ਘੱਟ ਜਾਂਦਾ ਹੈ। ਇਸ ਲਈ ਟੀ. ਬੀ. ਦੇ ਲੱਛਣਾਂ ਨੂੰ ਕਦੇ ਨਜਰ ਅੰਦਾਜ ਨਹੀਂ ਕਰਨਾ ਚਾਹੀਦਾ। ਪੰਜਾਬ 'ਚ ਟੀ. ਬੀ. ਦੀ ਰੋਕਥਾਮ ਲਈ ਸਿਹਤ ਵਿਭਾਗ ਵਲੋਂ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਕਾਰਨ ਸਿਹਤ ਵਿਭਾਗ ਵਲੋਂ ਟੈਸਟਿੰਗ ਦੁੱਗਣੀ ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ 'ਚ ਵੀ ਨਜ਼ਰ ਰੱਖੀ ਜਾ ਰਹੀ ਹੈ। ਟੈਸਟਿੰਗ ਵੱਧਣ ਨਾਲ ਸਿਹਤ ਵਿਭਾਗ ਨੂੰ ਸਾਰੇ ਇਲਾਕਿਆਂ 'ਚ ਪਹੁੰਚਣ 'ਚ ਮਦਦ ਮਿਲ ਰਹੀ ਹੈ। ਪੰਜਾਬ ਸਿਹਤ ਵਿਭਾਗ ਦੇ ਅਧਿਕਾਰੀ ਡਾ. ਰਾਜੇਸ਼ ਭਾਸਕਰ ਨੇ ਟੀ. ਬੀ. ਦੇ ਲੱਛਣਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੀ. ਬੀ. ਦੇ ਮਰੀਜ ਨੂੰ ਪਹਿਲਾਂ ਘੱਟ ਅਤੇ ਬਾਅਦ 'ਚ ਤੇਜ ਬੁਖਾਰ ਹੋਣ ਲੱਗਦਾ ਹੈ। ਇਸ ਤੋਂ ਇਲਾਵਾ ਜ਼ਿਆਦਾ ਪਸੀਨਾ ਆਉਣਾ ਵੀ ਟੀ. ਬੀ. ਦਾ ਲੱਛਣ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਟੀ. ਬੀ. ਸਭ ਤੋਂ ਵੱਧ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਵਾਰ-ਵਾਰ ਖੰਘ ਆਉਣਾ ਟੀ. ਬੀ. ਦਾ ਸ਼ੁਰੂਆਤੀ ਲੱਛਣ ਹੈ। ਇਸ ਤੋਂ ਇਲਾਵਾ ਮਰੀਜ ਨੂੰ ਥਕਾਵਟ ਜ਼ਿਆਦਾ ਮਹਿਸੂਸ ਹੁੰਦੀ ਹੈ। ਮਰੀਜਾਂ 'ਚ ਬਿਮਾਰੀ ਨਾਲ ਲੜਨ ਦੀ ਸਮਰੱਥਾ ਘੱਟ ਜਾਂਦੀ ਹੈ।

## ਭਾਰਤ ਨੇ ਰੂਸੀ ਤੇਲ ਖਰੀਦ ਕੇ ਪੱਛਮੀ ਦੇਸ਼ਾਂ ਨੂੰ 6.65 ਅਰਬ ਡਾਲਰ ਦਾ ਈਂਧਨ ਕੀਤਾ ਬਰਾਮਦ

**ਸਰਦੂਲ ਸਿੰਘ**

ਨਵੀਂ ਦਿੱਲੀ 23 ਫਰਵਰੀ। ਭਾਰਤ ਨੇ ਜੀ-7 ਦੇਸਾਂ ਨੂੰ ਜੋ ਪੈਟਰੋਲੀਅਮ ਪ੍ਰੋਡਕਟ ਵੇਚੇ ਹਨ, ਉਸ 'ਚ ਇਕ ਤਿਹਾਈ ਹਿੱਸੇਦਾਰੀ ਰੂਸ ਤੋਂ ਦਰਾਮਦ ਕੀਤੇ ਗਏ ਕੱਚੇ ਤੇਲ ਦੀ ਸੀ, ਜੋ ਭਾਰਤ ਨੇ ਸਸਤੇ ਮੁੱਲ 'ਤੇ ਖਰੀਦਿਆ ਸੀ। ਫਰਵਰੀ 2022 'ਚ ਯੂਕ੍ਰੇਨ 'ਤੇ ਰੂਸ ਦੀ ਪਹਿਲ ਤੋਂ ਬਾਅਦ ਅਮਰੀਕਾ ਦੀ ਅਗਵਾਈ 'ਚ ਪੱਛਮੀ ਦੇਸਾਂ ਨੇ ਰੂਸ ਤੋਂ ਕੱਚੇ ਤੇਲ ਦੀ ਦਰਾਮਦ 'ਤੇ ਪਾਬੰਦੀਆਂ ਲਾ ਦਿੱਤੀਆਂ ਸਨ ਪਰ ਭਾਰਤ ਨੇ ਰੂਸ ਤੋਂ ਸਸਤੇ ਭਾਅ 'ਤੇ ਕੱਚਾ ਤੇਲ ਦਰਾਮਦ ਕੀਤਾ। ਫਿਰ ਰਿਫਾਈਨਿੰਗ ਤੋਂ ਬਾਅਦ ਪੈਟਰੋਲੀਅਮ ਪਦਾਰਥ ਨੂੰ ਇਨ੍ਹਾਂ ਦੇਸਾਂ ਨੂੰ ਵੇਚਿਆ ਹੈ। ਇਕ ਯੂਰਪੀ ਥਿੰਕ ਟੈਂਕ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ। ਯੂਕ੍ਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਪੱਛਮੀ ਦੇਸਾਂ ਨੇ ਰੂਸੀ ਕੱਚੇ ਤੇਲ ਦੀ ਦਰਾਮਦ 'ਤੇ ਪਾਬੰਦੀਆਂ ਲਾ ਦਿੱਤੀਆਂ, ਜਿਸ ਤੋਂ ਬਾਅਦ ਰੂਸ ਨੇ ਭਾਰਤ ਨੂੰ ਸਸਤੇ ਮੁੱਲ 'ਤੇ ਕੱਚਾ ਤੇਲ ਵੇਚਣ ਦੀ ਪੇਸਕਸ ਕੀਤੀ ਸੀ। ਭਾਰਤ ਨੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਰੂਸ ਤੋਂ ਅੰਤਰਰਾਸਟਰੀ ਕੀਮਤਾਂ ਤੋਂ ਸਸਤੇ ਭਾਅ 'ਤੇ ਕੱਚੇ ਤੇਲ ਦੀ ਦਰਾਮਦ ਕੀਤੀ ਸੀ। ਭਾਰਤੀ ਤੇਲ ਕੰਪਨੀਆਂ ਨੇ ਰੂਸ ਤੋਂ ਦਰਾਮਦੀ ਕੱਚੇ ਤੇਲ ਦੀ ਭਾਰਤ 'ਚ ਰਿਫਾਈਨਿੰਗ ਕੀਤਾ ਅਤੇ ਬਾਅਦ 'ਚ ਇਸ ਤੋਂ ਬਣੇ ਡੀਜਲ ਨੂੰ ਜੀ-7 ਦੇਸਾਂ, ਯੂਰਪੀਅਨ ਯੂਨੀਅਨ ਅਤੇ ਆਸਟ੍ਰੇਲੀਆ ਨੂੰ ਬਰਾਮਦ ਕੀਤਾ। ਪੱਛਮੀ ਦੇਸਾਂ ਨੇ ਰੂਸ ਤੋਂ ਦਰਾਮਦ ਕੀਤੇ ਕੱਚੇ ਤੇਲ ਨੂੰ ਸੁੱਧ ਕਰਨ ਤੋਂ ਬਾਅਦ ਤਿਆਰ ਡੀਜਲ ਦੀ ਵਿਕਰੀ



'ਤੇ ਕੋਈ ਪਾਬੰਦੀ ਨਹੀਂ ਲਾਈ ਸੀ। ਇਸ ਦੇ ਨਾਲ ਹੀ ਫਿਨਲੈਂਡ ਸਥਿਤ ਖੋਜ ਸੰਸਥਾਨ 'ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ' (ਸੀ. ਆਰ. ਈ. ਏ.) ਨੇ ਇਕ ਰਿਪੋਰਟ 'ਚ ਕਿਹਾ ਹੈ ਕਿ ਭਾਰਤ ਨੇ ਰੂਸ ਤੋਂ ਦਰਾਮਦ ਕੀਤੇ ਜਾਣ ਵਾਲੇ ਕੱਚੇ ਤੇਲ ਨੂੰ ਸੁੱਧ ਕਰਨ ਤੋਂ ਬਾਅਦ ਜੀ-7 ਦੇਸਾਂ ਅਤੇ ਯੂਰਪੀ ਸੰਘ ਤੇ ਆਸਟ੍ਰੇਲੀਆ ਨੂੰ ਬਰਾਮਦ ਕੀਤੀ ਹੈ। ਸੀ. ਈ. ਆਰ. ਏ. ਨੇ ਕਿਹਾ,"ਰੂਸੀ ਤੇਲ 'ਤੇ ਪ੍ਰਾਈਸ ਕੈਪ ਲਾਏ ਜਾਣ ਤੋਂ ਬਾਅਦ ਦੇ 13 ਮਹੀਨਿਆਂ 'ਚ ਰੂਸੀ ਕੱਚੇ ਤੇਲ ਤੋਂ ਸੁੱਧ ਕੀਤੇ ਪੈਟਰੋਲੀਅਮ ਉਤਪਾਦਾਂ ਨੇ ਇਨ੍ਹਾਂ ਦੇਸਾਂ ਨੂੰ ਕੁੱਲ ਬਰਾਮਦ ਦਾ ਇਕ ਤਿਹਾਈ ਹਿੱਸਾ ਬਣਾਇਆ ਹੈ। ਇਨ੍ਹਾਂ ਦੇਸਾਂ ਨੂੰ ਭਾਰਤ ਨੇ 6.65 ਅਰਬ ਡਾਲਰ ਦੇ ਪੈਟਰੋਲੀਅਮ ਉਤਪਾਦਾਂ ਦੀ ਬਰਾਮਦ ਰੂਸੀ ਤੇਲ ਦੀ ਮਦਦ ਨਾਲ ਕੀਤੀ ਹੈ। ਰਿਪੋਰਟ ਮੁਤਾਬਕ ਪੱਛਮੀ ਦੇਸਾਂ ਨੂੰ ਭਾਰਤ ਤੋਂ ਰੂਸੀ ਤੇਲ ਤੋਂ ਬਣੇ ਪੈਟਰੋਲੀਅਮ ਪਦਾਰਥਾਂ ਦੀ ਬਰਾਮਦ 'ਚ ਇਕ ਵੱਡਾ ਹਿੱਸਾ ਜਾਮਨਗਰ ਸਥਿਤ ਰਿਲਾਇੰਸ ਰਿਫਾਇਨਰੀ ਦਾ ਰਿਹਾ ਹੈ। ਇਸ ਬਾਰੇ 'ਚ ਟਿੱਪਣੀ ਲਈ ਰਿਲਾਇੰਸ ਇੰਡਸਟਰੀਜ ਨੂੰ ਭੇਜੀ ਗਈ ਈ-ਮੇਲ ਦਾ ਕੋਈ ਜਵਾਬ ਨਹੀਂ ਆਇਆ ਹੈ। ਭਾਰਤ ਨੇ ਪਿਛਲੇ 2 ਸਾਲਾਂ 'ਚ ਰੂਸ ਤੋਂ ਵੱਡੇ ਪੱਧਰ 'ਤੇ ਕੱਚੇ ਤੇਲ ਦੀ ਦਰਾਮਦ ਕੀਤੀ ਹੈ।ਸਸਤੇ ਭਾਅ 'ਤੇ ਰੂਸੀ ਕੱਚਾ ਤੇਲ ਮਿਲਣ ਨਾਲ ਭਾਰਤ ਨੂੰ ਆਪਣੇ ਦਰਾਮਦ ਬਿੱਲ ਨੂੰ ਘਟਾਉਣ 'ਚ ਵੀ ਮਦਦ ਮਿਲੀ ਹੈ। ਸੀ. ਆਰ. ਈ. ਏ. ਮੁਤਾਬਕ ਇਨ੍ਹਾਂ ਦੇਸਾਂ ਦੇ ਪੈਟਰੋਲੀਅਮ ਪਦਾਰਥਾਂ ਦੀ ਬਰਾਮਦ ਕਰਨ ਲਈ ਭਾਰਤ ਨੇ ਰੂਸ ਤੋਂ 3.05 ਬਿਲੀਅਨ ਡਾਲਰ ਦਾ ਕੱਚਾ ਤੇਲ ਖਰੀਦਿਆ ਹੈ।

## ਏਅਰਲਾਈਨਜ ਦੀ ਪ੍ਰਮੁੱਖ ਸਪਾਈਸਜੈੱਟ ਨੇ 316 ਕਰੋੜ ਰੁਪਏ ਦੇ ਵਾਧੂ ਫੰਡ ਕੀਤੇ ਇਕੱਠੇ

ਮੁੰਬਈ 23 ਫਰਵਰੀ। ਏਅਰਲਾਈਨਜ ਦੀ ਪ੍ਰਮੁੱਖ ਸਪਾਈਸਜੈੱਟ ਨੇ 316 ਕਰੋੜ ਰੁਪਏ ਦੇ ਵਾਧੂ ਫੰਡ ਇਕੱਠੇ ਕੀਤੇ ਹਨ, ਜਿਸ ਨਾਲ ਪ੍ਰੈਫਰੈਂਸੀਅਲ ਸੇਅਰ ਇਸੂ ਰਾਹੀਂ ਉਹਨਾਂ ਦੀ ਕੁਲ ਇਕੱਠੀ ਕੀਤੀ ਧਨਰਾਸ਼ੀ 1,060 ਕਰੋੜ ਰੁਪਏ ਹੋ ਗਈ ਹੈ। ਸੰਘਰਸਸੀਲ ਏਅਰਲਾਈਨ ਵਿੱਚ ਤਾਜਾ ਪੂੰਜੀ ਨਿਵੇਸ ਹਾਲ ਹੀ ਵਿਚ ਆਪਣੇ ਕਰਮਚਾਰੀਆਂ ਵਿੱਚ 10 ਤੋਂ 15 ਫੀਸਦੀ ਦੀ ਕਟੌਤੀ ਦੇ ਐਲਾਨ ਦੇ ਵਿਚਕਾਰ ਆਇਆ ਹੈ। ਕੰਪਨੀ ਨੇ ਵੀਰਵਾਰ ਨੂੰ ਕਿਹਾ, "ਸਪਾਈਸਜੈੱਟ ਦੇ ਨਿਰਦੇਸ਼ਕ ਮੰਡਲ ਦੀ ਤਰਜੀਹੀ ਅਲਾਟਮੈਂਟ ਕਮੇਟੀ ਨੇ 21 ਫਰਵਰੀ 2024 ਨੂੰ ਏਰੀਜ ਅਪਰਚੂਨਿਟੀਜ ਫੰਡ ਲਿਮਟਿਡ ਸਮੇਤ ਦੋ ਨਿਵੇਸਕਾਂ ਨੂੰ ਤਰਜੀਹੀ ਆਧਾਰ 'ਤੇ 4.01 ਕਰੋੜ ਇਕੁਇਟੀ ਸੇਅਰਾਂ ਦੀ ਅਲਾਟਮੈਂਟ ਨੂੰ ਮਨਜੂਰੀ ਦੇ




ਦਿੱਤੀ ਹੈ।" ਸਪਾਈਸਜੈੱਟ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸਕ ਅਜੈ ਸਿੰਘ ਨੇ ਕਿਹਾ, "ਕੰਪਨੀ ਨੇ ਕੁੱਲ 1,060 ਕਰੋੜ ਰੁਪਏ ਦਾ ਨਿਵੇਸ ਕੀਤਾ ਹੈ। ਇਹ ਮਹੱਤਵਪੂਰਨ ਪੂੰਜੀ ਨਿਵੇਸ ਸਪਾਈਸਜੈੱਟ ਦੀਆਂ ਵਿਕਾਸ ਸੰਭਾਵਨਾਵਾਂ 'ਤੇ ਨਿਵੇਸਕਾਂ ਦੇ ਵਿਸਵਾਸ ਦੀ ਪੁਸਟੀ ਕਰਦਾ ਹੈ ਅਤੇ ਭਵਿੱਖ ਲਈ ਸਾਡੀ ਵਿੱਤੀ ਸਥਿਤੀ ਨੂੰ ਮਜਬੂਤ ਕਰਦਾ ਹੈ।" ਉਸਨੇ ਕਿਹਾ ਕਿ ਵਾਧੂ ਫੰਡਿੰਗ ਸਪਾਈਸਜੈੱਟ ਨੂੰ ਆਪਣੀਆਂ ਵਿਸਤਾਰ ਯੋਜਨਾਵਾਂ ਨੂੰ ਅੱਗੇ ਵਧਾਉਣ ਅਤੇ ਇਸ ਦੀਆਂ ਸੰਚਾਲਨ ਸਮਰੱਥਾਵਾਂ ਨੂੰ ਵਧਾਉਣ ਵਿੱਚ ਮਦਦ ਕਰੇਗੀ। ਜਹਾਜਾਂ ਦੇ ਫਲੀਟ ਨੂੰ ਟਰੈਕ ਕਰਨ ਵਾਲੀ ਇੱਕ ਵੈਬਸਾਈਟ, ਪਲੇਨਸਪੋਟਰ ਦੇ ਅਨੁਸਾਰ, 21 ਫਰਵਰੀ ਤੱਕ, ਏਅਰਲਾਈਨ ਦੇ 65 ਜਹਾਜਾਂ ਦੇ ਫਲੀਟ ਵਿੱਚੋਂ ਸਿਰਫ 35 ਸੇਵਾ ਵਿੱਚ ਸਨ।